Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 24 | Friday, February 04, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਲੀਡਰ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਓਟੂਲ ਨੇ ਪਾਰਟੀ ਆਗੂ ਵਜੋਂ ਦਿੱਤਾ ਅਸਤੀਫਾ, ਬਣੇ ਰਹਿਣਗੇ ਐਮਪੀ



ਓਟਵਾ, 3 ਫਰਵਰੀ (ਪੋਸਟ ਬਿਊਰੋ) : ਐਰਿਨ ਓਟੂਲ ਨੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਵਜੋਂ ਅਸਤੀਫਾ ਦੇ ਦਿੱਤਾ ਹੈ ਪਰ ਉਹ ਦਰਹਾਮ, ਓਨਟਾਰੀਓ ਤੋਂ ਮੈਂਬਰ ਪਾਰਲੀਆਮੈਂਟ ਵਜੋਂ ਕੰਮ ਕਰਦੇ ਰਹਿਣਗੇ।

ਬੁੱਧਵਾਰ ਨੂੰ ਗੁਪਤ ਢੰਗ ਨਾਲ ਕਰਵਾਈ ਗਈ ਵੋਟਿੰਗ ਵਿੱਚ ਬਹੁਗਿਣਤੀ ਕਾਕਸ ਨੇ ਓਟੂਲ ਨੂੰ ਹਟਾਉਣ ਲਈ ਵੋਟ ਕੀਤਾ। ਸਵੇਰੇ ਹੋਈ ਵਰਚੂਅਲ ਮੀਟਿੰਗ ਵਿੱਚ 118 ਵੋਟਾਂ ਪਈਆਂ, 73 ਐਮਪੀਜ਼ ਵੱਲੋਂ ਓਟੂਲ ਨੂੰ ਹਟਾਏ ਜਾਣ ਦੇ ਪੱਖ ਵਿੱਚ ਵੋਟ ਕੀਤਾ ਗਿਆ ਜਦਕਿ 45 ਐਮਪੀਜ਼ ਨੇ ਓਟੂਲ ਦੀ ਲੀਡਰਸ਼ਿਪ ਵਿੱਚ ਭਰੋਸਾ ਪ੍ਰਗਟਾਇਆ। 119 ਮੈਂਬਰੀ ਕਾਕਸ ਦੇ ਚੇਅਰ ਸਕੌਟ ਰੀਡ ਨੇ ਆਖਿਆ ਕਿ ਉਨ੍ਹਾਂ ਇਸ ਦੌਰਾਨ ਵੋਟ ਨਹੀਂ ਕੀਤਾ।

ਇਸ ਵੋਟਿੰਗ ਤੋਂ ਬਾਅਦ ਓਟੂਲ ਨੇ ਪਾਰਟੀ ਨੂੰ ਰਸਮੀ ਤੌਰ ਉੱਤੇ ਆਪਣਾ ਅਸਤੀਫਾ ਸੌਂਪ ਦਿੱਤਾ। ਉਨ੍ਹਾਂ ਦਰਹਾਮ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹ ਮੈਂਬਰ ਪਾਰਲੀਆਮੈਂਟ ਵਜੋਂ ਆਪਣੇ ਲੋਕਾਂ ਦੀ ਸੇਵਾ ਕਰਦੇ ਰਹਿਣਗੇ। ਉਨ੍ਹਾਂ ਆਪਣੀ ਪਤਨੀ ਰੈਬੈਕਾ ਤੇ ਆਪਣੇ ਬੱਚਿਆਂ ਮੌਲੀ ਤੇ ਜੈਕ ਦਾ ਸ਼ੁਕਰੀਆ ਵੀ ਅਦਾ ਕੀਤਾ। ਇਸ ਹਫਤੇ ਦੇ ਸ਼ੁਰੂ ਵਿੱਚ ਲੀਡਰਸ਼ਿਪ ਦੇ ਮੁਲਾਂਕਣ ਲਈ ਕਾਕਸ ਦੇ ਇੱਕ ਤਿਹਾਈ ਮੈਂਬਰਾਂ ਨੇ ਇੱਕ ਲੈਟਰ ਉੱਤੇ ਸਾਈਨ ਕੀਤੇ ਸਨ।

ਰਿਫੌਰਮ ਐਕਟ ਤਹਿਤ ਮਿਲੀਆਂ ਸ਼ਕਤੀਆਂ ਕਰਕੇ ਇਹ ਵੋਟਿੰਗ ਸੰਭਵ ਹੋ ਸਕੀ। ਪਾਰਟੀ ਆਗੂ ਬਣੇ ਰਹਿਣ ਲਈ ਓਟੂਲ ਨੂੰ 50 ਫੀ ਸਦੀ ਸਮਰਥਨ ਹਾਸਲ ਕਰਨ ਦੀ ਲੋੜ ਸੀ ਪਰ ਉਹ ਅਜਿਹਾ ਕਰਨ ਵਿੱਚ ਅਸਫਲ ਰਹੇ।

## ਮੁੜ ਚੁਣੇ ਜਾਣ ਉੱਤੇ ਫੋਰਡ ਸਰਕਾਰ ਨੇ ਗਿੱਗ ਤੇ ਹੌਸਪਿਟੈਲਿਟੀ ਵਰਕਰਜ਼ ਨੂੰ ਬੈਨੇਫਿਟ ਦੇਣ ਦਾ ਕੀਤਾ ਵਾਅਦਾ




ਓਨਟਾਰੀਓ, 3 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਜੇ ਉਹ ਮੁੜ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਰੀਟੇਲ, ਗਿੱਗ ਇਕੌਨਮੀ, ਹੌਸਪਿਟੈਲਿਟੀ ਤੇ ਬਿਨਾਂ ਕਵਰੇਜ ਦੇ ਵੱਖ ਵੱਖ ਨੌਕਰੀਆਂ ਕਰਨ ਵਾਲੇ ਵਰਕਰਜ਼ ਨੂੰ ਪੋਰਟੇਬਲ ਹੈਲਥ ਤੇ ਵੈੱਲਨੈੱਸ ਬੈਨੇਫਿਟ ਦੇਣਗੇ। ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ 9 ਦਸੰਬਰ ਨੂੰ ਐਲਾਨ ਕੀਤਾ ਸੀ ਕਿ ਸਰਕਾਰ ਇਸ ਤਰ੍ਹਾਂ ਦੀ ਯੋਜਨਾ ਬਣਾ ਰਹੀ ਸੀ। ਹੁਣ ਉਹ ਇਸ ਯੋਜਨਾ ਨਾਲ ਅੱਗੇ ਵਧਣਾ ਚਾਹੁੰਦੇ ਹਨ ਹਾਲਾਂਕਿ ਇਸ ਸਬੰਧੀ ਵੇਰਵੇ 2 ਜੂਨ ਨੂੰ ਹੋਣ ਵਾਲੀਆਂ ਅਗਲੀਆਂ ਪ੍ਰੋਵਿੰਸ਼ੀਅਲ ਚੋਣਾਂ ਤੋਂ ਪਹਿਲਾਂ ਹਾਸਲ ਨਹੀਂ ਹੋ ਸਕਣਗੇ।

...ਬਾਕੀ ਪੰਨਾ 6 'ਤੇ

## ਕਰਤਾਰਪੁਰ ਵਿਖੇ ਜੀਟੀਏ ਕਬੱਡੀ ਕਲੱਬ ਟਰੰਟੋ ਵਲੋਂ ਅੰਤਰਰਾਸ਼ਟਰੀ ਕਬੱਡੀ ਕੱਪ 27 ਫਰਵਰੀ ਨੂੰ


ਜੀਟੀਏ ਕਬੱਡੀ ਕਲੱਬ ਟਰੰਟੋ ਦੇ ਪ੍ਰਧਾਨ ਮੇਜਰ ਨੱਤ



ਬਿੱਲਾ ਰੰਧਾਵਾ (ਚੇਅਰਮੈਨ)



ਦਲਜੀਤ ਸਹੋਤਾ (ਖਜ਼ਾਨਚੀ)


ਕਰਮਜੀਤ ਸੁੰਨੜ

### ਕੰਵਰ ਗਰੇਵਾਲ ਲਾਉਣਗੇ ਰੌਣਕਾਂ

ਟਰੰਟੋ, 3 ਫਰਵਰੀ (ਪੋਸਟ ਬਿਊਰੋ): ਕੈਨੇਡਾ ਓਨਟਾਰੀਓ ਸੂਬੇ ਦੇ ਗਰੇਟਰ ਟਰੰਟੋ ਏਰੀਏ ਵਿਚ ਬੜੇ ਲੰਬੇ ਸਮੇਂ ਚੱਲੀ ਆ ਰਹੀ ਸਪੋਟਰਸ ਕਲੱਬ ਜੀਟੀਏ ਕਬੱਡੀ ਕਲੱਬ ਵਲੋਂ ਇਹ ਐਲਾਨ ਕੀਤਾ ਗਿਆ ਹੈ ਕਿ 27 ਫਰਵਰੀ 2022 ਨੂੰ ਪੰਜਾਬ ਵਿਚ ਕਰਤਾਰਪੁਰ ਵਿਖੇ ਅੰਤਰਰਾਸ਼ਟਰੀ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਇਸ ਕੱਪ ਵਿਚ ਐੱਮ ਐੱਲ ਕੇ ਕਬੱਡੀ ਫੈਡਰੇਸ਼ਨ ਦੀਆਂ 8 ਟੀਮਾਂ ਅਤੇ ਅੰਡਰ 21 ਦੀਆਂ 4 ਟੀਮਾਂ ਵੱਲੋਂ ਭਾਗ ਲਿਆ ਜਾਵੇਗਾ।


ਬੰਤ ਨਿੱਝਰ ਖਜੁਰਲਾ


ਸਤਨਾਮ ਸਰਾਏ


ਜਿੰਦਰ ਬੁੱਟਰ

...ਬਾਕੀ ਪੰਨਾ 6 'ਤੇ

## ਅੰਦਰ ਇਹ ਵੀ ਪੜ੍ਹੋ

ਮੁਜ਼ਾਹਰਾਕਾਰੀਆਂ ਨਾਲ ਸਿੱਝਣ ਲਈ ਆਰ ਸੀ ਐਮ ਪੀ ਮੁਹੱਈਆ ਕਰਾਵੇਗੀ ਵਾਧੂ ਮੱਦਦ


ਪੰਨਾ 04

ਕਾਂਗਰਸ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਲਈ ਚਿਹਰੇ ਦਾ ਐਲਾਨ 6 ਫਰਵਰੀ ਨੂੰ


ਪੰਨਾ 05

## ਜੀਟੀਏ ਵਿੱਚ ਮੁੜ ਬਰਫੀਲੇ ਤੂਫਾਨ ਦੀ ਸੰਭਾਵਨਾ

ਟੋਰਾਂਟੋ, 3 ਫਰਵਰੀ (ਪੋਸਟ ਬਿਊਰੋ) : ਅਜੇ ਕਈ ਸਟਰੀਟਸ ਬੀਤੇ ਦਿਨੀਂ ਹੋਈ ਬਰਫਬਾਰੀ ਤੋਂ ਹੀ ਉਭਰ ਨਹੀਂ ਪਾਈਆਂ ਤੇ ਹੁਣ ਇੱਕ ਵਾਰੀ ਫਿਰ ਆਉਣ ਵਾਲੇ ਬਰਫੀਲੇ ਤੂਫਾਨ ਕਾਰਨ ਜੀਟੀਏ ਦੇ ਕਈ ਹਿੱਸਿਆਂ ਵਿੱਚ ਅਗਲੇ ਕੁੱਝ ਦਿਨਾਂ ਤੱਕ ਮੀਂਹ ਪੈ ਸਕਦਾ ਹੈ ਜਾਂ ਬਰਫਬਾਰੀ ਹੋ ਸਕਦੀ ਹੈ। ਟੋਰਾਂਟੋ ਤੇ ਜੀਟੀਏ ਲਈ ਜਾਰੀ ਕੀਤੀ ਗਈ ਸਪੈਸ਼ਲ ਵੈਦਰ ਸਟੇਟਮੈਂਟ ਵਿੱਚ ਆਖਿਆ ਗਿਆ ਹੈ ਕਿ ਇਸ ਵਾਰੀ ਬਰਫਬਾਰੀ ਬੁੱਧਵਾਰ ਸਵੇਰ ਤੋਂ ਸ਼ੁਰੂ ਹੋ ਕੇ ਵੀਰਵਾਰ ਰਾਤ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
- Home - Auto
- Business - Trucking
- Life Insurance - Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
- Real Estate Law - Business Law
- Wills & Estates - Family Law
- Power of Attorney - Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration - Real Estate
- Family Law - Business Closing
- Corporate - Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
- Mouse & Rats - Spiders & Fleas - Bedbugs - Wasps
- Cockroaches - Carpenter Ants - Silver Fish - Racoons
Call : PARESH PATEL
(Government Approved Licensed Technician)
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਲਾਂਗ ਟਰਮ ਕੇਅਰ ਸਟਾਫ ਲਈ ਪ੍ਰੋਵਿੰਸ ਨੇ ਬੂਸਟਰ ਡੈੱਡਲਾਈਨ ਵਿੱਚ ਕੀਤਾ ਵਾਧਾ




ਓਨਟਾਰੀਓ, 3 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਲਾਂਗ ਟਰਮ ਕੇਅਰ ਵਰਕਰਜ਼ ਨੂੰ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਲਵਾਉਣ ਲਈ ਵਾਧੂ ਸਮਾਂ ਦਿੱਤਾ ਗਿਆ ਹੈ। ਇਹ ਫੈਸਲਾ ਓਮਾਈਕ੍ਰੌਨ ਵੇਰੀਐਂਟ ਕਾਰਨ ਵੱਧ ਰਹੀਆਂ ਆਊਟਬ੍ਰੇਕਸ ਤੇ ਵੈਕਸੀਨ ਕਲੀਨਿਕਸ ਤੱਕ ਪਹੁੰਚ ਸੀਮਤ ਹੋਣ ਕਾਰਨ ਕੀਤਾ ਗਿਆ ਹੈ।

ਇਸ ਸੈਕਟਰ ਨਾਲ ਜੁੜੇ ਸਟਾਫ ਨੂੰ ਨੌਕਰੀ ਵਿੱਚ ਬਣੇ ਰਹਿਣ ਲਈ ਪਹਿਲਾਂ ਸ਼ੁੱਕਰਵਾਰ ਤੱਕ ਦਾ ਸਮਾਂ ਦਿੱਤਾ ਗਿਆ ਸੀ। ਪਰ ਹੁਣ ਇਸ ਤਰੀਕ ਨੂੰ 14 ਮਾਰਚ ਤੱਕ ਵਧਾ ਦਿੱਤਾ ਗਿਆ ਹੈ। ਇਹ ਖੁਲਾਸਾ ਲਾਂਗ ਟਰਮ ਕੇਅਰ ਮੰਤਰੀ ਵੱਲੋਂ ਵੀਰਵਾਰ ਨੂੰ ਕੀਤਾ ਗਿਆ। ਵੈਨੇਸਾ ਡੀ ਮੈਟੀਸ ਨੇ ਇੱਕ ਈਮੇਲ ਵਿੱਚ ਲਿਖਿਆ ਕਿ ਇਸ ਨਾਲ ਸਟਾਫ ਦੇ ਪੱਧਰ ਨੂੰ ਮੇਨਟੇਨ ਕਰਦਿਆਂ ਹੋਇਆਂ ਤੀਜੀ ਡੋਜ਼ ਦੇਣਾ ਵੀ ਯਕੀਨੀ ਬਣਾਇਆ ਜਾ ਸਕੇਗਾ।

ਡੀ ਮੈਟੀਸ ਨੇ ਆਖਿਆ ਕਿ ਤੀਜੀ ਡੋਜ਼ ਲੈਣ ਦੇ ਯੋਗ ਲਾਂਗ ਟਰਮ ਕੇਅਰ ਸਟਾਫ ਵਿੱਚੋਂ 77 ਫੀ ਸਦੀ ਨੇ ਐਤਵਾਰ ਤੱਕ ਹੀ ਤੀਜੀ ਡੋਜ਼ ਲੈ ਲਈ ਹੈ। ਵੀਰਵਾਰ ਤੱਕ ਪ੍ਰੋਵਿੰਸ ਦੇ 56 ਫੀ ਸਦੀ ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੋਵਿਡ-19 ਆਊਟਬ੍ਰੇਕ ਹੋ ਚੁੱਕੀਆਂ ਸਨ। ਜ਼ਿਕਰਯੋਗ ਹੈ ਕਿ ਪ੍ਰੋਵਿੰਸ ਨੇ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਲਈ ਵੈਕਸੀਨ ਦੀ ਚੌਥੀ ਡੋਜ਼ ਸ਼ੁਰੂ ਕੀਤੀ ਹੈ ਤੇ ਵਰਕਰਜ਼ ਲਈ ਤੀਜੀ ਡੋਜ਼ ਲਾਜ਼ਮੀ ਕੀਤੀ ਗਈ ਹੈ।

# ਟਰੱਕਰਜ਼ ਦੇ ਰੋਸ ਮੁਜ਼ਾਹਰੇ ਨੂੰ ਖ਼ਤਮ ਕਰਨ ਲਈ ਫੈਡਰਲ ਸਰਕਾਰ ਨੂੰ ਦਖਲ ਦੇਣ ਦੀ ਮੰਗ



ਓਟਵਾ, 3 ਫਰਵਰੀ (ਪੋਸਟ ਬਿਊਰੋ) : ਟਰੱਕਰਜ਼ ਦੇ ਕਾਫਲੇ ਨੇ ਭਾਵੇਂ ਸਾਰੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਪਰ ਇਸ ਨਾਲ ਕੈਨੇਡੀਅਨਜ਼, ਖਾਸ ਤੌਰ ਉੱਤੇ ਓਟਵਾ ਵਾਸੀਆਂ ਦੀ ਜ਼ਿੰਦਗੀ ਉੱਤੇ ਕਾਫੀ ਅਸਰ ਪੈ ਰਿਹਾ ਹੈ। ਟਰੱਕਰਜ਼ ਦੇ ਇਸ ਕਾਫਲੇ ਕਾਰਨ ਆਈ ਖੜੋਤ ਨੂੰ ਖ਼ਤਮ ਕਰਨ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਫੈਡਰਲ ਸਰਕਾਰ ਨੂੰ ਦਖਲ ਦੇਣ ਦੀ ਮੰਗ ਕੀਤੀ ਜਾ ਰਹੀ ਹੈ।

ਓਟਵਾ ਵਾਸੀਆਂ ਦੀ ਨਰਾਜ਼ਗੀ ਦਾ ਸਾਹਮਣਾ ਕਰ ਰਹੇ ਸਿਟੀ ਅਧਿਕਾਰੀਆਂ ਨੇ ਇੱਕ ਬ੍ਰੀਫਿੰਗ ਦੌਰਾਨ ਆਖਿਆ ਕਿ ਇਸ ਸਥਿਤੀ ਤੋਂ ਬਾਹਰ ਨਿਕਲਣ ਲਈ ਫੈਡਰਲ ਸਰਕਾਰ ਨੂੰ ਦਖਲ ਦੇਣਾ ਚਾਹੀਦਾ ਹੈ। ਪਿਛਲੇ ਪੰਜ ਦਿਨਾਂ ਤੋਂ ਇਹ ਕਾਫਲਾ ਵੈਲਿੰਗਟਨ ਸਟਰੀਟ ਤੇ ਡਾਊਨਟਾਊਨ ਦੀਆਂ ਅਹਿਮ ਸੜਕਾਂ ਉੱਤੇ ਡੇਰਾ ਲਾਈ ਬੈਠਿਆ ਹੈ। ਬੁੱਧਵਾਰ ਨੂੰ ਓਟਵਾ ਪੁਲਿਸ ਦੇ ਕਾਰਜਕਾਰੀ ਡਿਪਟੀ ਚੀਫ ਟ੍ਰਿਸ਼ ਫਰਗੂਸਨ ਨੇ ਆਖਿਆ ਕਿ ਟਰੱਕਰਜ਼ ਦਾ ਇਹ ਗਰੁੱਪ ਬੜਾ ਹੀ ਅੜਬ ਹੈ।

ਬੁੱਧਵਾਰ ਸਵੇਰੇ ਜਾਰੀ ਕੀਤੀ ਗਈ ਇੱਕ ਪ੍ਰੈੱਸ ਰਲੀਜ਼ ਵਿੱਚ ਟਰੱਕਰ ਕੌਨਵੌਏ ਦੇ ਪ੍ਰਬੰਧਕਾਂ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਫਸੋਸ ਹੈ ਕਿ ਲੋਕਲਜ਼ ਨੂੰ ਕਾਫੀ ਪਰੇਸ਼ਾਨੀ ਹੋ ਰਹੀ ਹੈ ਪਰ ਉਹ ਵੀ ਕੁੱਝ ਨਹੀਂ ਕਰ ਸਕਦੇ ਕਿਉਂਕਿ ਇਸ ਸਥਿਤੀ ਲਈ ਜ਼ਿੰਮੇਵਾਰ ਸਿਆਸਤਦਾਨ ਉਨ੍ਹਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ ਹਨ।

# ਟਰੱਕਰਜ਼ ਦੇ ਮੁਜ਼ਾਹਰਿਆਂ ਨਾਲ ਸਬੰਧਤ ਦੋ ਵਿਅਕਤੀਆਂ ਨੂੰ ਪੁਲਿਸ ਨੇ ਕੀਤਾ ਗ੍ਰਿਫਤਾਰ

ਓਟਵਾ, 3 ਫਰਵਰੀ (ਪੋਸਟ ਬਿਊਰੋ) : ਓਟਵਾ ਵਿੱਚ ਟਰੱਕਰਜ਼ ਦੇ ਰੋਸ ਮੁਜ਼ਾਹਰੇ ਦੇ ਚੌਥੇ ਦਿਨ ਪਾਰਲੀਆਮੈਂਟ ਉੱਤੇ ਭੀੜ ਭਾਵੇਂ ਛਟਣ ਲੱਗੀ ਹੈ ਅਤੇ ਚੁਫੇਰਿਓਂ ਹੋਈ ਨਿਖੇਧੀ, ਘਰਾਂ ਨੂੰ ਮੁੜਣ ਦੇ ਸੱਦੇ ਤੇ ਗ੍ਰਿਫਤਾਰੀਆਂ ਦੇ ਬਾਵਜੂਦ ਅਜੇ ਵੀ ਕਈ ਟਰੱਕਰਜ਼ ਦਾ ਕਹਿਣਾ ਹੈ ਕਿ ਉਹ ਉਦੋਂ ਤੱਕ ਇੱਥੇ ਹੀ ਰਹਿਣਗੇ ਜਦੋਂ ਤੱਕ ਲਾਜ਼ਮੀ ਵੈਕਸੀਨੇਸ਼ਨ ਦਾ ਫੈਸਲਾ ਸਰਕਾਰ ਵੱਲੋਂ ਵਾਪਿਸ ਨਹੀਂ ਲੈ ਲਿਆ ਜਾਂਦਾ।

ਹਾਲਾਂਕਿ ਫਰੀਡਮ ਕੌਨਵੌਏ ਦੇ ਕੁੱਝ ਮੈਂਬਰ ਸ਼ੁੱਕਰਵਾਰ ਨੂੰ ਹੀ ਓਟਵਾ ਪਹੁੰਚ ਗਏ ਸਨ, ਜਿਸ ਕਾਰਨ ਇਸ ਇਲਾਕੇ ਤੇ ਨੇੜਲੇ ਏਰੀਆ ਦਾ ਟ੍ਰੈਫਿਕ ਕਾਫੀ ਪ੍ਰਭਾਵਿਤ ਹੋਇਆ। ਮੁੱਖ ਰੈਲੀ ਸ਼ਨਿੱਚਰਵਾਰ ਨੂੰ ਹਿੱਲ ਉੱਤੇ ਹੋਈ ਤੇ ਕੁੱਝ ਮੁਜ਼ਾਹਰਾਕਾਰੀਆਂ ਵੱਲੋਂ ਏਰੀਆ ਵਿੱਚ ਹੀ ਰਹਿਣ ਦਾ ਫੈਸਲਾ ਕੀਤਾ ਗਿਆ ਹੈ।

ਮੰਗਲਵਾਰ ਰਾਤ ਨੂੰ ਓਟਵਾ ਪੁਲਿਸ ਨੇ ਐਲਾਨ ਕੀਤਾ ਕਿ ਵੀਕੈਂਡ ਉੱਤੇ ਮੁਜ਼ਾਹਰੇ ਦੌਰਾਨ ਵਾਪਰੀਆਂ ਕੁੱਝ ਅਸੁਖਾਵੀਆਂ ਘਟਨਾਵਾਂ ਲਈ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਸ਼ਨਿੱਚਰਵਾਰ ਨੂੰ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੇ ਸਬੰਧ ਵਿੱਚ ਓਟਵਾ ਦੇ 29 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਗਿਆ। ਪੁਲਿਸ ਨੇ ਇਹ ਨਹੀਂ ਦੱਸਿਆ ਕਿ ਉਸ ਨੇ ਕੀ ਸ਼ਰਾਰਤ ਕੀਤੀ ਸੀ ਪਰ ਉਨ੍ਹਾਂ ਆਖਿਆ ਕਿ ਵੱਡੇ ਵਿਰੋਧ ਤੋਂ ਬਚਣ ਲਈ ਇਸ ਵਿਅਕਤੀ ਨੂੰ ਥੋੜ੍ਹਾ ਦੇਰੀ ਨਾਲ ਗ੍ਰਿਫਤਾਰ ਕੀਤਾ ਗਿਆ।

ਐਤਵਾਰ ਨੂੰ ਓਟਵਾ ਦੇ 37 ਸਾਲਾ ਵਿਅਕਤੀ ਨੂੰ ਪਬਲਿਕ ਮੀਟਿੰਗ ਵਿੱਚ ਹਥਿਆਰ ਲਿਆਉਣ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ। ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਕਿ ਹਥਿਆਰ ਕਿਹੜਾ ਸੀ। ਓਟਵਾ ਪੁਲਿਸ ਨੇ ਇਹ ਵੀ ਦੱਸਿਆ ਕਿ ਇਸ ਦੌਰਾਨ 13 ਮਾਮਲਿਆਂ ਦੀ ਜਾਂਚ ਚੱਲ ਰਹੀ ਹੈ।

# ਅੰਤਰਿਮ ਆਗੂ ਵਜੋਂ ਕੰਜ਼ਰਵੇਟਿਵਾਂ ਨੇ ਕੈਂਡਿਸ ਬਰਗਨ ਦੀ ਕੀਤੀ ਚੋਣ



ਓਟਵਾ, 3 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਕਰਵਾਈ ਗਈ ਪ੍ਰਾਈਵੇਟ ਵੋਟਿੰਗ ਵਿੱਚ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਨੇ ਕੈਂਡਿਸ ਬਰਗਨ ਨੂੰ ਆਪਣਾ ਅੰਤਰਿਮ ਆਗੂ ਚੁਣ ਲਿਆ।

ਇਸ ਤੋਂ ਪਹਿਲਾਂ ਪਾਰਟੀ ਦੇ 73 ਐਮਪੀਜ਼ ਵੱਲੋਂ ਐਰਿਨ ਓਟੂਲ ਨੂੰ ਪਾਰਟੀ ਦੀ ਲੀਡਰਸ਼ਿਪ ਤੋਂ ਬਾਹਰ ਕਰਨ ਲਈ ਕੀਤੀ ਗਈ ਵੋਟਿੰਗ ਤੋਂ ਬਾਅਦ ਹੀ ਇਹ ਫੈਸਲਾ ਲਿਆ ਗਿਆ। ਓਟੂਲ ਨੂੰ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਕਈ ਲੋਕਾਂ ਨੇ ਪਾਰਟੀ ਦੇ ਅੰਤਰਿਮ ਆਗੂ ਬਣਨ ਲਈ ਆਪਣੇ ਨਾਂਵਾਂ ਦੀ ਪੇਸ਼ਕਸ਼ ਕੀਤੀ।

ਸਾਰਨੀਆ-ਲੈਂਬਟਨ ਤੋਂ ਕੰਜ਼ਰਵੇਟਿਵ ਐਮਪੀ ਮੈਰੀਲਿਨ ਗਲੇਡੂ, ਨਿਊ ਬਰੰਜ਼ਵਿਕ ਸਾਊਥਵੈਸਟ ਤੋਂ ਐਮਪੀ ਜੌਹਨ ਵਿਲੀਅਮਸਨ, ਨਿਊ ਬਰੰਜ਼ਵਿਕ ਦੇ ਫੰਡੀ ਰੌਇਲ ਹਲਕੇ ਤੋਂ ਐਮਪੀ ਰੌਬ ਮੂਰ ਨੇ ਵੀ ਅੰਤਰਿਮ ਆਗੂ ਬਣਨ ਲਈ ਆਪਣੇ ਨਾਂਵਾਂ ਦੀ ਪੇਸ਼ਕਸ਼ ਕੀਤੀ। ਪਰ ਇਹ ਵੇਖਣ ਵਿੱਚ ਆਇਆ ਕਿ ਕਈ ਹਾਈ ਪ੍ਰੋਫਾਈਲ ਕੰਜ਼ਰਵੇਟਿਵਜ਼ ਨੇ ਫੈਡਰਲ ਲੀਡਰਸ਼ਿਪ ਵਿੱਚ ਕੋਈ ਦਿਲਚਸਪੀ ਨਹੀਂ ਵਿਖਾਈ।

ਸਾਬਕਾ ਅੰਤਰਿਮ ਆਗੂ ਰੋਨਾ ਐਂਬਰੋਸ ਨੇ ਆਖਿਆ ਕਿ ਉਹ ਲੀਡਰ ਵਜੋਂ ਇੱਕ ਵਾਰੀ ਮੁੜ ਦੌੜ ਵਿੱਚ ਸ਼ਾਮਲ ਹੋਣ ਲਈ ਤਿਆਰ ਨਹੀਂ ਹੈ। ਇਸ ਤੋਂ ਪਹਿਲਾਂ ਇਸ ਹਫਤੇ ਦੇ ਸ਼ੁਰੂ ਵਿੱਚ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੇ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਆਖਿਆ ਸੀ ਕਿ ਉਨ੍ਹਾਂ ਨੂੰ ਫੈਡਰਲ ਲੀਡਰਸ਼ਿਪ ਵਿੱਚ ਕੋਈ ਦਿਲਚਸਪੀ ਨਹੀਂ ਤੇ ਉਹ ਆਪੋ ਆਪਣੀ ਪ੍ਰੋਵਿੰਸ ਉੱਤੇ ਹੀ ਧਿਆਨ ਕੇਂਦਰਿਤ ਕਰਨਾ ਚਾਹੁੰਦੇ ਹਨ।

# ਗੋਲੀ ਮਾਰ ਕੇ ਮਹਿਲਾ ਦਾ ਕੀਤਾ ਗਿਆ ਕਤਲ



ਮਿਸੀਸਾਗਾ, 2 ਫਰਵਰੀ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਮੰਗਲਵਾਰ ਰਾਤ ਨੂੰ ਮਿਸੀਸਾਗਾ ਵਿੱਚ ਇੱਕ ਮਹਿਲਾ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਇਹ ਘਟਨਾ ਰਾਤੀਂ 9:00 ਵਜੇ ਡਾਰਸਲ ਐਵਨਿਊ ਤੇ ਐਟੂਡ ਡਰਾਈਵ ਇਲਾਕੇ ਵਿੱਚ ਇੱਕ ਰਿਹਾਇਸ਼ੀ ਇਮਾਰਤ ਦੀ ਤੀਜੀ ਮੰਜ਼ਿਲ ਉੱਤੇ ਵਾਪਰੀ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ। ਇਸ ਸਬੰਧ ਵਿੱਚ ਹਰ ਵੇਰਵੇ ਹਾਸਲ ਨਹੀਂ ਹੋ ਸਕੇ।

# ਜੀਟੀਏ ਵਿੱਚ ਮੁੜ ਬਰਫੀਲੇ ਤੂਫਾਨ ਦੀ ਸੰਭਾਵਨਾ




ਟੋਰਾਂਟੋ, 3 ਫਰਵਰੀ (ਪੋਸਟ ਬਿਊਰੋ) : ਅਜੇ ਕਈ ਸਟਰੀਟਸ ਬੀਤੇ ਦਿਨੀਂ ਹੋਈ ਬਰਫਬਾਰੀ ਤੋਂ ਹੀ ਉਭਰ ਨਹੀਂ ਪਾਈਆਂ ਤੇ ਹੁਣ ਇੱਕ ਵਾਰੀ ਫਿਰ ਆਉਣ ਵਾਲੇ ਬਰਫੀਲੇ ਤੂਫਾਨ ਕਾਰਨ ਜੀਟੀਏ ਦੇ ਕਈ ਹਿੱਸਿਆਂ ਵਿੱਚ ਅਗਲੇ ਕੁੱਝ ਦਿਨਾਂ ਤੱਕ ਮੀਂਹ ਪੈ ਸਕਦਾ ਹੈ ਜਾਂ ਬਰਫਬਾਰੀ ਹੋ ਸਕਦੀ ਹੈ।

ਟੋਰਾਂਟੋ ਤੇ ਜੀਟੀਏ ਲਈ ਜਾਰੀ ਕੀਤੀ ਗਈ ਸਪੈਸ਼ਲ ਵੈਦਰ ਸਟੇਟਮੈਂਟ ਵਿੱਚ ਆਖਿਆ ਗਿਆ ਹੈ ਕਿ ਇਸ ਵਾਰੀ ਬਰਫਬਾਰੀ ਬੁੱਧਵਾਰ ਸਵੇਰ ਤੋਂ ਸ਼ੁਰੂ ਹੋ ਕੇ ਵੀਰਵਾਰ ਰਾਤ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਐਨਵਾਇਰਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਮੀਂਹ ਦੀਆਂ ਬੁਛਾਰਾਂ ਬੁੱਧਵਾਰ ਸਵੇਰੇ ਬਰਫਬਾਰੀ ਵਿੱਚ ਤਬਦੀਲ ਹੋਣ ਦੀ ਸੰਭਾਵਨਾ ਹੈ। ਇਹ ਵੀ ਆਖਿਆ ਗਿਆ ਹੈ ਕਿ ਆਉਣ ਵਾਲੇ ਦੋ ਦਿਨਾਂ ਵਿੱਚ 10 ਤੋਂ 20 ਸੈਂਟੀਮੀਟਰ ਬਰਫਬਾਰੀ ਹੋ ਸਕਦੀ ਹੈ। ਇਸ ਬਰਫੀਲੇ ਤੂਫਾਨ ਦੀ ਚੇਤਾਵਨੀ ਹੈਮਿਲਟਨ ਤੇ ਟੋਰਾਂਟੋ ਦੇ ਦੱਖਣਪੱਛਮੀ ਇਲਾਕੇ ਲਈ ਵੀ ਜਾਰੀ ਕੀਤੀ ਗਈ ਹੈ ਤੇ ਸ਼ੁੱਕਰਵਾਰ ਤੱਕ ਇੱਥੇ 30 ਸੈਂਟੀਮੀਟਰ ਤੱਕ ਬਰਫਬਾਰੀ ਦੀ ਪੇਸ਼ੀਨਿਗੋਈ ਕੀਤੀ ਗਈ ਹੈ।

ਇਸ ਮੌਸਮ ਸਬੰਧੀ ਬਿਆਨ ਵਿੱਚ ਆਖਿਆ ਗਿਆ ਹੈ ਕਿ ਮੋਟਰਿਸਟਸ ਨੂੰ ਖਰਾਬ ਮੌਸਮ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਉਸ ਹਿਸਾਬ ਨਾਲ ਹੀ ਟਰੈਵਲ ਸਬੰਧੀ ਪਲੈਨ ਬਣਾਉਣ ਦੀ ਅਪੀਲ ਵੀ ਕੀਤੀ ਗਈ ਹੈ। ਬੁੱਧਵਾਰ ਅਤੇ ਵੀਰਵਾਰ ਰਾਤ ਨੂੰ ਵੀ ਬਰਫਬਾਰੀ ਜਾਰੀ ਰਹਿਣ ਦੀ ਸੰਭਾਵਨਾ ਹੈ।

# ਯੂਕਰੇਨ ਸਥਿਤ ਅੰਬੈਸੀ ਤੋਂ ਹੋਰ ਸਟਾਫ ਨੂੰ ਵਾਪਿਸ ਸੱਦੇਗਾ ਕੈਨੇਡਾ



ਓਟਵਾ, 3 ਫਰਵਰੀ (ਪੋਸਟ ਬਿਊਰੋ) : ਕੈਨੇਡੀਅਨ ਸਰਕਾਰ ਵੱਲੋਂ ਯੂਕਰੇਨ ਸਥਿਤ ਕੈਨੇਡੀਅਨ ਅੰਬੈਸੀ ਤੋਂ ਆਪਣੇ ਹੋਰ ਗੈਰ ਜ਼ਰੂਰੀ ਸਟਾਫ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਾਪਿਸ ਸੱਦਣ ਦਾ ਫੈਸਲਾ ਕੀਤਾ ਗਿਆ ਹੈ।

ਐਤਵਾਰ ਨੂੰ ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਇਹ ਐਲਾਨ ਕਰਦਿਆਂ ਹੋਇਆਂ ਆਖਿਆ ਗਿਆ ਕਿ ਉਨ੍ਹਾਂ ਦੀ ਮੁੱਖ ਤਰਜੀਹ ਕੈਨੇਡੀਅਨ ਨਾਗਰਿਕਾਂ ਦੀ ਸੇਫਟੀ ਤੇ ਸਕਿਊਰਿਟੀ ਹੈ। ਹਾਲ ਦੀ ਘੜੀ ਅੰਬੈਸੀ ਖੁੱਲ੍ਹੀ ਰਹੇਗੀ ਤੇ ਅਧਿਕਾਰੀ ਕਾਊਂਸਲਰ ਮਦਦ ਮੁਹੱਈਆ ਕਰਵਾਉਂਦੇ ਰਹਿਣਗੇ।

25 ਜਨਵਰੀ ਨੂੰ ਸਰਕਾਰ ਨੇ ਆਖਿਆ ਸੀ ਕਿ ਉਹ ਅੰਬੈਸੀ ਦੇ ਅਮਲੇ ਦੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਆਰਜ਼ੀ ਤੌਰ ਉੱਤੇ ਵਾਪਿਸ ਸੱਦ ਲੈਣਗੇ। ਰੂਸ ਵੱਲੋਂ ਯੂਕਰੇਨ ਉੱਤੇ ਚੜ੍ਹਾਈ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਹੋਰ ਮੁਲਕ ਵੀ ਅੰਬੈਸੀ ਤੇ ਡਿਪਲੋਮੈਟਿਕ ਸਟਾਫ ਨੂੰ ਉੱਥੋਂ ਕੱਢ ਰਹੇ ਹਨ।

# ਅਹਿਮ ਬਿਲ ਪਾਸ ਕਰਵਾਉਣ ਲਈ ਲਿਬਰਲਾਂ ਨੂੰ ਐਨਡੀਪੀ ਤੇ ਬਲਾਕ ਤੋਂ ਮੱਦਦ ਦੀ ਉਮੀਦ : ਟਰੂਡੋ



ਓਟਵਾ, 3 ਫਰਵਰੀ (ਪੋਸਟ ਬਿਊਰੋ) : ਘੱਟ ਗਿਣਤੀ ਲਿਬਰਲ ਸਰਕਾਰ ਦੇ ਕਈ ਫੈਸਲਿਆਂ ਨੂੰ ਸਿਰੇ ਚੜ੍ਹਾਉਣ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਬਲਾਕ ਕਿਊਬਿਕੁਆ ਤੇ ਐਨਡੀਪੀ ਤੋਂ ਮਦਦ ਦੀ ਉਮੀਦ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਕੰਜ਼ਰਵੇਟਿਵਾਂ ਵੱਲੋਂ ਅੜਾਏ ਜਾਣ ਵਾਲੇ ਅੜਿੱਕਿਆਂ ਤੋਂ ਵੀ ਟਰੂਡੋ ਦੋਵਾਂ ਵਿਰੋਧੀ ਧਿਰਾਂ ਦਾ ਸਾਥ ਹਾਸਲ ਕਰਕੇ ਬਚਣਾ ਚਾਹੁੰਦੇ ਹਨ।

ਛੇ ਹਫਤਿਆਂ ਦੀਆਂ ਛੁੱਟੀਆਂ ਤੋਂ ਬਾਅਦ ਸੋਮਵਾਰ ਨੂੰ ਪਾਰਲੀਆਮੈਂਟ ਦੀ ਕਾਰਵਾਈ ਮੁੜ ਸ਼ੁਰੂ ਹੋਣ ਤੋਂ ਠੀਕ ਪਹਿਲਾਂ ਇੱਕ ਇੰਟਰਵਿਊ ਵਿੱਚ ਟਰੂਡੋ ਨੇ ਇਹ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਵਿਚਾਰਧਾਰਾ ਨਾਲ ਥੋੜ੍ਹਾ ਬਹੁਤ ਇਤਫਾਕ ਰੱਖਣ ਵਾਲੀਆਂ ਪਾਰਟੀਆਂ ਕਿਸੇ ਵੀ ਬਿੱਲ ਉੱਤੇ ਬਹਿਸ ਦੇ ਸਮੇਂ ਨੂੰ ਘਟਾਉਣ ਵਿੱਚ ਮਦਦ ਕਰਨ ਤੇ ਜਲਦ ਤੋਂ ਜਲਦ ਬਿੱਲਾਂ ਬਾਰੇ ਵੋਟ ਕਰਕੇ ਉਨ੍ਹਾਂ ਨੂੰ ਅਮਲ ਵਿੱਚ ਲਿਆਉਣ ਦੀ ਕਾਰਵਾਈ ਨੂੰ ਅੱਗੇ ਤੋਰਨ ਵਿੱਚ ਮਦਦ ਕਰਨ।

ਉਨ੍ਹਾਂ ਆਖਿਆ ਕਿ ਅਸੀਂ ਪਹਿਲਾਂ ਵੀ ਵੇਖ ਚੁੱਕੇ ਹਾਂ ਕਿ ਕੰਜ਼ਰਵੇਟਿਵਜ਼ ਵੰਡੀਆਂ ਪਾਉਣ ਵਾਲੀਆਂ ਖੇਡਾਂ ਖੇਡਣ ਤੋਂ ਬਾਜ਼ ਨਹੀਂ ਆਉਂਦੇ ਤੇ ਫਿਰ ਭਾਵੇਂ ਉਸ ਦੇ ਕਿਹੋ ਜਿਹੇ ਵੀ ਸਿੱਟੇ ਨਿਕਲਣ ਤੇ ਕੈਨੇਡੀਅਨਜ਼ ਨੂੰ ਉਨ੍ਹਾਂ ਦਾ ਕਿੰਨਾਂ ਨੁਕਸਾਨ ਹੋਵੇ। ਉਨ੍ਹਾਂ ਨੂੰ ਕੈਨੇਡੀਅਨਜ਼ ਨਾਲੋਂ ਆਪਣੇ ਹਿਤ ਪਿਆਰੇ ਹਨ। ਟਰੂਡੋ ਵੱਲੋਂ ਇਹ ਟਿੱਪਣੀਆਂ ਪਾਰਲੀਆਮੈਂਟ ਹਿੱਲ ਦਾ ਘਿਰਾਓ ਕਰਨ ਪਹੁੰਚੇ ਹਜ਼ਾਰਾਂ ਮੁਜ਼ਾਹਰਾਕਾਰੀਆਂ ਤੋਂ ਪਹਿਲਾਂ ਕੀਤੀਆਂ ਗਈਆਂ। ਇਹ ਮੁਜ਼ਾਹਰਾਕਾਰੀ, ਜਿਨ੍ਹਾਂ ਵਿੱਚੋਂ ਬਹੁਤੇ ਟਰੱਕਰਜ਼ ਹਨ, ਕੋਵਿਡ-19 ਮਹਾਂਮਾਰੀ ਦੌਰਾਨ ਵੈਕਸੀਨ ਨੂੰ ਲਾਜ਼ਮੀ ਕੀਤੇ ਜਾਣ ਤੇ ਸਿਹਤ ਸਬੰਧੀ ਹੋਰ ਪਾਬੰਦੀਆਂ ਦੇ ਖਿਲਾਫ ਰੋਸ ਪ੍ਰਗਟਾਉਣ ਲਈ ਇੱਥੇ ਪਹੁੰਚੇ ਹੋਏ ਹਨ।

ਟਰੂਡੋ ਨੇ ਵੀਕੈਂਡ ਉੱਤੇ ਹੋਏ ਇਨ੍ਹਾਂ ਮੁਜ਼ਾਹਰਿਆਂ ਖਿਲਾਫ ਟਿੱਪਣੀਆਂ ਨਹੀਂ ਕੀਤੀਆਂ ਪਰ ਉਨ੍ਹਾਂ ਇਹ ਜ਼ਰੂਰ ਆਖਿਆ ਕਿ ਇਨ੍ਹਾਂ ਰੋਸ ਮੁਜ਼ਾਹਰਿਆਂ ਵਿੱਚ ਹਿੱਸਾ ਲੈਣ ਵਾਲਿਆਂ ਦੇ ਵਿਚਾਰਾਂ ਨਾਲ ਬਹੁਗਿਣਤੀ ਕੈਨੇਡੀਅਨਜ਼ ਸਹਿਮਤ ਨਹੀਂ ਹਨ।

# ਵਿਦਿਆਰਥੀਆਂ ਲਈ ਮੈਡੀਕਲ ਮਾਸਕਸ ਉੱਤੇ 2 ਮਿਲੀਅਨ ਡਾਲਰ ਖਰਚ ਕਰੇਗੀ ਟੀਡੀਐਸਬੀ



ਟੋਰਾਂਟੋ, 3 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ (ਟੀਡੀਐਸਬੀ) ਦਾ ਕਹਿਣਾ ਹੈ ਕਿ ਉਹ ਆਪਣੇ ਸਾਰੇ ਵਿਦਿਆਰਥੀਆਂ ਨੂੰ ਮੈਡੀਕਲ ਗ੍ਰੇਡ ਮਾਸਕਸ ਮੁਹੱਈਆ ਕਰਾਵੇਗਾ।

ਬੁੱਧਵਾਰ ਰਾਤ ਨੂੰ ਨਿਯਮਿਤ ਤੌਰ ਉੱਤੇ ਹੋਣ ਵਾਲੀ ਬੋਰਡ ਦੀ ਮੀਟਿੰਗ ਦੌਰਾਨ ਟਰੱਸਟੀਜ਼ ਵੱਲੋਂ ਆਪਣੇ ਸਾਰੇ ਸਕੂਲਾਂ ਵਿੱਚ ਲੈਵਲ 3 ਮੈਡੀਕਲ ਗ੍ਰੇਡ ਮਾਸਕਸ ਖਰੀਦਣ ਲਈ ਮਤੇ ਨੂੰ ਮਨਜ਼ੂਰੀ ਦਿੱਤੀ ਗਈ। ਟੀਡੀਐਸਬੀ ਦੇ ਚੇਅਰ ਅਲੈਗਜ਼ੈਂਡਰ ਬ੍ਰਾਊਨ ਨੇ ਆਖਿਆ ਕਿ ਕਈ ਪਰਿਵਾਰਾਂ ਲਈ ਇਹ ਮੈਡੀਕਲ ਮਾਸਕਸ ਮਹਿੰਗੇ ਹੋ ਸਕਦੇ ਹਨ। ਮੈਡੀਕਲ ਮਾਸਕਸ ਮੁਹੱਈਆ ਕਰਵਾਉਣ ਨਾਲ ਟੀਡੀਐਸਬੀ ਇਹ ਯਕੀਨੀ ਬਣਾਵੇਗੀ ਸਾਰੇ ਵਿਦਿਆਰਥੀਆਂ ਨੂੰ ਉੱਚ ਕੁਆਲਿਟੀ ਪੀਪੀਈ ਤੱਕ ਪਹੁੰਚ ਹੋਵੇ ਤੇ ਕੋਵਿਡ-19 ਤੋਂ ਬਚਾਅ ਲਈ ਸਾਧਨ ਉਪਲਬਧ ਹੋਣ।

ਬੋਰਡ ਨੇ ਆਖਿਆ ਕਿ ਜਿਵੇਂ ਕਿ ਟੀਡੀਐਸਬੀ ਦੀ ਕੋਵਿਡ-19 ਮਾਸਕ ਪ੍ਰੋਸੀਜ਼ਰ ਵਿੱਚ ਦੱਸਿਆ ਗਿਆ ਹੈ ਉਸ ਅਧਾਰ ਉੱਤੇ ਵਿਦਿਆਰਥੀ ਆਪਣੇ ਮਾਸਕਸ ਵੀ ਪਾ ਸਕਦੇ ਹਨ ਪਰ ਉਨ੍ਹਾਂ ਦੀ ਪਹੁੰਚ ਸਕੂਲ ਯੀਅਰ ਖਤਮ ਹੋਣ ਤੱਕ ਰੋਜ਼ਾਨਾ ਲੈਵਲ 3 ਗ੍ਰੇਡ ਮਾਸਕਸ ਤੱਕ ਵੀ ਹੋਵੇਗੀ। ਆਪਣੇ ਸਕੂਲ ਪਲੈਨ ਵੱਲ ਪਰਤਣ ਦੇ ਹਿੱਸੇ ਵਜੋਂ ਫੋਰਡ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਤਿੰਨ ਪਲਾਈ ਵਾਲੇ ਚਾਰ ਮਿਲੀਅਨ ਹਾਈ ਕੁਆਲਿਟੀ ਮਾਸਕਸ ਮੁਹੱਈਆ ਕਰਵਾਏ ਜਾਣਗੇ। ਇਸ ਤੋਂ ਇਲਾਵਾ 10 ਮਿਲੀਅਨ ਐਨ95 ਮਾਸਕ ਐਜੂਕੇਸ਼ਨ ਐਂਡ ਚਾਈਲਡ ਕੇਅਰ ਸਟਾਫ ਨੂੰ ਵੀ ਮੁਹੱਈਆ ਕਰਵਾਏ ਜਾਣਗੇ।

ਵਿਦਿਆਰਥੀਆਂ ਵੱਲੋਂ ਖਰੀਦੇ ਜਾਣ ਤੇ ਵਰਤੇ ਜਾਣ ਦੇ ਹਿਸਾਬ ਨਾਲ ਟੀਡੀਐਸਬੀ ਉੱਤੇ 444,000 ਡਾਲਰ ਤੇ 2 ਮਿਲੀਅਨ ਡਾਲਰ ਦਾ ਬੋਝ ਪਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ShetGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਟਰੂਡੋ ਦਾ ਕੋਵਿਡ-19 ਟੈਸਟ ਆਇਆ ਪਾਜ਼ੀਟਿਵ

ਓਟਵਾ, 3 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕੋਵਿਡ-19 ਟੈਸਟ ਪਾਜ਼ੀਟਿਵ ਆਇਆ ਹੈ। ਇਸ ਸਬੰਧ ਵਿੱਚ ਉਨ੍ਹਾਂ ਵੱਲੋਂ ਅੱਜ ਸਵੇਰੇ ਇਹ ਜਾਣਕਾਰੀ ਦਿੱਤੀ ਗਈ।

ਇੱਕ ਆਊਟਡਰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਉਹ ਬਿਲਕੁਲ ਠੀਕ ਮਹਿਸੂਸ ਕਰ ਰਹੇ ਹਨ ਤੇ ਉਨ੍ਹਾਂ ਨੂੰ ਕੋਈ ਲੱਛਣ ਵੀ ਨਜ਼ਰ ਨਹੀਂ ਆ ਰਹੇ। ਉਨ੍ਹਾਂ ਆਖਿਆ ਕਿ ਉਹ ਪਬਲਿਕ ਹੈਲਥ ਗਾਈਡਲਾਈਨਜ਼ ਦੀ ਪਾਲਣਾ ਕਰਦਿਆਂ ਹੋਇਆਂ ਇਸ ਹਫਤੇ ਦੂਰ ਤੋਂ ਹੀ ਕੰਮ ਕਰਨਾ ਜਾਰੀ ਰੱਖਣਗੇ। ਇਸ ਸਮੇਂ ਉਨ੍ਹਾਂ ਕੋਈ ਮਾਸਕ ਵੀ ਨਹੀਂ ਸੀ ਪਾਇਆ ਹੋਇਆ।



ਟਰੂਡੋ ਦੇ ਇੱਕ ਬੱਚੇ ਦੇ ਪਾਜ਼ੀਟਿਵ ਆਉਣ ਤੋਂ ਬਾਅਦ ਉਹ ਵੀਰਵਾਰ ਤੋਂ ਹੀ ਆਈਸੋਲੇਸ਼ਨ ਵਿੱਚ ਹਨ। ਉਨ੍ਹਾਂ ਦੇ ਤਿੰਨ ਬੱਚਿਆਂ ਵਿੱਚੋਂ ਦੂਜਾ ਵੀ ਪਾਜ਼ੀਟਿਵ ਪਾਇਆ ਗਿਆ ਹੈ। ਉਨ੍ਹਾਂ ਆਖਿਆ ਕਿ ਇਸ ਸਮੇਂ ਉਨ੍ਹਾਂ ਦੇ ਪਰਿਵਾਰ ਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਇਸ ਵਿੱਚ ਕੋਈ ਅਲੋਕਾਰੀ ਜਾਂ ਖਾਸ ਗੱਲ ਨਹੀਂ ਹੈ। ਕਈ ਕੈਨੇਡੀਅਨਜ਼ ਤੇ ਦੁਨੀਆਂ ਭਰ ਦੇ ਕਈ ਲੋਕਾਂ ਨੂੰ ਇਸ ਸਥਿਤੀ ਵਿੱਚੋਂ ਲੰਘਣਾ ਪੈ ਰਿਹਾ ਹੈ।

ਇਸ ਐਕਸਪੋਜ਼ਰ ਦਾ ਪਤਾ ਲੱਗਦਿਆਂ ਹੀ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨੇ ਆਖਿਆ ਸੀ ਕਿ ਉਨ੍ਹਾਂ ਦਾ ਰੈਪਿਡ ਐਂਟੀਜਨ ਟੈਸਟ ਨੈਗੇਟਿਵ ਆਇਆ ਹੈ। ਟਰੂਡੋ ਦੀ ਪੂਰੀ ਵੈਕਸੀਨੇਸ਼ਨ ਹੋ ਚੁੱਕੀ ਹੈ ਤੇ ਉਨ੍ਹਾਂ ਨੂੰ 4 ਜਨਵਰੀ ਨੂੰ ਬੂਸਟਰ ਸ਼ੌਟ ਵੀ ਲੱਗਿਆ ਸੀ। ਉਨ੍ਹਾਂ ਸਾਰੇ ਕੈਨੇਡੀਅਨਜ਼ ਨੂੰ ਵੈਕਸੀਨੇਸ਼ਨ ਕਰਵਾਉਣ ਦੀ ਅਪੀਲ ਕੀਤੀ।

# ਟਰੱਕਰਜ਼ ਵਿੱਚੋਂ ਕੁੱਝ ਦੇ ਮਾੜੇ ਰਵੱਈਏ ਦੀ ਟਰੂਡੋ ਨੇ ਕੀਤੀ ਨਿਖੇਧੀ

## *ਫਰੀਡਮ ਕੌਨਵੌਏ ਦੇ ਵਿਰੋਧ ਦੇ ਬਾਵਜੂਦ ਐਮਪੀ ਕੰਮ ਉੱਤੇ ਪਰਤੇ

ਓਟਵਾ, 3 ਫਰਵਰੀ (ਪੋਸਟ ਬਿਊਰੋ) : ਵੀਕੈਂਡ ਉੱਤੇ ਟਰੱਕਰਜ਼ ਦੇ ਕਾਫਲੇ ਵਿੱਚ ਹਿੱਸਾ ਲੈਣ ਵਾਲੇ ਕੁੱਝ ਵਿਅਕਤੀਆਂ ਵੱਲੋਂ ਅੜ੍ਹਬ ਵਤੀਰਾ ਅਪਨਾਏ ਜਾਣ ਦੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਖ਼ਤ ਨਿਖੇਧੀ ਕੀਤੀ ਗਈ ਹੈ। ਫਰੀਡਮ ਕੌਨਵੌਏ ਦੇ ਵਿਰੋਧ ਦੇ ਬਾਵਜੂਦ ਮੈਂਬਰ ਪਾਰਲੀਆਮੈਂਟ ਸੋਮਵਾਰ ਨੂੰ ਕੰਮ ਉੱਤੇ ਪਰਤ ਆਏ।

ਟਰੂਡੋ ਨੇ ਆਖਿਆ ਕਿ ਉਹ ਤੇ ਉਨ੍ਹਾਂ ਦੀ ਸਰਕਾਰ ਟਰਾਂਸਪੋਰਟ ਟਰੱਕਰਜ਼ ਦੇ ਅਜਿਹੇ ਮੁਜ਼ਾਹਰਿਆਂ ਤੋਂ ਡਰਨ ਵਾਲੀ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸ ਵਿਰੋਧ ਦਾ ਤੀਜਾ ਦਿਨ ਸੀ ਤੇ ਅਸੀਂ ਇਹ ਦਰਸ਼ਾ ਦਿੱਤਾ ਹੈ ਕਿ ਇਨ੍ਹਾਂ ਮੁਜ਼ਾਹਰਾਕਾਰੀਆਂ



ਨਾਲ ਕਿਸੇ ਤਰ੍ਹਾਂ ਦੀ ਕੋਈ ਗੱਲਬਾਤ ਦਾ ਸਾਡਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਦਿਨਾਂ ਵਿੱਚ ਇਨ੍ਹਾਂ ਮੁਜ਼ਾਹਰਾਕਾਰੀਆਂ ਵਿੱਚੋਂ ਕੁੱਝ ਦੇ ਮਾੜੇ ਵਿਵਹਾਰ ਤੋਂ ਕੈਨੇਡੀਅਨਜ਼ ਹੈਰਾਨ ਹਨ। ਇਸ ਤੋਂ ਉਲਟ ਐਤਵਾਰ ਰਾਤ ਨੂੰ ਟਰੱਕਰਜ਼ ਨਾਲ ਮੀਟਿੰਗ ਕਰਨ ਤੋਂ ਬਾਅਦ ਡਿਪਟੀ ਕੰਜ਼ਰਵੇਟਿਵ ਆਗੂ ਕੈਂਡਿਸ ਬਰਜਨ ਨੇ ਆਖਿਆ ਕਿ ਪੂਰੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਣ ਵਾਲੇ ਇਨ੍ਹਾਂ ਟਰੱਕਰਜ਼ ਦੀ ਗੱਲ ਜ਼ਰੂਰ ਸੁਣੀ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਟਰੱਕਰਜ਼ ਵੱਲੋਂ ਕੋਵਿਡ-19 ਵੈਕਸੀਨ ਨੂੰ ਲਾਜ਼ਮੀ ਕੀਤੇ ਜਾਣ ਤੇ ਹੋਰਨਾਂ ਪਾਬੰਦੀਆਂ ਖਿਲਾਫ ਵੀਕੈਂਡ ਤੋਂ ਹੀ ਮੁਜ਼ਾਹਰਾ ਕੀਤਾ ਜਾ ਰਿਹਾ ਹੈ।

# ਓਨਟਾਰੀਓ ਵਾਸੀ ਕੋਵਿਡ-19 ਤੋਂ ਪਹਿਲਾਂ ਵਰਗੀ ਜ਼ਿੰਦਗੀ ਵੱਲ ਪਰਤਣ ਦੇ ਚਾਹਵਾਨ : ਫੋਰਡ

## *ਓਨਟਾਰੀਓ ਵਿੱਚ ਰੈਸਟੋਰੈਂਟਸ, ਜਿੰਮਜ਼ ਤੇ ਥਿਏਟਰ ਮੁੜ ਖੁੱਲ੍ਹੇ<br>*ਪਾਬੰਦੀਆਂ ਵਿੱਚ ਵੀ ਦਿੱਤੀ ਗਈ ਢਿੱਲ

ਓਨਟਾਰੀਓ, 3 ਫਰਵਰੀ (ਪੋਸਟ ਬਿਊਰੋ) : ਕੋਵਿਡ-19 ਲਾਕਡਾਊਨਜ਼ ਨੂੰ ਖ਼ਤਮ ਕਰਨ ਲਈ ਪ੍ਰੀਮੀਅਰ ਡੱਗ ਫੋਰਡ ਵੱਲੋਂ ਪ੍ਰਗਟਾਏ ਵਿਚਾਰਾਂ ਉੱਤੇ ਕੁਈਨਜ਼ ਪਾਰਕ ਵਿੱਚ ਵਿਰੋਧੀ ਧਿਰਾਂ ਵੱਲੋਂ ਵੀ ਸਹਿਮਤੀ ਪ੍ਰਗਟਾਈ ਗਈ।

ਸੋਮਵਾਰ ਨੂੰ ਇੱਕ ਲਿਖਤੀ ਬਿਆਨ ਵਿੱਚ ਫੋਰਡ ਨੇ ਆਖਿਆ ਕਿ ਸਾਰੇ ਓਨਟਾਰੀਓ ਵਾਸੀ ਇਸ ਮਹਾਂਮਾਰੀ ਤੋਂ ਖਹਿੜਾ ਛੁਡਾਉਣ ਤੇ ਕੋਵਿਡ-19 ਤੋਂ ਪਹਿਲਾਂ ਵਰਗੀ ਜ਼ਿੰਦਗੀ ਵੱਲ ਪਰਤਣ ਦੇ ਚਾਹਵਾਨ ਹਨ। ਇਸ ਤੋਂ ਪਹਿਲਾਂ ਪੀਟਰਬਰੋ, ਓਨਟਾਰੀਓ ਵਿੱਚ ਇੱਕ ਲੋਕਲ ਰੇਡੀਓ ਸਟੇਸ਼ਨ ਉੱਤੇ ਗੱਲ ਕਰਦਿਆਂ ਸ਼ੁੱਕਰਵਾਰ ਨੂੰ ਫੋਰਡ ਨੇ ਆਖਿਆ ਸੀ ਕਿ ਸਾਨੂੰ ਇਸ ਵਾਇਰਸ ਨਾਲ ਜਿਊਣਾ ਸਿੱਖਣਾ ਹੋਵੇਗਾ ਤੇ ਹਾਲਾਤ ਨੂੰ ਆਮ ਵਰਗਾ ਕਰਨਾ ਹੋਵੇਗਾ।

ਫੋਰਡ ਦੇ ਇਹ ਬਿਆਨ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ· ਕੀਰਨ ਮੂਰ ਨਾਲ ਕਾਫੀ ਹੱਦ ਤੱਕ ਮੇਲ ਖਾਂਦੇ ਹਨ, ਜਿਨ੍ਹਾਂ ਨੇ ਆਖਰੀ ਵੀਰਵਾਰ ਇਹ ਆਖਿਆ ਸੀ ਕਿ ਸਮਾਂ ਆ ਗਿਆ ਹੈ ਕਿ ਅਸੀਂ ਕੋਵਿਡ-19 ਨਾਲ ਰਹਿਣਾ ਸਿੱਖ ਲਈਏ। ਮੂਰ ਵੱਲੋਂ ਕੋਵਿਡ-19 ਵੈਕਸੀਨਜ਼ ਤੇ ਨਵੀਆਂ ਐਂਟੀਵਾਇਰਲ



ਦਵਾਈਆਂ ਨੂੰ ਹੀ ਇਸ ਤਰ੍ਹਾਂ ਦੀ ਸੋਚ ਲਈ ਜ਼ਿੰਮੇਵਾਰ ਦੱਸਿਆ ਗਿਆ।

ਸੋਮਵਾਰ ਨੂੰ ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਵੀ ਆਖਿਆ ਕਿ ਉਹ ਪਿਛਲੀ ਵਾਰੀ ਵੀ ਲਾਕਡਾਊਨ ਨਹੀਂ ਸਨ ਚਾਹੁੰਦੇ। ਸਗੋਂ ਉਹ ਤਾਂ ਕੋਈ ਲਾਕਡਾਊਨ ਨਹੀਂ ਸਨ ਚਾਹੁੰਦੇ। ਐਨਡੀਪੀ ਆਗੂ ਕੈਥਰੀਨ ਫਾਈਫ ਨੇ ਆਖਿਆ ਕਿ ਹੁਣ ਲਾਕਡਾਊਨਜ਼ ਤੋਂ ਲੋਕ ਅੱਕ ਚੁੱਕੇ ਹਨ ਤੇ ਇਹ ਪਰੇਸ਼ਾਨੀ ਸਹੀ ਵੀ ਹੈ।

ਜ਼ਿਕਰਯੋਗ ਹੈ ਕਿ ਸੋਮਵਾਰ ਤੋਂ ਓਨਟਾਰੀਓ ਵਿੱਚ ਰੈਸਟੋਰੈਂਟਸ, ਜਿੰਮਜ਼ ਤੇ ਥਿਏਟਰ ਮੁੜ ਖੁੱਲ੍ਹ ਗਏ ਤੇ ਹੋਰਨਾਂ ਪਬਲਿਕ ਹੈਲਥ ਪਾਬੰਦੀਆਂ ਵਿੱਚ ਵੀ ਢਿੱਲ ਦਿੱਤੀ ਗਈ। ਸੋਮਵਾਰ ਨੂੰ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਪੇਡ ਸਿੱਕ ਡੇਅਜ਼ ਸਬੰਧੀ ਡੀਲ ਵੀ ਜਲਦ ਹੀ ਨੇਪਰੇ ਚੜ੍ਹ ਜਾਵੇਗੀ।

# ਦੋਹਰੇ ਗੋਲੀਕਾਂਡ ਵਿੱਚ ਇੱਕ ਵਿਅਕਤੀ ਦੀ ਹੋਈ ਮੌਤ

ਮਾਰਖਮ, 3 ਫਰਵਰੀ (ਪੋਸਟ ਬਿਊਰੋ) : ਮਾਰਖਮ ਵਿੱਚ ਵਾਪਰੇ ਦੋਹਰੇ ਗੋਲੀਕਾਂਡ ਵਿੱਚ ਇੱਕ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਇਹ ਜਾਣਕਾਰੀ ਯੌਰਕ ਰੀਜਨਲ ਪੁਲਿਸ ਨੇ ਦਿੱਤੀ।

ਸ਼ਾਮੀਂ 5:45 ਉੱਤੇ ਪਰਪਲ ਫਿੰਚ ਰੋਡ ਤੇ ਰਸਲ ਜਾਰਵਿਸ ਡਰਾਈਵ ਏਰੀਆ ਵਿੱਚ ਗੋਲੀ ਚੱਲਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਪਰ ਉਸ ਦੀ ਉਮਰ ਬਾਰੇ ਅਜੇ ਤੱਕ ਕੋਈ





ਜਾਣਕਾਰੀ ਨਹੀਂ ਦਿੱਤੀ ਗਈ।

ਇੱਕ ਹੋਰ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਕਿਸ ਹੱਦ ਤੱਕ ਜ਼ਖ਼ਮੀ ਹੈ ਇਸ ਦਾ ਖੁਲਾਸਾ ਨਹੀਂ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਇਸ ਸਮੇਂ ਦੋ ਵਿਅਕਤੀ ਹਿਰਾਸਤ ਵਿੱਚ ਹਨ।

# ਮੁਜ਼ਾਹਰਾਕਾਰੀਆਂ ਨਾਲ ਸਿੱਝਣ ਲਈ ਆਰ ਸੀ ਐਮ ਪੀ ਮੁਹੱਈਆ ਕਰਾਵੇਗੀ ਵਾਧੂ ਮੱਦਦ

ਓਟਵਾ, 3 ਫਰਵਰੀ (ਪੋਸਟ ਬਿਊਰੋ) : ਟਰੱਕਰਜ਼ ਦੇ ਕਾਫਲੇ ਨਾਲ ਜੁੜੇ ਮੁਜ਼ਾਹਰਾਕਾਰੀਆਂ ਨਾਲ ਸਿੱਝਣ ਲਈ ਓਟਵਾ ਸਿਟੀ ਨੂੰ ਵਾਧੂ ਆਰਸੀਐਮਪੀ ਅਧਿਕਾਰੀ ਮੁਹੱਈਆ ਕਰਵਾਏ ਜਾਣਗੇ।

ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੋਸਿਨੋ ਨੇ ਆਖਿਆ ਕਿ ਇਸ ਸਬੰਧ ਵਿੱਚ ਵੀਰਵਾਰ ਰਾਤ ਨੂੰ ਓਟਵਾ ਦੇ ਮੇਅਰ ਜਿੰਮ ਵਾਟਸਨ ਨਾਲ ਉਨ੍ਹਾਂ ਦੀ ਕਾਫੀ ਉਸਾਰੂ ਗੱਲਬਾਤ ਹੋਈ। ਮੇਅਰ ਵੱਲੋਂ ਮੈਂਡੀਸਿਨੋ ਤੋਂ ਟਰੱਕਰਜ਼ ਨਾਲ ਸਿੱਝਣ ਲਈ ਵਾਧੂ ਸਰੋਤ ਮੰਗੇ ਗਏ ਸਨ। ਮੈਂਡੀਸਿਨੋ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਇਸ ਟਰੱਕਰਜ਼ ਦੇ ਕਾਫਲੇ ਕਾਰਨ ਲੋਕਲ ਰੈਜ਼ੀਡੈਂਟਸ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਵੱਲੋਂ ਨਫਰਤ ਭਰੇ ਨਾਅਰੇ



ਲਾਏ ਜਾ ਰਹੇ ਹਨ, ਕਿਤੇ ਕਿਤੇ ਟਰੱਕਰਜ਼ ਹਿੰਸਕ ਵੀ ਹੋ ਰਹੇ ਹਨ ਤੇ ਸਰਕਾਰੀ ਤੇ ਇਤਿਹਾਸਕ ਸੰਪਤੀ ਨੂੰ ਨੁਕਸਾਨ ਵੀ ਪਹੁੰਚਾ ਰਹੇ ਹਨ। ਜਿਸ ਕਾਰਨ ਲੋਕਲ ਰੈਜ਼ੀਡੈਂਟਸ ਨੂੰ ਕਈ ਜ਼ਰੂਰੀ ਸੇਵਾਵਾਂ ਨਹੀਂ ਮਿਲ ਪਾ ਰਹੀਆਂ।

ਮੇਅਰ ਨੇ ਇਹ ਵੀ ਲਿਖਿਆ ਕਿ ਕਮਿਊਨਿਟੀ ਨੂੰ ਇਹ ਲੱਗਣਾ ਚਾਹੀਦਾ ਹੈ ਕਿ ਕਾਨੂੰਨ ਬਰਕਰਾਰ ਹੈ ਤੇ ਪੁਲਿਸ ਵੱਲੋਂ ਸਥਿਤੀ ਨੂੰ ਨਿਯੰਤਰਣ ਵਿੱਚ ਲੈ ਲਿਆ ਗਿਆ ਹੈ ਤੇ ਪਬਲਿਕ ਸੇਫਟੀ ਮੇਨਟੇਨ ਕੀਤੀ ਜਾ ਰਹੀ ਹੈ। ਇਹ ਬੇਨਤੀ ਪਹਿਲਾਂ ਤੋਂ ਹੀ ਤਾਇਨਾਤ ਆਰਸੀਐਮਪੀ ਸਰੋਤਾਂ ਤੋਂ ਇਲਾਵਾ ਹੋਰ ਪੁਲਿਸ ਤਾਇਨਾਤ ਕਰਨ ਲਈ ਕੀਤੀ ਗਈ ਸੀ।

ਵਾਟਸਨ ਨੇ ਆਖਿਆ ਕਿ ਮੰਤਰੀ ਵੱਲੋਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਉਨ੍ਹਾਂ ਦੀ ਸਹਿਯੋਗ ਲਈ ਆਈ ਬੇਨਤੀ ਨੂੰ ਆਰਸੀਐਮਪੀ ਕਮਿਸ਼ਨਰ ਲੱਕੀ ਵੱਲੋਂ ਪਹਿਲ ਦੇ ਅਧਾਰ ਉੱਤੇ ਵਿਚਾਰਿਆ ਗਿਆ ਹੈ ਤੇ ਉਨ੍ਹਾਂ ਨੂੰ ਵਾਧੂ ਮਦਦ ਮੁਹੱਈਆ ਕਰਵਾਈ ਜਾਵੇਗੀ।

# ਕੂਟਸ ਵਿੱਚ ਲਾਏ ਜਾਮ ਨੂੰ ਹਟਾਉਣ ਲਈ ਆਰਸੀਐਮਪੀ ਕਰ ਰਹੀ ਹੈ ਤਿਆਰੀ



ਕੂਟਸ, ਅਲਬਰਟਾ, 3 ਫਰਵਰੀ (ਪੋਸਟ ਬਿਊਰੋ) : ਦੱਖਣੀ ਅਲਬਰਟਾ ਵਿੱਚ ਅਮਰੀਕਾ ਦੀ ਸਰਹੱਦ ਨੇੜੇ ਟਰੱਕਾਂ ਵੱਲੋਂ ਲਾਇਆ ਗਿਆ ਜਾਮ ਚੌਥੇ ਦਿਨ ਵਿੱਚ ਦਾਖਲ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਕੋਵਿਡ-19 ਪਾਬੰਦੀਆਂ ਦੇ ਖਿਲਾਫ ਸ਼ਨਿੱਚਰਵਾਰ ਤੋਂ ਹੀ ਕਮਰਸ਼ੀਅਲ ਟਰੱਕਸ, ਗੱਡੀਆਂ ਤੇ ਕੈਂਪਰ ਵੈਨਜ਼ ਦਾ ਕਾਫਲਾ ਕੂਟਸ ਬਾਰਡਰ ਉੱਤੇ ਹਾਈਵੇਅ ਨੂੰ ਰੋਕ ਕੇ ਬੈਠਾ ਹੈ। ਬੀਤੀ ਰਾਤ ਇੱਕ ਬਿਆਨ ਜਾਰੀ ਕਰਕੇ ਮਾਊਂਟੀਜ਼ ਨੇ ਆਖਿਆ ਕਿ ਉਨ੍ਹਾਂ ਸੋਚਿਆ ਸੀ ਕਿ ਇਸ ਮਸਲੇ ਨੂੰ ਹੱਲ ਕਰਨ ਦਾ ਕੋਈ ਰਾਹ ਜ਼ਰੂਰ ਹੋਵੇਗਾ ਪਰ ਮੁਜ਼ਾਹਰਾਕਾਰੀਆਂ ਨੇ ਸਹਿਯੋਗ ਨਾ ਕਰਨ ਦੀ ਸੰਹੁ ਪਾ ਲਈ ਹੈ।

ਉਨ੍ਹਾਂ ਆਖਿਆ ਕਿ ਹੁਣ ਇਹ ਮੁਜ਼ਾਹਰੇ ਕਾਨੂੰਨ ਦੇ ਦਾਇਰੇ ਵਿੱਚ ਨਹੀਂ ਰਹਿ ਗਏ ਹਨ ਤੇ ਹੁਣ ਗ੍ਰਿਫਤਾਰੀਆਂ ਲਈ ਤੇ ਗੱਡੀਆਂ ਨੂੰ ਟੋਅ ਕਰਕੇ ਲਿਜਾਣ ਲਈ ਸਰੋਤਾਂ ਨੂੰ ਕਾਇਮ ਕਰ ਦਿੱਤਾ ਗਿਆ ਹੈ। ਕੁੱਝ ਮੁਜ਼ਾਹਰਾਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇਹ ਥਾਂ ਛੱਡ ਕੇ ਜਾਣ ਦੀ ਕੋਈ ਯੋਜਨਾ ਨਹੀਂ ਹੈ। ਕੂਟਸ ਦੇ ਮੇਅਰ ਜਿੰਮ ਵਿਲੇ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਇਹ ਮੁਜ਼ਾਹਰਾਕਾਰੀ ਮੁੜ ਜਾਣ। ਉਨ੍ਹਾਂ ਆਖਿਆ ਕਿ ਸਾਡੀ ਕਮਿਊਨਿਟੀ ਤੱਕ ਡਾਕ ਨਹੀਂ ਪਹੁੰਚ ਰਹੀ ਤੇ ਬੱਚੇ ਵੀ ਆਪਣੇ ਸਕੂਲ ਨਹੀਂ ਜਾ ਪਾ ਰਹੇ।

ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਆਖਿਆ ਕਿ ਪ੍ਰੋਵਿੰਸ਼ੀਅਲ ਕਾਨੂੰਨ ਨੂੰ ਲਾਗੂ ਕਰਨਾ ਲੋਕਲ ਅਧਿਕਾਰੀਆਂ ਦੇ ਹੱਥ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪਾਸ ਕੀਤੇ ਗਏ ਕਾਨੂੰਨ ਅਨੁਸਾਰ ਹਾਈਵੇਅਜ਼ ਨੂੰ ਬੰਦ ਕਰਨ ਤੇ ਹੋਰ ਇਨਫਰਾਸਟ੍ਰਕਚਰ ਨੂੰ ਨੁਕਸਾਨ ਪਹੁੰਚਾਉਣ ਲਈ ਮੁਜ਼ਾਹਰਾਕਾਰੀਆਂ ਖਿਲਾਫ ਵਾਧੂ ਜੁਰਮਾਨੇ ਲਾਉਣ ਦੀ ਤਜਵੀਜ਼ ਰੱਖੀ ਗਈ ਸੀ।

# ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਵਿਅਕਤੀ ਦੀ ਹੋਈ ਮੌਤ



ਬਰੈਂਪਟਨ, 3 ਫਰਵਰੀ (ਪੋਸਟ ਬਿਊਰੋ) : ਬਰੈਂਪਟਨ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸ ਦੀ ਪੁਸ਼ਟੀ ਵੀਰਵਾਰ ਨੂੰ ਪੁਲਿਸ ਵੱਲੋਂ ਕੀਤੀ ਗਈ।

ਇਹ ਘਟਨਾ ਰਾਤੀਂ 9:15 ਵਜੇ ਚਰਚਵਿੱਲ ਏਰੀਆ ਵਿੱਚ ਮੈਵਿਸ ਰਡ ਤੇ ਕਲੇਮੈਂਟਾਈਨ ਡਰਾਈਵ ਲਾਂਘੇ ਉੱਤੇ ਵਾਪਰੀ। ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਦੋ ਵਿਅਕਤੀਆਂ ਦਾ ਇਲਾਜ ਮੌਕੇ ਉੱਤੇ ਕੀਤਾ ਗਿਆ ਤੇ ਇੱਕ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਇਹ ਪਤਾ ਨਹੀਂ ਲੱਗ ਸਕਿਆ ਕਿ ਹੋਰਨਾਂ ਨੂੰ ਕਿੰਨੀਆਂ ਗੰਭੀਰ ਸੱਟਾਂ ਲੱਗੀਆਂ।

ਇਸ ਦੌਰਾਨ, ਰੇਅ ਲਾਅਸਨ ਬੋਲੀਵੀਆਰਡ ਤੇ ਸਟੀਲਜ਼ ਐਵਨਿਊ ਵੈਸਟ ਦਰਮਿਆਨ ਮੈਵਿਸ ਰੋਡ ਦੀਆਂ ਉੱਤਰ ਵਾਲੀਆਂ ਤੇ ਦੱਖਣ ਵਾਲੀਆਂ ਲੇਨਜ਼ ਹਾਦਸੇ ਤੋਂ ਬਾਅਦ ਬੰਦ ਕਰ ਦਿੱਤੀਆਂ ਗਈਆਂ। ਜ਼ਿਕਰਯੋਗ ਹੈ ਕਿ ਇੱਕ ਵੱਖਰੀ ਘਟਨਾ ਵਿੱਚ ਵੀਰਵਾਰ ਨੂੰ ਬਰੈਂਪਟਨ ਵਿੱਚ ਇੱਕ ਰਾਹਗੀਰ ਜ਼ਖ਼ਮੀ ਹੋ ਗਿਆ। ਉਸ ਨੂੰ ਕੁਈਨ ਸਟਰੀਟ ਤੇ ਰੁਦਰਫੋਰਡ ਰੋਡ ਏਰੀਆ ਵਿੱਚ ਗੱਡੀ ਵੱਲੋਂ ਟੱਕਰ ਮਾਰੀ ਗਈ।

# ਕੈਨੇਡੀਅਨ ਇਮੀਗ੍ਰੇਸ਼ਨ ਸਿਸਟਮ ਦੇ ਆਧੁਨਿਕੀਕਰਨ ਲਈ ਪੂਰਾ ਜ਼ੋਰ ਲਾ ਰਹੀ ਹੈ ਲਿਬਰਲ ਸਰਕਾਰ : ਰੂਬੀ ਸਹੋਤਾ

ਓਟਵਾ, 3 ਫਰਵਰੀ ਪੋਸਟ ਬਿਊਰੋ) : ਸਾਡੀ ਲਿਬਰਲ ਸਰਕਾਰ ਕੈਨੇਡੀਅਨ ਇਮੀਗ੍ਰੇਸ਼ਨ ਸਿਸਟਮ ਦਾ ਆਧੁਨਿਕੀਕਰਨ ਕਰਨ ਲਈ ਜ਼ੋਰ ਲਾ ਰਹੀ ਹੈ। ਇਹ ਗੱਲ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਆਖੀ। ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਵੱਲੋਂ ਇਮੀਗ੍ਰੇਸ਼ਨ, ਰਫਿਊਜੀ ਤੇ ਸਿਟੀਜ਼ਨਸ਼ਿਪ ਕੈਨੇਡਾ ਲਈ ਤੇਜ਼ ਪ੍ਰੋਸੈਸਿੰਗ ਟਾਈਮ ਤੇ ਕਲਾਇੰਟ ਨੂੰ ਦਿੱਤੇ ਜਾਣ ਵਾਲੇ ਬਿਹਤਰ ਸਹਿਯੋਗ ਦੀ ਪੈਰਵੀ ਕੀਤੀ ਜਾ ਰਹੀ ਹੈ। ਸਹੋਤਾ ਨੇ ਆਖਿਆ ਕਿ ਇਮੀਗ੍ਰੇਸ਼ਨ ਕੈਨੇਡੀਅਨ ਅਰਥਚਾਰੇ ਦਾ ਇੰਜਣ ਹੈ, ਇਹ ਲੇਬਰ ਦੀ ਘਾਟ ਨੂੰ ਖ਼ਤਮ ਕਰਨ ਤੇ ਸਾਡੀਆਂ ਕਮਿਊਨਿਟੀਜ਼ ਨੂੰ ਪੱਲਰਣ ਵਿੱਚ ਮਦਦ ਕਰਦੀ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇੱਕਲੇ ਸਾਲ 2021 ਵਿੱਚ ਹੀ ਕੈਨੇਡਾ ਵੱਲੋਂ ਵੱਡੀ ਗਿਣਤੀ ਵਿੱਚ ਪਰਮਾਨੈਂਟ ਰੈਜ਼ੀਡੈਂਟਸ ਦਾ ਸਵਾਗਤ ਕੀਤਾ ਗਿਆ ਪਰ ਸਰਹੱਦੀ ਪਾਬੰਦੀਆਂ ਤੇ ਮਹਾਂਮਾਰੀ ਨਾਲ ਸਬੰਧਤ ਕਾਰਕਾਂ ਨੇ ਕਈ ਬਿਨੈਕਾਰਾਂ ਲਈ ਦੇਰ ਕੀਤੀ ਤੇ ਉਨ੍ਹਾਂ ਦੀਆਂ ਅਰਜ਼ੀਆਂ ਸਬੰਧੀ ਉਡੀਕ ਦੇ



ਸਮੇਂ ਵਿੱਚ ਵਾਧਾ ਕੀਤਾ।

ਸਹੋਤਾ ਨੇ ਆਖਿਆ ਕਿ ਅੱਜ ਸਾਡੇ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਵੱਲੋਂ ਕਲਾਇੰਟਸ ਦੇ ਤਜਰਬੇ ਵਿੱਚ ਸੁਧਾਰ ਕਰਨ ਤੇ ਇਮੀਗ੍ਰੇਸ਼ਨ ਸਿਸਟਮ ਨੂੰ ਆਧੁਨਿਕ ਰੰਗਤ ਦੇਣ ਦਾ ਐਲਾਨ ਕੀਤਾ ਗਿਆ। ਇਹ ਮਾਪਦੰਡ ਸਾਡੇ ਕਲਾਇੰਟਸ ਨੂੰ ਦਰਪੇਸ਼ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਕੇ ਪੇਸ਼ ਕੀਤੇ ਗਏ ਹਨ। ਇਨ੍ਹਾਂ ਰਾਹੀਂ ਪ੍ਰੋਸੈਸਿੰਗ ਸਿਸਟਮ ਵਿੱਚ ਵੀ ਸੁਧਾਰ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਮਹਾਂਮਾਰੀ ਕਾਰਨ ਸਾਡੇ ਕਈ ਹੁਨਰਮੰਦ ਤੇ ਸਕਿੱਲਡ ਨਿਊਕਮਰਜ਼ ਨੂੰ ਲੰਮੀ ਉਡੀਕ ਕਰਨੀ ਪਈ। ਇਕਨੌਮਿਕ ਐਂਡ ਫਿਸਕਲ ਅਪਡੇਟ 2021 ਵਿੱਚ ਅਰਜ਼ੀਆਂ ਦੀ ਪ੍ਰੋਸੈਸਿੰਗ ਵਿੱਚ ਹੋਣ ਵਾਲੀ ਦੇਰ ਨੂੰ ਘਟਾਉਣ ਲਈ ਕੈਨੇਡਾ ਸਰਕਾਰ ਵੱਲੋਂ ਨਵੇਂ ਫੰਡਾਂ ਵਜੋਂ 85 ਮਿਲੀਅਨ ਡਾਲਰ ਦਾ ਪ੍ਰਸਤਾਵ ਰੱਖਿਆ ਗਿਆ ਹੈ।

ਉਨ੍ਹਾਂ ਆਖਿਆ ਕਿ ਇਸ ਨਿਵੇਸ਼ ਨਾਲ ਵਾਧੂ ਸਟਾਫ ਦੀ ਮਦਦ ਲਈ ਜਾ ਸਕੇਗੀ, ਜਿਸ ਨਾਲ ਅਸੀਂ ਉਨ੍ਹਾਂ ਲੋਕਾਂ ਦਾ ਸਵਾਗਤ ਕਰ ਸਕਾਂਗੇ ਜਿਹੜੇ ਸਾਡੀ ਲੇਬਰ ਸਬੰਧੀ ਘਾਟ ਨੂੰ ਖਤਮ ਕਰਨ ਲਈ ਕੈਨੇਡਾ ਆਉਣਾ ਚਾਹੁੰਦੇ ਹਨ ਤੇ ਸਟੱਡੀ ਪਰਮਿਟਸ, ਵਰਕ ਪਰਮਿਟਸ ਤੇ ਪਰਮਾਨੈਂਟ ਕਾਰਡ ਰਨਿਊਲਜ਼ ਸਮੇਤ ਕਈ ਹੋਰ ਪ੍ਰੋਗਰਾਮਾਂ ਰਾਹੀਂ ਇੱਧਰ ਆਉਣ ਦੇ ਚਾਹਵਾਨ ਹਨ। ਅਸੀਂ ਵਿਜ਼ੀਟਰ ਵੀਜ਼ਾ ਤੇ ਨਾਗਰਿਕਤਾ ਦੇ ਸਬੂਤ ਲਈ ਪ੍ਰੋਸੈਸਿੰਗ ਟਾਈਮ ਵਿੱਚ ਵੀ ਕਮੀ ਲਿਆਉਣ ਲਈ ਕੰਮ ਕਰ ਰਹੇ ਹਾਂ।

ਉਨ੍ਹਾਂ ਆਖਿਆ ਕਿ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਪਹਿਲਾਂ ਹੀ ਉਡੀਕ ਟਾਈਮ ਨੂੰ ਘਟਾਉਣ ਲਈ 500 ਨਵਾਂ ਪ੍ਰੋਸੈਸਿੰਗ ਸਟਾਫ ਭਰਤੀ ਕਰ ਚੁੱਕੀ ਹੈ, ਅਰਜ਼ੀਆਂ ਨੂੰ ਡਿਜਿਟਲਾਈਜ਼ ਕੀਤਾ ਜਾ ਰਿਹਾ ਹੈ ਤੇ ਦੁਨੀਆ ਭਰ ਵਿੱਚ ਮੌਜੂਦ ਸਾਡੇ ਆਫਿਸਿਜ਼ ਵਿੱਚ ਕੰਮ ਵੰਡਿਆਂ ਜਾ ਰਿਹਾ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਵਿਜ਼ੀਟਰ ਵੀਜ਼ਾ ਲਈ ਰੂਟੀਨ ਫਾਈਲਜ਼ ਦਾ 87 ਫੀ ਸਦੀ ਵਧੇਰੇ ਤੇਜ਼ੀ ਨਾਲ ਮੁਲਾਂਕਣ ਕੀਤਾ ਜਾਂਦਾ ਹੈ। ਉਨ੍ਹਾਂ ਆਖਿਆ ਕਿ ਅਸੀਂ 2022 ਦੀ ਪਹਿਲੀ ਤਿਮਾਹੀ ਵਿੱਚ 147,000 ਪਰਮਾਨੈਂਟ ਰੈਜ਼ੀਡੈਂਸ ਸਬੰਧੀ ਅਰਜ਼ੀਆਂ ਉੱਤੇ ਫਾਈਨਲ ਮੋਹਰ ਲਾਉਣ ਦਾ ਟੀਚਾ ਮਿਥ ਕੇ ਚੱਲ ਰਹੇ ਹਾਂ। 2022 ਦੀਆਂ ਗਰਮੀਆਂ ਵਿੱਚ ਵਧੇਰੇ ਕਲਾਇੰਟਸ ਨੂੰ ਨਾਲ ਜੋੜਨ ਲਈ ਅਸੀਂ ਡਿਜੀਟਲ ਐਪਲੀਕੇਸ਼ਨ ਪੋਰਟਲ ਦਾ ਪਸਾਰ ਕਰਾਂਗੇ।

ਇਸ ਤੋਂ ਇਲਾਵਾ ਸਪਾਊਸਿਜ਼ ਤੇ ਡਿਪੈਂਡੈਂਟਸ ਲਈ ਅਸੀਂ ਫਰਵਰੀ 2022 ਵਿੱਚ ਨਵਾਂ ਪਰਮਾਨੈਂਟ ਰੈਜ਼ੀਡੈਂਸ ਐਪਲੀਕੇਸ਼ਨ ਟਰੈਕਰ ਵੀ ਪੇਸ਼ ਕਰਨ ਜਾ ਰਹੇ ਹਾਂ। ਇਸ ਤੋਂ ਇਲਾਵਾ ਨਾਗਰਿਕਤਾ ਸਬੰਧੀ ਸੰਹੁ ਚੁੱਕਣ ਦੀ ਪ੍ਰਕਿਰਿਆ ਵੀ ਮਹਾਂਮਾਰੀ ਕਾਰਨ ਸਾਡੇ ਵੱਲੋਂ ਬਹੁਤਾ ਕਰਕੇ ਵਰਚੂਅਲੀ ਹੀ ਨਿਭਾਈ ਜਾ ਰਹੀ ਹੈ।

# ਮਹਾਰਾਜਾ ਰਣਜੀਤ ਸਿੰਘ ਸਮਰ ਪੈਲੇਸ ਦੇ ਤਾਲੇ 18 ਸਾਲ ਪਿਛੋਂ ਖੁੱਲ੍ਹੇ

ਅੰਮ੍ਰਿਤਸਰ, 3 ਫਰਵਰੀ (ਪੋਸਟ ਬਿਊਰੋ)- ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਵੱਲੋਂ ਅੰਮ੍ਰਿਤਸਰ ਵਿਖੇ 84 ਏਕੜ ਵਿੱਚ ਲਾਏ ਗਏ ਰਾਮ ਬਾਗ਼ ਵਿਚਲੇ ਸਮਾਰਕਾਂ ਦੀ 15 ਅਕਤੂਬਰ 2004 ਨੂੰ ਸ਼ੁਰੂ ਕੀਤੀ ਗਈ ਨਵਉਸਾਰੀ ਤੇ ਸੁੰਦਰੀਕਰਨ ਦੀ ਕਾਰਵਾਈ ਅਜੇ ਪੂਰੀ ਨਹੀਂ ਹੋਈ, ਇਸ ਦੇ ਬਾਵਜੂਦ ਉਸ ਮਹਿਲ ਦੇ ਪਿਛਲੇ 18 ਸਾਲਾਂ ਤੋਂ ਬੰਦ ਪਏ ਤਾਲੇ ਖੋਲ੍ਹ ਦਿੱਤੇ ਗਏ ਹਨ। ਸਮਰ ਪੈਲੇਸ ਦਾ ਰਵਾਇਤੀ ਉਦਘਾਟਨ ਨਾ ਕੀਤੇ ਜਾਣ ਕਰਕੇ ਬਹੁਤੇ ਸਥਾਨਕ ਨਾਗਰਿਕਾਂ ਅਤੇ ਸੈਲਾਨੀਆਂ ਨੂੰ ਇਸ ਵਿਰਾਸਤੀ ਸਮਾਰਕ ਦੇ ਖੋਲ੍ਹੇ ਜਾਣ ਦੀ ਜਾਣਕਾਰੀ ਨਹੀਂ ਮਿਲ ਸਕੀ।

ਵਰਨਣ ਯੋਗ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਇਸ ਸ਼ੇਰ-ਏ-ਪੰਜਾਬ ਦੇ ਗਰਮੀਆਂ ਦੇ ਮਹਿਲ ਨੂੰ ਪੰਜਾਬ ਸੈਰ ਸਪਾਟਾ ਵਿਭਾਗ ਦੇ ਸਪੁਰਦ ਕਰ ਕੇ ਪੂਰੀ ਤਰ੍ਹਾਂ ਨਾਲ ਅਜਾਇਬ-ਘਰ ਦਾ ਰੂਪ ਦਿੱਤਾ ਗਿਆ ਹੈ। ਇਸ ਦੇ ਅੰਦਰ ਜਾਣ ਉੱਤੇ ਬਿਲਕੁਲ ਸਾਹਮਣੇ ਹਾਲ ਵਿੱਚ ਮਹਾਰਾਜਾ ਰਣਜੀਤ ਸਿੰਘ ਤੇ ਹਰੀ ਸਿੰਘ ਨਲਵਾ ਨੂੰ ਕੁਰਸੀਆਂ ਉੱਤੇ ਬੈਠੇ ਵਿਖਾਇਆ ਗਿਆ ਹੈ। ਸਿਲੀਕਾਨ ਤੇ ਕਾਪਰ ਫਾਈਬਰ ਦੇ ਬਣੇ ਇਹ ਆਮਦ-ਕੱਦ ਪੁਤਲੇ ਬਿਲਕੁਲ ਜਿਉਂਦੇ ਜਾਗਦੇ ਲੱਗਦੇ ਹਨ। ਉਕਤ ਅਜਾਇਬ-ਘਰ ਵਿੱਚ ਸਿੱਖ ਰਾਜ ਨਾਲ ਸਬੰਧਤ ਮਹੱਤਵਪੂਰਨ ਦਸਤਾਵੇਜ਼ ਤੇ ਕਈ ਹੋਰ ਦੁਰਲਭ ਵਸਤੂਆਂ ਤੋਂ ਜਾਣੂ ਕਰਾਉਣ ਲਈ 100 ਤੋਂ ਵਧੇਰੇ ਤਿੰਨ ਭਾਸ਼ਾਈ ਸਲਾਈਡਾਂ ਵੀ ਲਗਾਈਆਂ ਗਈਆਂ ਹਨ।







## ਅੱਜ ਨਾਮਾ

ਜਦ ਸੀ ਆਂਢ-ਗਵਾਂਢ ਵਿੱਚ ਲੋਕ ਮਰਦੇ,
ਕਿਹਾ ਸੀ ਪਾਕਿ ਨੇ ਇਹਨੂੰ ਜਹਾਦ ਬੇਲੀ।
ਮਾਰਨ-ਮਰਨ ਦੀ ਹੁੰਦੀ ਇਸ ਖੇਡ ਮੌਕੇ,
ਹੋਇਆ ਕਈ ਕੁਝ ਬੜਾ ਬਰਬਾਦ ਬੇਲੀ।
ਚਰਚਾ ਵਿੱਚ ਸੀ ਏਦਾਂ ਦਾ ਸ਼ਬਦ ਕਹਿੰਦੇ,
ਆਉਂਦਾ ਹੁੰਦਾ ਜਿਉਂ ਬੜਾ ਸਵਾਦ ਬੇਲੀ।
ਇਹੀ ਪਾਕਿ ਦੇ ਅੰਦਰ ਵੀ ਸ਼ੁਰੂ ਹੋਇਆ,
ਜਾ ਰਹੀ ਕਬਰਾਂ ਦੀ ਵਧੀ ਤਾਦਾਦ ਬੇਲੀ।
ਮਾੜੇ ਕੰਮਾਂ ਤੋਂ ਕਦੀ ਨਾ ਬਾਜ਼ ਆਇਆ,
ਇਹਨੇ ਕਰਿਆ ਸੀ ਦੁਖੀ ਸੰਸਾਰ ਬੇਲੀ।
ਅਜੇ ਵੀ ਪੀੜ੍ਹੀ ਦੇ ਹੇਠਾਂ ਨੂੰ ਕਦੀ ਝਾਤੀ,
ਲੀਡਰ ਪਾਕਿ ਦੇ ਰਹੇ ਨਹੀਂ ਮਾਰ ਬੇਲੀ।

**ਤੀਸ ਮਾਰ ਖਾਂ**

# ਕਾਂਗਰਸ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਲਈ ਚਿਹਰੇ ਦਾ ਐਲਾਨ 6 ਫਰਵਰੀ ਨੂੰ

*** ਨਵਜੋਤ ਸਿੰਘ ਸਿੱਧੂ ਵੱਲੋਂ ਆਪਣੇ ਵਾਸਤੇ ਮੁਹਿੰਮ ਜਾਰੀ**

ਲੁਧਿਆਣਾ, 3 ਫਰਵਰੀ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਆਮ ਆਦਮੀ ਪਾਰਟੀ ਭਗਵੰਤ ਮਾਨ ਨੂੰ ਆਪਣੇ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਦਾ ਐਲਾਨ ਕਰ ਚੁੱਕੀ ਹੈ, ਪਰ ਕਾਂਗਰਸ ਉੱਤੇ ਮੁੱਖ ਮੰਤਰੀ ਲਈ ਉਮੀਦਵਾਰ ਦੇ ਐਲਾਨ ਲਈ ਦਬਾਅ ਵਧਦਾ ਜਾਣ ਦੇ ਬਾਵਜੂਦ ਅਜੇ ਇਹ ਐਲਾਨ ਨਹੀਂ ਹੋਇਆ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦੱਸਿਆ ਕਿ ਪਾਰਟੀ ਇਹ ਐਲਾਨ 6 ਫਰਵਰੀ ਨੂੰ ਕਰੇਗੀ ਤੇ ਇਸ ਦੇ ਲਈ ਪੰਜਾਬ ਦੇ ਸਭ ਤੋਂ ਵੱਡੇ ਸ਼ਹਿਰ ਲੁਧਿਆਣਾ ਵਿੱਚ ਵਰਚੁਅਲ ਰੈਲੀ ਕੀਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖੁਦ ਮੁੱਖ ਮੰਤਰੀ ਲਈ ਉਮੀਦਵਾਰ ਦੀ ਦੌੜਵਿੱਚ ਸਭ ਤੋਂ ਅੱਗੇ ਮੰਨੇ ਜਾਂਦੇ ਹਨ। ਉਨ੍ਹਾਂ ਦੇ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂਇਸ ਅਹੁਦੇ ਦੇ ਦਾਅਵੇਦਾਰ ਹਨ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕਹਿ ਚੁੱਕੇ ਹਨ ਕਿ ਕਾਂਗਰਸ ਆਗੂ ਰਾਹੁਲ




ਗਾਂਧੀ 6 ਫਰਵਰੀ ਨੂੰ ਇਹ ਐਲਾਨ ਕਰਨਗੇ। ਪੰਜਾਬਵਿੱਚਮੁੱਖ ਮੰਤਰੀ ਲਈ ਚਰਨਜੀਤ ਸਿੰਘ ਚੰਨੀ ਤੇ ਨਵਜੋਤ ਸਿੰਘਸਿੱਧੂਦਾ ਜਿੱਦਾਂ ਦਾ ਮੁਕਾਬਲਾ ਹੈ, ਇਸ ਕਾਰਨ ਕੋਈ ਤੀਸਰਾ ਬਦਲ ਹੋਣ ਦੇ ਕਿਆਫੇ ਲੱਗਣ ਲੱਗੇ ਹਨ, ਪਰ ਫੈਸਲਾ ਕਾਂਗਰਸ ਵੱਲੋਂ ਲੋਕਾਂ ਤੋਂ ਲਈ ਜਾ ਰਹੀ ਰਾਏ ਦੀ ਵੋਟਿੰਗ ਨਾਲ ਹੋਣਾ ਹੈ। ਜਾਣਕਾਰਾਂ ਦੇ ਮੁਤਾਬਕ ਨਵਜੋਤ ਸਿੰਘ ਸਿੱਧੂ ਦੇ ਮੁਕਾਬਲੇ ਚਰਨਜੀਤ ਸਿੰਘ ਚੰਨੀ ਇਸ ਦੌੜਵਿੱਚ ਅੱਗੇ ਹਨ ਅਤੇ ਉਨ੍ਹਾਂ ਦੇ ਹੱਕ ਵਿੱਚ ਐਲਾਨ ਆਉਣ ਦੇ ਵੱਧ ਚਾਂਸ ਹਨ।

ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਾਂਗਰਸ ਵੱਲੋਂਮੁੱਖ ਮੰਤਰੀ ਚਿਹਰੇ ਬਾਰੇ ਫਿਰ ਕਿਹਾ ਹੈ ਕਿ ‘ਇਹ ਫੈਸਲਾ ਲੋਕ ਫ਼ੈਸਲਾ ਕਰਨਗੇ, ਅਸੀਂ ਨੀਤੀਆਂਅਤੇ ਏਜੰਡਾ ਦੇਈਏ। ਅਸੀਂ ਪਹਿਲਾਂ ਇਹ ਦੱਸੀਏ ਕਿ ਲੋਕਾਂ ਲਈ ਕਰਨਾ ਕੀ ਹੈ। ਜਿਹੜਾ ਚੰਗੇ ਤਰੀਕੇ ਨਾਲ ਦੱਸ ਦੇਵੇ, ਲੋਕ ਉਧਰ ਨੂੰ ਤੁਰਨਗੇ।’

ਇਸ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਅਕਾਲੀ ਦਲਬਾਰੇ ਕਿਹਾ ਕਿ ਅਕਾਲੀ ਦਲ ਖਾਲੀ ਦਲ ਹੋਈ ਜਾਂਦਾ ਹੈ, ਇਨ੍ਹਾਂ ਨੂੰ ਲੱਗਦਾ ਹੈ ਕਿ ਜੇ ਨਵਜੋਤ ਸਿੰਘ ਸਿੱਧੂ ਆਇਆ ਤਾਂ ਬਦਲਾਅ ਅਤੇ ਨਵਾਂ ਸਿਰਜਣ ਕਰੇਗਾ। ਇਸ ਕਰਕੇ ਜ਼ਰੂਰੀ ਹੈ ਕਿ ਲੋਕ ਦੇਖਣ ਤੇ ਸੋਚਣ ਕਿ ਕੀ ਸਾਜ਼ਿਸ਼ ਹੋ ਰਹੀ ਹੈ।ਸਿੱਧੂ ਨੇ ਕਿਹਾ ਕਿ ਮੈਂ ਛਾਤੀ ਠੋਕ ਕੇ ਕਹਿੰਦਾ ਹਾਂ ਕਿ ਪੰਜਾਬ ਮਾਡਲ ਪੰਜਾਬ ਨੂੰ ਬਦਲੇਗਾ, ਜਿਸ ਕਾਰਨ ਮਾਫ਼ੀਆ ਘਬਰਾਇਆ ਪਿਆ ਹੈ ਤੇ ਉਨ੍ਹਾਂ ਦੀ ਰਾਤਾਂ ਦੀ ਨੀਂਦ ਉੱਡੀ ਹੋਈ ਹੈ। ਉਨ੍ਹਾ ਕਿਹਾ ਕਿ ਜਿਹੜਾ ਬਦਲਾਅ ਦੀ ਗੱਲ ਕਰੇਗਾ, ਮਾਫ਼ੀਆ ਮਿਲ ਕੇ ਉਸ ਨੂੰ ਢਾਹੁਣ ਆਵੇਗਾ।

# ਇਮਰਾਨ ਖਾਨ ਦੀ ਪਹਿਲੀ ਪਤਨੀ ਰੇਹਮ ਨੇ ਇਮਰਾਨ ਦੀ ਅੱਯਾਸ਼ੀ ਦੇ ਕੱਚੇ ਚਿੱਠੇ ਖੋਲ੍ਹੇ

*** ਡਰੱਗਜ਼ ਤੇ ਭ੍ਰਿਸ਼ਟਾਚਾਰ ਬਾਰੇ ਵੀ ਹੈਰਾਨੀਜਨਕ ਖੁਲਾਸੇ**



ਇਸਲਾਮਾਬਾਦ, 3 ਫਰਵਰੀ, (ਪੋਸਟ ਬਿਊਰੋ)-ਆਰਥਿਕ ਪੱਖੋਂ ਬਹੁਤ ਬੁਰੇ ਹਾਲਾਤ ਤੋਂ ਗੁਜ਼ਰ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੀਆਂ ਮੁਸ਼ਕਲਾਂ ਓਦੋਂ ਵਧ ਗਈਆਂ, ਜਦੋਂ ਉਨ੍ਹਾਂ ਦੀ ਸਾਬਕਾ ਪਤਨੀ ਰੇਹਮ ਖਾਨ ਦੀ ਕਿਤਾਬ ਰਿਲੀਜ਼ ਹੋਈ ਅਤੇ ਇਸ ਵਿੱਚ ਇਮ-ਰਾਨ ਖਾਨ ਬਾਰੇ ਕਈ ਖੁਲਾਸੇ ਕੀਤੇ ਗਏ ਹਨ।

ਇਮਰਾਨ ਦੀ ਸਾਬਕਾ ਪਤਨੀ ਰੇਹਮ ਖਾਨ ਦੀ ਕਿਤਾਬ ਦੇ ਹੱਥ-ਲਿਖਤ ਅੰਸ਼ਾਂ ਦੇ ਲੀਕ ਹੋਣ ਤੋਂ ਕਈ ਮਹੀਨੇ ਬਾਅਦ ਉਸ ਦੀ ਕਿਤਾਬ ਅੱਜ ਵੀਰਵਾਰਛਪ ਕੇ ਸਾਹਮਣੇ ਆਈ ਹੈ, ਜਿਸ ਵਿਚ ਰੇਹਮ ਨੇ ਆਪਣੇ 10 ਮਹੀਨਿਆਂ ਦੇ ਵਿਆਹੁਤਾ ਜੀਵਨ ਬਾਰੇ ਲਿਖਦਿਆਂ ਉਸ ਸਮੇਂ ਦੇ ਰਾਜਨੀਤਕ ਮਾਹੌਲ ਤੇ ਇਮਰਾਨ ਦੀ ਅੱਯਾਸ਼ੀ ਤੇ ਭ੍ਰਿਸ਼ਟਾਚਾਰ ਦਾ ਚਿੱਠਾ ਖੋਲ੍ਹਿਆ ਹੈ। ਉਸ ਨੇ ਕਿਤਾਬ ਵਿੱਚ ਇਹ ਵੀ ਲਿਖਿਆ ਹੈ ਕਿ ਕਿਵੇਂ ਇਮਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਆਪਣੇ ਭਵਿੱਖ ਬਾਰੇ ਅਕਸਰ ਗੱਲਾਂ ਕਰਦੇ ਹੁੰਦੇ ਸਨ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਿਸਾਲ ਦਿੰਦੇ ਸਨ, ਜਿਹੜੇ ‘ਕੱਟੜਪੰਥੀ’ ਵਿਚਾਰਾਂ ਦੇ ਬਾਵਜੂਦ ਸੱਤਾ ਵਿੱਚ ਆਏ ਸਨ।

ਰੇਹਮ ਖਾਨ ਦਾ ਦੋਸ਼ ਹੈ ਕਿ ਇਮਰਾਨ ਖਾਨ ਇਕ ‘ਫ੍ਰੀ-ਲੋਡਰ’ ਸੀ, ਜਿਹੜਾ ਸਿਆਸੀ ਆਗੂਆਂ ਨੂੰ ਗੰਦੀਆਂ ਗਾਲ੍ਹਾਂ ਕੱਢਦਾ ਸੀ। ਉਹ ਲਿਖਦੀ ਹੈ ਕਿ ਇਮਰਾਨ ਦੇ ਘਰ ਵਿੱਚ ਸਬਜ਼ੀਆਂ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਕਦੇ ਨਹੀਂ ਖਰੀਦੀਆਂ ਗਈਆਂ ਤੇ ਜਹਾਂਗੀਰ ਤਾਰੀਨ, ਤਾਰਿਕ ਫਜ਼ਲ ਚੌਧਰੀ ਸਮੇਤ ਵੱਖ-ਵੱਖ ਨੇਤਾਵਾਂ ਤੋਹਫ਼ੇ ਵਜੋਂ ਦਿੰਦੇ ਸਨ। ਉਸ ਨੇ ਇਮ-ਰਾਨ ਖਾਨ ਉੱਤੇ ਕਾਲਾ ਜਾਦੂ ਕਰਨ ਦਾ ਦੋਸ਼ ਲਾਇਆ ਤੇ ਕਿਤਾਬ ਵਿੱਚ ਇਕ ਘਟਨਾ ਦਾ ਜ਼ਿਕਰ ਕੀਤਾ ਹੈ, ਜਿਸ ਵਿੱਚ ਉਸ ਨੇ ਇਮਰਾਨ ਨੂੰ ਆਪਣੇ ਨੰਗੇ ਸਰੀਰ ਉੱਤੇ ਕਾਲੀ ਦਾਲ ਰਗੜਦੇਦੇਖਿਆ ਸੀ। ਰੇਹਮ ਖਾਨ ਲਿਖਦੀ ਹੈ ਕਿ ਉਸ ਨੇ ਇਮਰਾਨ ਨੂੰ ਬਾਥਰੂਮ ਵਿੱਚ ਹੈਰੋਇਨ ਤੇ ਕੋਕੀਨ ਵਰਗੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਰੰਗੇ ਹੱਥੀਂ ਫੜਿਆ ਸੀ। ਉਸ ਦਾ ਦਾਅਵਾ ਹੈ ਕਿ ਇਮਰਾਨ ਦੇ ਸਮਲਿੰਗੀ ਸੰਬੰਧ ਵੀ ਸਨ।

# ਪਾਕਿਸਤਾਨੀ ਕਾਰੋਬਾਰੀ ਵੱਲੋਂ ਦਾਅਵਾ: ਨਰਿੰਦਰ ਮੋਦੀ ਅਗਲੇ ਮਹੀਨੇ ਇਸਲਾਮਾਬਾਦ ਜਾ ਸਕਦੈ

*** ਭਾਰਤ-ਪਾਕਿ ਵਿਚਾਲੇ ਬੈਕ-ਚੈਨਲ ਗੱਲਬਾਤ ਦਾ ਖੁਲਾਸਾ!**

ਇਸਲਾਮਾਬਾਦ, 3 ਫਰਵਰੀ, (ਪੋਸਟ ਬਿਊਰੋ)-ਪਾਕਿਸਤਾਨ ਦੇ ਪ੍ਰਮੁੱਖ ਕਾਰੋਬਾਰੀ ਮੁਹੰਮਦ ਮਨਸ਼ਾ ਨੇ ਇਹ ਦਾਅਵਾ ਕੀਤਾ ਹੈ ਕਿ ਪਾਕਿਸਤਾਨਅਤੇ ਭਾਰਤ ਵਿਚਾਲੇ ਬੈਕ-ਚੈਨਲ ਤੋਂ ਗੱਲਬਤ ਚੱਲ ਰਹੀ ਹੈ, ਜਿਸ ਦੇ ਚੰਗੇ ਨਤੀਜਿਆਂ ਦੀਆਸ ਹੈ। ਉਨ੍ਹਾਂ ਨੇ ਗੁਆਂਢੀ ਦੇਸ਼ ਭਾਰਤ ਨਾਲ ਸਬੰਧਾਂ ਵਿਚ ਸੁਧਾਰ ਉੱਤੇ ਜ਼ੋਰ ਦਿੱਤਾ ਹੈ।

ਨਿਸ਼ਾਤ ਗਰੁੱਪ ਦੇ ਚੇਅਰਮੈਨ ਮੁਹੰਮਦ ਮਨਸ਼ਾ ਨੇ ਲਾਹੌਰ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ ਦੀ ਇੱਕ ਬੈਠਕ ਵਿਚ ਕਿਹਾ, ‘ਜੇ ਦੋਵਾਂ ਗੁਆਂਢੀ





ਦੇਸ਼ਾਂ ਦੇ ਹਾਲਾਤ ਸੁਧਰਨ ਤਾਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਗਲੇ ਮਹੀਨੇ ਪਾਕਿਸਤਾਨ ਦਾ ਦੌਰਾ ਕਰ ਸਕਦੇ ਹਨ।’ ਪਾਕਿਸਤਾਨੀ ਅਖ਼ਬਾਰ ਡਾਨ ਵੱਲੋਂਦਿੱਤੀ ਰਿਪੋਰਟ ਮੁਤਾਬਕ ਉਨ੍ਹਾਂ ਨੇ ਦੋਵਾਂ ਦੇਸ਼ਾਂ ਨੂੰ ਆਪਣੇ ਵਿਵਾਦ ਸੁਲਝਾਉਣ ਅਤੇ ਖੇਤਰ ਵਿਚ ਗ਼ਰੀਬੀ ਨਾਲ ਲੜਨ ਲਈ ਵਪਾਰ ਸ਼ੁਰੂ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇ ਆਰਥਿਕਤਾ ਵਿੱਚ ਸੁਧਾਰ ਨਹੀਂ ਹੁੰਦਾ ਤਾਂ ਦੇਸ਼ ਨੂੰ ਮਾੜੇ ਨਤੀਜੇ ਭੁਗਤਣੇ ਪੈ ਸਕਦੇ ਹਨ। ਪਾਕਿਸਤਾਨ ਨੂੰ ਭਾਰਤ ਨਾਲ ਵਪਾਰਕ ਸਬੰਧਾਂ ਵਿਚ ਸੁਧਾਰ ਕਰਨਾ ਚਾਹੀਦਾਤੇ ਆਰਥਿਕ ਵਿਕਾਸ ਲਈ ਖੇਤਰੀ ਪਹੁੰਚ ਰੱਖਣੀ ਚਾਹੀਦੀ ਹੈ। ਯੂਰਪ ਨੇ 2 ਮਹਾਨ ਯੁੱਧ ਲੜੇ, ਪਰ ਅੰਤ ਵਿਚ ਸ਼ਾਂਤੀ ਅਤੇ ਖੇਤਰੀ ਵਿਕਾਸ ਲਈ ਸਮਝੌਤਾ ਹੋਇਆ, ਕੋਈ ਸਥਾਈ ਦੁਸ਼ਮਣੀ ਨਹੀਂ।ਪਾਕਿਸਤਾਨ ਤੇ ਭਾਰਤ ਦੇ ਵਪਾਰਕ ਸਬੰਧ ਅਗਸਤ 2019 ਵਿਚ ਭਾਰਤ ਵੱਲੋਂ ਜੰਮੂ-ਕਸ਼ਮੀਰ ਦੀ ਧਾਰਾ 370 ਨੂੰ ਰੱਦ ਕੀਤੇ ਜਾਣ ਪਿੱਛੋਂ ਟੁੱਟਣ ਵੱਲ ਚਲੇ ਗਏ ਹਨ। ਪਾਕਿਸਤਾਨ ਨੇ ਪਿੱਛੇ ਜਿਹੇ ਆਪਣੀ ਕੌਮੀ ਸੁਰੱਖਿਆ ਨੀਤੀ ਪੇਸ਼ ਕੀਤੀ ਤਾਂ ਭਾਰਤ ਨਾਲ ਸ਼ਾਂਤੀ ਉੱਤੇ ਜ਼ੋਰ ਦਿੱਤਾ ਸੀ।

# ਮੁੱਖ ਮੰਤਰੀ ਚੰਨੀ ਦੇ ਭਤੀਜੇ ਹਨੀ ਨੂੰ ਈ ਡੀ ਨੇ ਗ੍ਰਿਫਤਾਰ ਕਰ ਲਿਆ

ਜਲੰਧਰ, 3 ਫਰਵਰੀ, (ਪੋਸਟ ਬਿਊਰੋ)-ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਵੀਰਵਾਰ ਅੱਧੀ ਰਾਤ ਤੋਂ ਬਾਅਦ 12.30 ਵਜੇ ਦੇ ਲਗਭਗ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਤੀਜੇ ਭੁਪਿੰਦਰ ਸਿੰਘ ਹਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸਿਵਲ ਹਸਪਤਾਲਜਲੰਧਰ ਦੇ ਈ ਐੱਮਓ (ਐਮਰਜੈਂਸੀ ਮੈਡੀਕਲ ਅਫਸਰ) ਡਾ. ਰੋਹਿਤ ਸ਼ਰਮਾ ਨੇ ਦੱਸਿਆ ਕਿ ਦੇਰ ਰਾਤ ਹਸਪਤਾਲ ਵਿਚ ਈ ਡੀ ਨੇ ਭੁਪਿੰਦਰ ਦਾ ਮੈਡੀਕਲ ਵੀ ਕਰਵ-ਾਇਆ ਹੈ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਨਾਜਾਇਜ਼ ਮਾਈਨਿੰਗ ਦੇ ਦੋਸ਼ ਵਿੱਚ ਲੁਧਿਆਣਾ, ਮੋਹਾਲੀ ਅਤੇ ਹਰਿਆਣਾ ਦੇ ਪੰਚਕੂਲਾਵਿਚਲੇਭੁਪਿੰਦਰ ਹਨੀ ਦੇ ਕੰਪਲੈਕਸਾਂ ਵਿੱਚ ਰੇਡ ਦੌਰਾਨ ਓਥੋਂ 10 ਕਰੋੜ ਰੁਪਏ ਦੀ ਨਕਦੀ ਮਿਲੀ ਸੀ, ਪਰ ਇਸ ਬਾਰੇਈ ਡੀ ਦੇ ਕਿਸੇ ਅਫਸਰ ਨੇ ਪੁਸ਼ਟੀ ਨਹੀਂ ਕੀਤੀ ਸੀ। ਰੇਡ ਤੋਂ ਬਾਅਦ ਜਾਂਚ ਕਰਨ ਦੇਲਈ ਭੁਪਿੰਦਰ ਸਿੰਘ ਹਨੀ ਨੂੰ ਅੱਜ ਜਲੰਧਰ ਵਿਚਈ ਡੀ ਦਫਤਰ ਬੁਲਾਇਆ ਤਾਂ ਉਹ ਸ਼ਾਮੀਂ 6 ਵਜੇ ਦੇ ਕਰੀਬਆਇਆ। ਵਿਭਾਗੀ ਸੂਤਰਾਂ ਮੁਤਾਬਕ ਉਸ ਕੋਲੋਂ ਈ ਡੀ ਨੇ 5-6



ਘੰਟੇ ਲੰਮੀ ਪੁੱਛਗਿੱਛ ਕੀਤੀ ਅਤੇ ਅੱਧੀ ਰਾਤ ਮਗਰੋਂ 12:30 ਵਜੇ ਦੇ ਕਰੀਬ ਉਸ ਨੂੰ ਗ੍ਰਿਫ਼ਤਾਰ ਕਰ ਲਿਆ।ਉਸ ਨੂੰ ਈ ਡੀ ਦੇ ਦਫਤਰ ਵਿੱਚ ਬੈਰਕਵਿੱਚ ਰੱਖਿਆ ਗਿਆ ਹੈ।

ਬੀਤੀ 19 ਜਨਵਰੀ ਨੂੰ ਜਦੋਂਈ ਡੀਟੀਮ ਨੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਤੀਜੇ ਭੁਪਿੰਦਰ ਹਨੀ ਦੇ ਘਰ ਸਮੇਤ ਕਈ ਥਾਈਂ ਰੇਡ ਕੀਤੀ ਤਾਂ ਲੁਧਿਆਣਾ, ਮੋਹਾਲੀ, ਰੂਪਨਗਰ, ਫਤਿਹਗੜ੍ਹ ਸਾਹਿਬ ਤੇ ਪਠਾਨਕੋਟ ਵਿਚ ਤਲਾਸ਼ੀ ਦੌਰਾਨ 12 ਲੱਖ ਰੁਪਏ ਦੀ ਘੜੀ, 21 ਲੱਖ ਰੁਪਏ ਦੇ ਗਹਿਣੇ ਅਤੇ ਹੋਰ ਸਾਮਾਨ ਮਿਲਿਆ ਸੀ। ਇਸ ਕੇਸ ਵਿਚ ਭੁਪਿੰਦਰ ਹਨੀ ਦੇ ਸਾਥੀ ਕੁਦਰਤਦੀਪ ਸਿੰਘ, ਸ਼ੇਅਰ ਹੋਲਡਰ ਕੰਵਰ ਮਹੀਪ ਸਿੰਘ, ਮਨਪ੍ਰੀਤ ਸਿੰਘ, ਸੁਨੀਲ ਕੁਮਾਰ ਜੋਸ਼ੀ, ਜਗਬੀਰ ਇੰਦਰ ਸਿੰਘ ਸਮੇਤ ਰਣਦੀਪ ਸਿੰਘ (ਪ੍ਰੋਵਾਈਡਰ ਓਵਰਸੀਜ਼ ਕੰਪਨੀ ਮਾਲਕ) ਦੇ ਘਰ ਵੀ ਤਲਾਸ਼ੀਹੋਈ ਸੀ। ਇਨ੍ਹਾਂਵਿੱਚੋਂ ਕਈਆਂ ਤੋਂ ਫਿਲਹਾਲ ਈ ਡੀ ਨੇ ਅਜੇ ਪੁੱਛਗਿੱਛ ਕਰਨੀ ਹੈ।

# ਪੀ ਐੱਮ ਸੀ ਬੈਂਕ ਘੁਟਾਲੇ ਦਾ ਮੁੱਖ ਦੋਸ਼ੀ ਦਲਜੀਤ ਸਿੰਘ ਬੱਲ ਭਾਰਤ ਤੋਂ ਫ਼ਰਾਰ ਹੁੰਦਾ ਗ੍ਰਿਫਤਾਰ

*** ਇੱਕ ਹੋਰ ਬੈਂਕ ਡੁੱਬਿਆ, ਰਿਜ਼ਰਵ ਬੈਂਕ ਨੇ ਲਾਇਸੈਂਸ ਰੱਦ ਕੀਤਾ**

ਪਟਨਾ, 3 ਫਰਵਰੀ, (ਪੋਸਟ ਬਿਊਰੋ)- ਪੀ ਐੱਮ ਸੀ(ਪੰਜਾਬ ਐਂਡ ਮਹਾਰਾਸ਼ਟਰ) ਬੈਂਕ ਘੁਟਾਲੇ ਦੇ ਮੁੱਖਦੋਸ਼ੀ ਤੇ ਇਸ ਬੈਂਕ ਦੇ ਡਾਇਰੈਕਟਰ ਦਲਜੀਤ ਸਿੰਘ ਬੱਲ ਨੂੰ ਭਾਰਤੀ ਸੁਰੱਖਿਆ ਏਜੰਸੀ ਨੇ ਬਿਹਾਰ ਦੇ ਰਕਸੌਲ ਬਾਰਡਰ ਤੋਂ ਗ੍ਰਿਫ਼ਤਾਰ ਕੀਤਾ ਹੈ। ਉਹ ਨੇਪਾਲ ਰਾਹੀਂ ਭਾਰਤ ਤੋਂ ਫ਼ਰਾਰ ਹੋ ਕੇ ਕੈਨੇਡਾ ਜਾਣਾ ਚਾਹੁੰਦਾ ਸੀ।

ਵਰਨਣ ਯੋਗ ਹੈ ਕਿ 2019ਵਿੱਚਪੀ ਐੱਮ ਸੀ ਬੈਂਕ ਵਿੱਚ 4,355 ਕਰੋੜ ਰੁਪਏ ਦਾ ਘੁਟਾਲਾ ਹੋਇਆ ਤਾਂ ਉਸ ਦਾ ਮੁੱਖਦੋਸ਼ੀ ਦਲਜੀਤ ਸਿੰਘ ਬੱਲਕਿਹਾ ਗਿਆ ਸੀ। ਇਸ ਦੀ ਜਾਂਚ ਮਹਾਰਾਸ਼ਟਰ ਪੁਲਸ ਦੇ ਆਰਥਿਕ ਜੁਰਮਾਂ ਬਾਰੇ ਵਿੰਗ ਨੇ ਕੀਤੀ ਸੀ। ਅੱਜ ਦਲਜੀਤ ਸਿੰਘ ਬੱਲ ਜਦੋਂ ਭਾਰਤ-ਨੇਪਾਲ ਦੇ ਬਾਰਡਰ ਤੋਂ ਸਿਰਫ਼ 200 ਮੀਟਰ ਦੂਰ ਰਹਿ ਗਿਆ ਤਾਂ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਰਕਸੌਲ ਥਾਣੇਵਿੱਚ ਰੱਖਿਆ ਗਿਆ ਤੇ ਪੁੱਛਗਿੱਛ ਕੀਤੀ ਹੈ। ਮਹਾਰਾਸ਼ਟਰ ਦੇ ਆਰਥਿਕ ਜੁਰਮਾਂ ਬਾਰੇ ਵਿੰਗ ਨੂੰ ਦਲਜੀਤ ਸਿੰਘ ਬੱਲ ਦੀ ਕਾਫ਼ੀ ਸਮੇਂ ਤੋਂ ਭਾਲ਼ ਸੀ। ਉਹ ਕਦੇ ਵੀ ਇਸ ਵਿੰਗ ਦੇ ਅਧਿਕਾਰੀਆਂ ਦੇ ਕਾਬੂ ਨਹੀਂ ਆ ਸਕਿਆ। ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਦਲਜੀਤ ਸਿੰਘ ਵੀ ਨੀਰਵ ਮੋਦੀ ਤੇ ਵਿਜੇ ਮਾਲਿਆ ਵਾਂਗ ਭਾਰਤ ਤੋਂ ਭੱਜ ਕੇ ਕੈਨੇਡਾ ਜਾਣਾ ਚਾਹੁੰਦਾ ਸੀ।



ਇਸ ਦੌਰਾਨ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਮਹਾਰਾਸ਼ਟਰ ਦੇ ਇੰਡੀਪੈਂਡੈਂਟਸ ਕੋਆਪ੍ਰੇਟਿਵ ਬੈਂਕ ਲਿਮਟਿਡ ਦਾ ਲਾਇਸੈਂਸ ਰੱਦ ਕਰ ਦਿੱਤਾ ਹੈ।ਆਰ ਬੀ ਆਈ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਬੈਂਕ ਦੀ ਹਾਲਤ ਦੇਖ ਕੇ ਰਿਜ਼ਰਵ ਬੈਂਕ ਨੇ ਪਿਛਲੇ ਸਾਲ ਇਸ ਉੱਤੇ ਕੁਝ ਪਾਬੰਦੀਆਂ ਲਾਈਆਂ ਸਨ। ਕਾਰੋਬਾਰੀ ਹਾਲਤ ਵਿੱਚ ਸੁਧਾਰ ਨਾ ਹੋਣ ਕਾਰਨ ਲਾਇਸੈਂਸ ਰੱਦ ਕੀਤਾ ਗਿਆ ਹੈ।ਆਰ ਬੀ ਆਈ ਨੇ ਕਿਹਾ ਕਿ ਬੈਂਕ ਕੋਲ ਲੋੜੀਂਦੀ ਪੂੰਜੀ ਨਹੀਂ ਅਤੇ ਭਵਿੱਖ ਵਿੱਚ ਹੋਰ ਕਮਾਈ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ।

# ਪਾਕਿ ਵਿੱਚ ਸਿੱਖ ਜਰਨੈਲ ਹਰੀ ਸਿੰਘ ਨਲਵਾ ਦਾ ਬੁੱਤ ਤੋੜਿਆ ਗਿਆ

ਪੇਸ਼ਾਵਰ, 3 ਫਰਵਰੀ, (ਪੋਸਟ ਬਿਊਰੋ)-ਪਾਕਿਸਤਾਨ ਦੇ ਖੈਬਰ ਪਖਤੂਨਖਵਾ ਰਾਜ ਦੇ ਹਰੀਪੁਰ ਜ਼ਿਲੇ ਦੇ ਸਥਾਨਕ ਪ੍ਰਸ਼ਾਸਨ ਨੇ ਸਿਦੀਕੀ-ਏ-ਅਕਬਰ ਚੌਂਕ ਤੋਂ ਸਿੱਖ ਜਨਰਲ ਹਰੀ ਸਿੰਘ ਨਲਵਾ ਦਾ ਬੁੱਤ ਹਟਾ ਦਿੱਤਾ ਹੈ। ਅੱਠ ਫੁੱਟ ਲੰਬਾ ਧਾਤ ਦਾਬੁੱਤ ਸਤੰਬਰ 2017 ਵਿੱਚਬਣ-ਾਇਆ ਗਿਆ ਸੀ। ਰਿਪੋਰਟਾਂ ਅਨੁਸ-ਾਰ ਇਹਬੁੱਤ ਲਗਭਗ 25 ਲੱਖ ਰੁਪਏ ਦੀ ਲਾਗਤ ਨਾਲ ਬਣਵਾਇਆ ਸੀ।

ਇਸਲਾਮ ਦੇ ਪਹਿਲੇ ਖਲੀਫਾ ਹਜਰਤ ਅਬਦੁਲ ਬਕਰ ਦੇ ਨਾਮ ਉੱਤੇ ਚੌਰਾਹੇ ਉੱਤੇ ਧਾਰਮਿਕ ਦਲਾਂ ਨੇ ਇਸ ਦੇ ਹੋਣ ਉੱਤੇ ਇਤਰਾਜ਼ ਕੀਤਾ ਤਾਂ ਇਸ ਨੂੰ ਹਟਾ ਦਿੱਤਾ ਗਿਆ।



ਸਥਾਨਕ ਪ੍ਰਸ਼ਾਸਨ ਵੱਲੋਂ ਹਰੀ ਸਿੰਘ ਨਲਵਾ ਦਾ ਬੁੱਤ ਢਾਹੇ ਜਾਣ ਦੀ ਖ਼ਬਰ ਤੋਂਸਿੱਖ ਭਾਈਚਾਰੇ ਦੀਆਂ ਭਾਵਨਾਤਮਕ ਅਤੇ ਧਾਰਮਿਕ ਕਦਰਾਂ-ਕੀਮਤਾਂ ਨੂੰ ਸੱਟ ਵੱਜੀ ਕਹੀ ਜਾ ਰਹੀ ਹੈ।ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਬੁੱਤ ਲਾਉਣ ਵੇਲੇ ਲੰਬੇ-ਚੌੜੇ ਦਾਅਵੇ ਕੀਤੇ ਗਏ ਸਨ ਕਿ ਧਾਰਮਿਕ ਟੂਰਿਜ਼ਮ ਤੇ ਸਹਿਣਸ਼ੀਲਤਾ ਵਧਾਉਣੀ ਹੈ, ਪਰ ਪ੍ਰਸ਼ਾਸਨ ਵੱਲੋਂਬੁੱਤ ਨੂੰ ਤੋੜਨਾ ਸਮਝ ਤੋਂ ਬਾਹਰ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਏਦਾਂ ਦਾ ਫ਼ੈਸਲੇ ਨਾਲ ਇਤਿਹਾਸ ਨੂੰ ਬਦਲਿਆ ਜਾਂ ਪਲਟਿਆ ਨਹੀਂ ਜਾ ਸਕਦਾ।

# ਓਵੈਸੀ ਦੇ ਕਾਫਲੇ ਉੱਤੇ ਫਾਇਰਿੰਗ, ਪੁਲਸ ਨੇ ਇੱਕ ਦੋਸ਼ੀ ਫੜਿਆ

ਮੇਰਠ/ਲਖਨਊ, 3 ਫਰਵਰੀ, (ਪੋਸਟ ਬਿਊਰੋ)-ਉੱਤਰ ਪ੍ਰਦੇਸ਼ ਚੋਣਾਂ ਲਈ ਚੱਲਦੀ ਸਿਆਸੀ ਖਿੱਚੋਤਾਣ ਵਿਚ ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ ਦੇ ਪ੍ਰਧਾਨ ਅਸਦੁਦੀਨ ਓਵੈਸੀ ਦੇ ਕਾਫ਼ਲੇ ਉੱਤੇ ਗੋਲੀਬਾਰੀ ਦੇ ਦੋਸ਼ਵਿੱਚ ਉੱਤਰ ਪ੍ਰਦੇਸ਼ ਪੁਲਿਸ ਨੇ ਇਕ ਸ਼ੱਕੀ ਵਿਅਕਤੀ ਨੂੰ ਹਿਰਾਸਤਵਿੱਚ ਲਿਆ ਹੈ।

ਇਸ ਬਾਰੇ ਉੱਤਰ ਪ੍ਰਦੇਸ਼ਪੁਲਿਸ ਦੇ ਐਡੀਸ਼ਨਸ਼ਲ ਡੀਜੀ ਪੀ(ਲਾਅ ਐਂਡ ਆਰਡਰ) ਪ੍ਰਸ਼ਾਂਤ ਕੁਮਾਰ ਨੇ ਕਿਹਾ ਕਿ ਪੁਲਿਸ ਨੂੰ ਇਸ ਕੇਸਵਿੱਚ ਅਹਿਮ ਸੁਰਾਗ ਮਿਲੇ ਹਨਅਤੇ ਜਲਦੀ ਹੀ ਇਸ ਦਾ ਖੁਲਾਸਾ ਹੋ ਜਾਵੇਗਾ। ਇਸ ਦੇ ਨਾਲ ਹਾਪੁੜ ਦੇ ਪਿਲਖਵਾਵਿੱਚ ਛਿਜਰਸੀ ਟੋਲ ਬੈਰੀਅਰ ਨੇੜੇ ਓਵੈਸੀ ਦੇ ਕਾਫਲੇ ਉੱਤੇ ਹਮਲੇ ਬਾਰੇ ਮੇਰਠ ਰੇਂਜ ਦੇ ਆਈਜੀ



ਪ੍ਰਵੀਨ ਕੁਮਾਰ ਨੇ ਕਿਹਾ ਕਿ ਇਕ ਸ਼ੱਕੀ ਦੋਸ਼ੀ ਫੜਿਆ ਅਤੇਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਵਰਣਣ ਯੋਗ ਹੈ ਕਿ ਅਸਦੁਦੀਨ ਓਵੈਸੀ ਨੇ ਦਾਅਵਾ ਕੀਤਾ ਹੈ ਕਿ ਜਦੋਂ ਉਹ ਦਿੱਲੀਜਾਂਦੇ ਸਨ ਤਾਂ ਉਨ੍ਹਾਂ ਦੀ ਕਾਰ ਉੱਤੇ ਤਿੰਨ-ਚਾਰ ਰਾਉਂਡ ਫਾਇਰ ਹੋਏ ਸਨ। ਛਿਜਰਸੀ ਟੋਲ ਪਲਾਜ਼ਾਦੀ ਇਸ ਘਟਨਾ ਬਾਰੇ ਹਾਪੁੜ ਦੇ ਐੱਸਪੀ ਦੀਪਕ ਭੁਕਰ ਨੇ ਦੱਸਿਆ ਕਿ ਇਕ ਦੋਸ਼ੀ ਗ੍ਰਿਫਤਾਰ ਕੀਤਾ ਹੈ, ਜਿਸ ਤੋਂ ਨਾਜਾਇਜ਼ ਹਥਿਆਰ ਮਿਲੇ ਹਨ।ਬਾਕੀ ਦੋਸ਼ੀਆਂ ਨੂੰ ਫੜਨ ਲਈ 5 ਟੀਮਾਂ ਬਣਾਈਆਂ ਹਨ ਤੇ ਜਲਦੀ ਸਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਪਤਾ ਲੱਗਾ ਹੈ ਕਿ ਜਦੋਂ ਓਵੈਸੀ ਉੱਤਰ ਪ੍ਰਦੇਸ਼ਚੋਣਾਂ ਦੇ ਸਿਲਸਿ-ਲੇਵਿੱਚ ਮੇਰਠ ਤੋਂ ਦਿੱਲੀ ਜਾ ਰਹੇ ਸਨ ਤਾਂ ਛਿਜਰਸੀ ਟੋਲ ਪਲਾਜ਼ਾ ਉੱਤੇ ਉਨ੍ਹਾਂ ਦੇ ਕਾਫਲੇ ਉੱਤੇ ਫਾਇਰਿੰਗ ਕਰਨ ਵਾਲਿਆਂ ਦੀ ਗਿਣਤੀ ਤਿੰਨ-ਚਾਰ ਸੀ, ਜੋ ਭੱਜ ਗਏ। ਓਵੈਸੀ ਦੀ ਕਾਰ ਉੱਤੇ ਗੋਲੀਆਂ ਦੇ ਨਿਸ਼ਾਨ ਹਨ ਤੇ ਕਾਫਲੇ ਦੀਆਂ ਇਕ-ਦੋ ਗੱਡੀਆਂ ਦੇ ਟਾਇਰ-ਪੰਕਚਰ ਹੋ ਗਏ ਹਨ।

# ਤਿੰਨ ਲੱਖ ਰੁਪਏ ਸਮੇਤ ਐਨ ਆਰ ਆਈ ਗ੍ਰਿਫਤਾਰ

ਹੁਸ਼ਿਆਰਪੁਰ, 3 ਫਰਵਰੀ (ਪੋਸਟ ਬਿਊਰੋ)- ਟਾਂਡਾ ਜਾ ਰਹੇ ਇੱਕ ਐਨ ਆਰ ਆਈ ਦੀ ਕਾਰ ਵਿੱਚੋਂ ਤਲਾਸ਼ੀ ਦੌਰਾਨ ਪੁਲਸ ਨੇ ਤਿੰਨ ਲੱਖ ਰੁਪਏ ਦੀ ਨਕਦੀ ਬਰਾਮਦ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਐਸ ਐਚ ਓ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਵਿਧਾਨ ਸਭਾ ਚੋਣਾਂ ਕਾਰਨ ਜੇਲ੍ਹ ਚੌਂਕ ਵਿੱਚ ਨਾਕਾਬੰਦੀ ਕੀਤੀ ਹੋਈ ਸੀ। ਤਲਾਸ਼ੀ ਦੌਰਾਨ ਇੱਕ ਆਲਟੋ ਕਾਰ ਨੂੰ ਰੋਕਿਆ, ਜਿਸ ਵਿੱਚ ਸਪੇਨ ਤੋਂ ਮੁੜਿਆ ਟਾਂਡਾ ਰਾਮ ਸਰਾਏ ਦਾ ਭੁਪਿੰਦਰ ਸਿੰਘ ਆਪਣੀ ਪਤਨੀ ਅਤੇ ਦੋ ਬੱਚਿਆਂ ਸਮੇਤ ਸਵਾਰ ਸੀ। ਜਦ ਕਾਰ ਦੀ ਤਲਾਸ਼ੀ ਲਈ ਤਾਂ ਡਰਾਈਵਰ ਸੀਟ ਦੇ ਹੇਠੋਂ ਤਿੰਨ ਲੱਖ ਰੁਪਏ ਮਿਲੇ। ਭੁਪਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੇ ਇਹ ਰਕਮ ਉਧਾਰ ਲਈ ਸੀ। ਇਨ੍ਹੀਂ ਦਿਨੀਂ ਭਾਰਤ ਆਇਆ ਹੋਇਆ ਹੈ ਅਤੇ ਅੱਜ ਇਹ ਰਕਮ ਇਕੱਠੀ ਕਰ ਕੇ ਆਪਣੇ ਘਰ ਜਾ ਰਿਹਾ ਸੀ। ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਸ਼ੁਰੂ ਕਰ ਕੇ ਜਾਣਕਾਰੀ ਚੋਣ ਕਮਿਸ਼ਨ ਅਤੇ ਇਨਕਮ ਟੈਕਸ ਵਿਭਾਗ ਨੂੰ ਦੇ ਦਿੱਤੀ ਗਈ ਹੈ ਅਤੇ ਅਗਲਾ ਫੈਸਲਾ ਚੋਣ ਕਮਿਸ਼ਨ ਦੀ ਟੀਮ ਕਰੇਗੀ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana



MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਐਰਿਨ ਓ ਟੂਲ ਦੇ ਪਤਨ ਦਾ ਕਾਰਣ -ਹਕੀਕਤ ਤੋਂ ਦੂਰੀ

ਬੁੱਧਵਾਰ ਨੂੰ 119 ਕੰਜ਼ਰਵੇਟਿਵ ਪਾਰਟੀ ਐਮ ਪੀਆਂ ਵਿੱਚੋਂ 73 ਨੇ ਸ਼ਰੇਆਮ ਬਗਾਵਤ ਕਰਦੇ ਹੋਏ ਪਾਰਟੀ ਲੀਡਰ ਐਰਿਨ ਓ ਟੂਲ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਸੀ। ਸੁਆਲ ਹੈ ਕਿ ਅਜਿਹੇ ਕਿਹੜੇ ਕਾਰਣ ਰਹੇ ਜਿਹਨਾਂ ਕਾਰਣ ਐਰਿਨ ਓ ਟੂਲ ਉਹ ਪਹਿਲਾ ਕੰਜ਼ਰਵੇਟਿਵ ਪਾਰਟੀ ਲੀਡਰ ਬਣ ਗਿਆ ਹੈ ਜਿਸਨੂੰ 2015 ਵਿੱਚ ਪਾਸ ਕੀਤੇ ਗਏ ਰੀਫਾਰਮ ਐਕਟ (Reform Act) ਦੀ ਅਧੀਨ ਰੁਖ਼ਸਤੀ ਕਰਨੀ ਪਈ। 2015 ਵਿੱਚ ਬਣੇ ਇਸ ਕਾਨੂੰਨ ਅਨੁਸਾਰ ਜੇ ਕਿਸੇ ਸਿਆਸੀ ਪਾਰਟੀ ਦੀ ਕਾਕਸ ਦੇ 20%ਮੈਂਬਰ ਬੇਨਤੀ ਕਰਨ ਤਾਂ ਲੀਡਰਸ਼ਿੱਪ ਦਾ ਮੁਲਾਂਕਣ ਕਰਨ ਲਈ ਗੁਪਤ ਵੋਟ ਪਾਈ ਜਾਵੇਗੀ। ਓ'ਟੂਲ ਦੇ ਕੇਸ ਵਿੱਚ ਵੋਟਿੰਗ ਗੁਪਤ ਹੋਣ ਦੇ ਬਾਵਜੂਦ ਕੋਈ ਬਹੁਤੀ ਗੱਲ ਗੁਪਤ ਨਹੀਂ ਰਹੀ। ਉਸਦਾ ਪਾਰਟੀ ਅੰਦਰ ਵਿਰੋਧ ਜੱਗ ਜਾਹਰ ਹੋ ਚੁੱਕਾ ਸੀ। ਡੇਢ ਕੁ ਸਾਲ ਦੇ ਅੰਤਰਾਲ ਵਿੱਚ ਹੀ ਖਾਸ ਕਰਕੇ ਪਿਛਲੀਆਂ ਚੋਣਾਂ ਵਿੱਚ ਚੰਗੀ ਕਾਰਗੁਜ਼ਾਰੀ ਨਾ ਵਿਖਾਉਣ ਕਾਰਣ ਉਸਦਾ ਪਾਰਟੀ ਵਿੱਚ ਆਧਾਰ ਬਿਲਕੁਲ ਕਮਜ਼ੋਰ ਹੋ ਚੁੱਕਾ ਸੀ।

2019 ਦੀਆਂ ਚੋਣਾਂ ਵਿੱਚ ਜਸਟਿਨ ਟਰੂਡੋ ਦੇ ਹਮਦਰਦ ਵੀ ਮੰਨ ਰਹੇ ਸਨ ਕਿ ਇਸ ਵਾਰ ਕੰਜ਼ਰਵੇਟਿਵ ਪਾਰਟੀ ਨੂੰ ਸੱਤਾ ਵਿੱਚ ਆਉਣੋਂ ਰੋਕਣਾ ਅਸੰਭਵ ਗੱਲ ਹੈ। ਵੱਡੀ ਹੱਦ ਤੱਕ ਇਹ ਸਿਹਰਾ ਐਰਿਨ ਓ ਟੂਲ ਨੂੰ ਜਾਂਦਾ ਹੈ ਕਿ ਉਸਨੇ ਕਈ ਪੱਖਾਂ ਤੋਂ 'ਸੈਲਫ ਗੋਲ' ਕਰਕੇ ਪ੍ਰਧਾਨ ਮੰਤਰੀ ਦੀ ਕੁਰਸੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੂੰ ਬਖਸ਼ ਦਿੱਤੀ। ਕਈਆਂ ਵਿੱਚੋਂ ਇੱਕ ਵੱਡੀ ਵਜਹ ਸੀ ਓ'ਟੂਲ ਦਾ ਪਰਵਾਸੀ ਭਾਈਚਾਰੇ ਨਾਲ ਮਿਲਵਰਤਣ ਕਾਇਮ ਨਾ ਰੱਖ ਸਕਣਾ। ਜੇ ਅਸੀਂ ਦੂਰ ਨਾ ਜਾਈਏ ਤਾਂ 2021 ਦੀਆਂ ਚੋਣਾਂ ਦੌਰਾਨ ਟੋਰਾਂਟੋ, ਮਿਸੀਸਾਗਾ, ਬਰੈਂਪਟਨ ਅਤੇ ਹੋਰ ਜੀ ਟੀ ਏ ਸ਼ਹਿਰਾਂ ਵੱਲ ਉਸਨੇ ਕੋਈ ਤੱਵਕੋਂ ਨਹੀਂ ਦਿੱਤੀ। ਅਸਲ ਵਿੱਚ ਸਟੀਫਨ ਹਾਰਪਰ ਤੋਂ ਬਾਅਦ ਐਂਡਰੀਓ ਸ਼ੀਅਰ ਅਤੇ ਐਰਿਨ ਓ ਟੂਲ ਦੋਵੇਂ ਹੀ ਪਰਵਾਸੀਆਂ ਨਾਲ ਤਾਲਮੇਲ ਪੈਦਾ ਕਰਨ ਵਿੱਚ ਅਸਮਰੱਥ ਰਹੇ। ਦੂਜੇ ਪਾਸੇ ਲਿਬਰਲ ਪਾਰਟੀ ਦਾ ਸਾਰਾ ਜੋਰ ਹੀ ਪਰਵਾਸੀਆਂ ਨੂੰ ਖੁਸ਼ ਕਰਨ ਉੱਤੇ ਰਿਹਾ ਹੈ। ਨਤੀਜਾ ਸੱਭ ਦੇ ਸਾਹਮਣੇ ਹੈ, ਜੀ ਟੀ ਏ ਪਹਿਲਾਂ ਵੀ ਲਿਬਰਲ ਲਾਲ ਸੀ ਅਤੇ 2021 ਵਿੱਚ ਲਿਬਰਲ ਲਾਲੀ ਸਗੋਂ ਹੋਰ ਮਜ਼ਬੂਤ ਹੋਈ। ਪਿਛਲੀਆਂ ਚੋਣਾਂ ਵਿੱਚ ਤਾਂ ਓ'ਟੂਲ ਇਹ ਵੀ ਸਪੱਸ਼ਟ ਨਹੀਂ ਸੀ ਕਰ ਸਕਿਆ ਕਿ ਲਿਬਰਲ ਪਾਰਟੀ ਦੇ ਹਰ ਸਾਲ ਚਾਰ ਲੱਖ ਇੰਮੀਗਰਾਂਟ ਪੱਕੇ ਕਰਨ ਦੇ ਮੁਕਾਬਲੇ ਕੰਜ਼ਰਵੇਟਿਵ ਪਾਰਟੀ ਦਾ ਸਟੈਂਡ ਕੀ ਹੋਵੇਗਾ!

ਕੋਈ ਸ਼ੱਕ ਨਹੀਂ ਕਿ ਐਰਿਨ ਓ ਟੂਲ ਇੱਕ ਸਿਰੜੀ ਫੌਜੀ, ਸਹੀ ਮਾਅਨਿਆਂ ਵਿੱਚ ਦੇਸ਼ ਭਗਤ ਅਤੇ ਹੁਨਰਮੰਦ ਵਿਅਕਤੀ ਹੈ। ਪਰ ਉਸਦੀ ਅਸਫਲਤਾ ਸਿੱਧ ਕਰਦੀ ਹੈ ਕਿ ਦੇਸ਼ ਨੂੰ ਚਲਾਉਣ ਲਈ ਤਿਆਰ ਹੋਣ ਵਾਸਤੇ ਲੀਡਰ ਦਾ ਪਹਿਲਾ ਗੁਣ ਪਾਰਟੀ ਨੂੰ ਇੱਕ ਪਲੇਟਫਾਰਮ ਉੱਤੇ ਜੋੜ ਕੇ ਰੱਖਣਾ ਵੇਖਿਆ ਜਾਂਦਾ ਹੈ। ਓ'ਟੂਲ ਕਦੇ ਵੀ ਇੱਕ ਸਪੱਸ਼ਟ ਅਤੇ ਬੇਬਾਕ ਕੰਜ਼ਰਵੇਟਿਵ ਵਾਗੂੰ ਪੇਸ਼ ਨਹੀਂ ਆਇਆ। ਉਸਦਾ ਰੁਝਾਨ ਦੋ ਧਾਰੀ ਰਿਹਾ। ਇੱਕ ਪਾਸੇ ਕੰਜ਼ਰਵੇਟਿਵ ਪਾਰਟੀ ਨੂੰ ਬੇਸ ਨੂੰ ਖੁਸ਼ ਕਰਨ ਵਾਲਾ ਅਤੇ ਦੂਜੇ ਪਾਸੇ ਸਮਾਜਿਕ ਮੁੱਦਿਆਂ ਉੱਤੇ ਲਿਬਰਲ ਪਾਰਟੀ ਤੋਂ ਵੀ ਜ਼ਿਆਦਾ ਲਿਬਰਲ ਹੋਣ ਦੇ ਵਿਖਾਵੇ ਵਾਲਾ। ਸਿੱਟਾ ਇਹ ਰਿਹਾ ਕਿ ਲਿਬਰਲ ਪਾਰਟੀ ਦੇ ਆਧਾਰ ਨੂੰ ਤਾਂ ਉਸ ਤੋਂ ਕੋਈ ਖੋਰਾ ਨਾ ਲੱਗ ਸਕਿਆ ਪਰ ਕੰਜ਼ਰਵੇਟਿਵ ਬੇਸ ਨੂੰ ਨਿਰਾਸ਼ ਜਰੂਰ ਕਰ ਬੈਠਾ। ਪਿਛਲੀਆਂ ਚੋਣਾਂ ਵਿੱਚ ਉਸਦਾ ਬਿਆਨ 'ਇਹ ਤੁਹਾਡੇ ਪਿਓ ਦੀ ਕੰਜ਼ਰਵੇਟਿਵ ਪਾਰਟੀ ਨਹੀਂ ਹੈ' ਪਾਰਟੀ ਦੇ ਮਨੋਬਲ ਨੂੰ ਥਿੜਕਾਉਣ ਲਈ ਕਾਫੀ ਸੀ। ਸਮੁੱਚੀ ਪਾਰਟੀ ਨੂੰ ਇੱਕ ਪਲੇਟਫਾਰਮ ਨਾਲ ਜੋੜਨ ਦੀ ਥਾਂ ਉਸਨੇ ਦੋ ਗੁੱਟ ਖੜੇ ਕਰਨ ਦੀ ਕੋਸ਼ਿਸ਼ ਕੀਤੀ। ਓਟਾਵਾ ਵਿੱਚ ਚੱਲ ਰਹੇ 'ਟਰੱਕਾਂ ਵਾਲਿਆਂ' ਦੇ ਪ੍ਰਦਰਸ਼ਨ ਦੇ ਹੱਕ ਵਿੱਚ ਬਿਆਨ ਦੇਣ ਤੋਂ ਬਾਅਦ ਕੁੱਝ ਅਨਸਰਾਂ ਦੀ ਥਾਂ ਸੱਮੁਚੇ ਪ੍ਰਦਰਸ਼ਨਕਾਰੀਆਂ ਦੀ ਨਿਖੇਧੀ ਕਰਨਾ ਉਸਦੇ ਲੀਡਰਸ਼ਿੱਪ ਕਮਜ਼ੋਰੀ ਦਾ ਇੱਕ ਵੱਡਾ ਨਮੂਨਾ ਹੈ। ਸਮਝਿਆ ਜਾਂਦਾ ਹੈ ਕਿ ਕਈ ਕੰਜ਼ਰਵੇਟਿਵ ਐਮ ਪੀ 'ਟਰੱਕ ਪ੍ਰਦਰਸ਼ਨ' ਬਾਰੇ ਉਸਦੀ ਦੁਚਿੱਤੀ ਕਾਰਣ ਜ਼ਿਆਦਾ ਖਫ਼ਾ ਹੋਏ ਹਨ।

ਖੈਰ, ਸਟੀਫਨ ਹਾਰਪਰ ਤੋਂ ਬਾਅਦ ਤੀਜੀ ਲੀਡਰਸ਼ਿੱਪ ਰੇਸ ਲਈ ਤਿਆਰ ਹੋਣ ਜਾ ਰਹੀ ਕੰਜ਼ਰਵੇਟਿਵ ਪਾਰਟੀ ਲਈ ਚੁਣੌਤੀ ਹੈ ਕਿ ਉਹ ਆਪਣੇ ਚੰਗੇ ਭੱਵਿਖ ਲਈ ਕਿਹੋ ਜਿਹੇ ਲੀਡਰ ਦੀ ਚੋਣ ਕਰੇ? ਉਹਨਾਂ ਨੂੰ ਕੋਈ ਐਸਾ ਲੀਡਰ ਚੁਣਨਾ ਹੋਵੇਗਾ ਜੋ ਪਰਵਾਸੀਆਂ ਦਾ ਦਿਲ ਜਿੱਤ ਸਕੇ, ਓ'ਟੂਲ ਵਾਗੂੰ ਕੰਜ਼ਰਵੇਟਿਵ ਹੋਣ ਉੱਤੇ ਸ਼ਰਮਿੰਦਗੀ ਮਹਿਸੂਸ ਨਾ ਕਰੇ ਅਤੇ ਦਿਲਾਂ ਨੂੰ ਜਿੱਤਣ ਦੀ ਕੋਸ਼ਿਸ਼ ਕਰੇ। ਲੀਡਰਸ਼ਿੱਪ ਰੇਸ ਵਿੱਚ ਪੀਅਰੇ ਪੋਇਲੀਵਰੇ, ਮਾਈਕਲ ਚੌਂਗ, ਮਿਸ਼ੈਲ ਰੈਮਪਲ ਗਾਰਨਰ ਅਤੇ ਸ਼ਾਇਦ ਬਰੈਂਟਪਨ ਮੇਅਰ ਪੈਟਰਿਕ ਬਰਾਊਨ ਸਮੇਤ ਜਿਹੜੇ ਚਿਹਰੇ ਚਰਚਾ ਵਿੱਚ ਆ ਰਹੇ ਹਨ, ਇਹਨਾਂ ਵਿੱਚੋਂ ਪਾਰਟੀ ਨੂੰ ਕੋਈ ਐਸਾ ਲੀਡਰ ਚੁਣਨਾ ਹੋਵੇਗਾ ਜਿਹੜਾ ਬੇਬਾਕੀ ਨਾਲ ਕੰਜ਼ਰਵੇਟਿਵ ਕਦਰਾਂ ਕੀਮਤਾਂ ਉੱਤੇ ਪਹਿਰਾ ਦੇਂਦੇ ਹੋਏ ਪਾਰਟੀ ਦੇ ਨੀਲੇ ਟੈਂਟ ਨੂੰ ਮਜ਼ਬੂਤੀ ਬਖਸ਼ੇ।

## ਮੁੜ ਚੁਣੇ ਜਾਣ ਉੱਤੇ ਫੋਰਡ ਸਰਕਾਰ ਨੇ ਗਿੱਗ ਤੇ ਹੌਸਪਿਟੈਲਿਟੀ ਵਰਕਰਜ਼ ਨੂੰ ਬੈਨੇਫਿਟ ਦੇਣ ਦਾ ਕੀਤਾ ਵਾਅਦਾ

...ਪੰਨਾ 1 ਦਾ ਬਾਕੀ

ਅੱਜ ਮੈਕਨੌਟਨ ਵੱਲੋਂ ਇਹ ਐਲਾਨ ਕੀਤਾ ਜਾ ਸਕਦਾ ਹੈ ਕਿ ਇਸ ਨਵੇਂ ਪ੍ਰੋਗਰਾਮ ਨੂੰ ਬਿਹਤਰ ਢੰਗ ਨਾਲ ਚਲਾਉਣ ਲਈ ਸਰਕਾਰ ਐਡਵਾਈਜ਼ਰੀ ਪੈਨਲ ਤਿਆਰ ਕਰੇਗੀ।

ਇਸ ਤੋਂ ਭਾਵ ਇਹ ਹੈ ਕਿ ਵਧੇਰੇ ਵਰਕਰਜ਼ ਨੂੰ ਉਸ ਸੂਰਤ ਵਿੱਚ ਹੈਲਥ, ਡੈਂਟਲ ਤੇ ਵਿਜ਼ਨ ਕੇਅਰ ਕਵਰੇਜ ਮਿਲ ਸਕੇਗੀ ਜੇ ਉਹ ਨੌਕਰੀਆਂ ਬਦਲਦੇ ਹਨ। ਹਾਲਾਂਕਿ ਲੇਬਰ ਮੰਤਰੀ ਇਹ ਨਹੀਂ ਦੱਸ ਸਕੇ ਕਿ ਇਸ ਪ੍ਰੋਗਰਾਮ ਨੂੰ ਫੰਡ ਕਿਸ ਤਰ੍ਹਾਂ ਕੀਤਾ ਜਾਵੇਗਾ ਤੇ ਜਾਂ ਫਿਰ ਟੈਕਸਦਾਤਾਵਾਂ, ਇੰਪਲੌਇਰਜ਼ ਤੇ ਇੰਪਲੌਈਜ਼ ਉੱਤੇ ਇਸ ਦਾ ਕਿੰਨਾ ਕੁ ਬੋਝ ਪਵੇਗਾ। ਮੈਕਨੌਟਨ ਨੇ ਇਹ ਨਹੀਂ ਦੱਸਿਆ ਕਿ ਐਡਵਾਈਜ਼ਰੀ ਪੈਨਲ ਵਿੱਚ ਕੌਣ ਕੌਣ ਹੋਵੇਗਾ।

## ਕੈਪਟਨ ਨੇ ਭੇਦ ਖੋਲ੍ਹਿਆ: ਪਾਕਿਸਤਾਨ ਤੋਂ ਇਮਰਾਨ ਖਾਨ ਨੇ ਕੀਤੀ ਸੀ ਨਵਜੋਤ ਸਿੱਧੂ ਨੂੰ ਮੰਤਰੀ ਬਣਾਉਣ ਦੀ ਸਿਫਾਰਸ਼

ਪਟਿਆਲਾ, 3 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭੇਦ ਖੋਲ੍ਹਿਆ ਹੈ ਕਿਪੰਜਾਬ ਕਾਂਗਰਸ ਦੇ ਅਜੋਕੇ ਪ੍ਰਧਾਨ ਨਵਜੋਤ ਸਿੰਘਸਿੱਧੂਨੂੰ ਮੰਤਰੀ ਬਣਾਉਣ ਲਈਸਾਲ 2017 ਵਿੱਚ ਉਨ੍ਹਾਂ ਨੂੰਪਾਕਿਸਤਾਨ ਤੋਂ ਕਿਸ ਨੇ ਸਿਫਾਰਸ਼ਕੀਤੀ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਅਜੋਕੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਖੁਦ ਉਨ੍ਹਾਂ ਨੂੰ ਨਵਜੋਤ ਸਿੰਘ ਸਿੱਧੂ ਨੂੰ ਮੰਤਰੀ ਬਣਾਉਣ ਲਈ ਇੱਕ ਚਿੱਠੀ ਭੇਜੀ ਸੀ। ਇਸ ਸੰਬੰਧ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਉਹ ਚਿੱਠੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਦੇ ਦਿੱਤੀ ਸੀ, ਪਰ ਉਨ੍ਹਾਂ ਨੇ ਕੋਈ ਜਵਾਬ ਨਹੀਂ ਸੀ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪ੍ਰਿਅੰਕਾ ਗਾਂਧੀ ਦਾ ਜਵਾਬ ਜ਼ਰੂਰ ਆਇਆ ਸੀ ਤੇ ਉਨ੍ਹਾਂ ਨੇ ਕਿਹਾ ਸੀ ਕਿ ਨਵਜੋਤ ਸਿੰਘ ਸਿੱਧੂ ਨੇ ਬਹੁਤ ਮਾੜੀ ਗੱਲ ਕੀਤੀ ਹੈ।



ਵਰਨਣ ਯੋਗ ਹੈ ਕਿ ਕੈਪਟਨ ਅਮਰਿੰ-ਦਰ ਸਿੰਘ ਨੇ ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ ਦੇ ਵੱਡੇ ਆਗੂਆਂ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਦਾਅਵਾ ਕੀਤਾ ਸੀ ਕਿ ਨਵਜੋਤ ਸਿੰਘਸਿੱਧੂ ਨੂੰ ਪੰਜਾਬ ਦਾ ਮੰਤਰੀ ਬਣਾਉਣ ਲਈ ਉਨ੍ਹਾਂ ਨੂੰ ਪਾਕਿਸਤਾਨ ਤੋਂ ਸਿਫਾਰਸ਼ ਆਈ ਸੀ। ਓਦੋਂ ਕੈਪਟਨ ਅਮਰਿੰਦਰ ਸਿੰਘ ਨੇ ਇਹ ਨਹੀਂ ਦੱਸਿਆ ਸੀ ਕਿ ਸਿਫਾਰਸ਼ ਕਿਸ ਨੇ ਕੀਤੀ ਸੀ ਅਤੇ ਇਹ ਸਵਾਲ ਲਗਾਤਾਰ ਉੱਠ ਰਿਹਾ ਸੀ।ਅੱਜ ਉਨ੍ਹਾ ਨੇ ਇਹ ਖੁਲਾਸਾ ਕਰ ਦਿੱਤਾ ਹੈ।

ਕਾਂਗਰਸ ਪਾਰਟੀ ਦੀ ਲੀਡਰਸ਼ਿਪ ਬਾਰੇ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਇਹ ਕਿਹਾ ਕਿ ਉਸ ਨੂੰ ਪਾਕਿਸਤਾਨ ਤੋਂ ਨਵਜੋਤ ਸਿੰਘ ਸਿੱਧੂ ਨੂੰ ਮੰਤਰੀ ਬਣਾਉਣ ਲਈ ਆਈ ਚਿੱਠੀ ਬਾਰੇ ਦੱਸਿਆ ਗਿਆ ਸੀ ਤਾਂ ਇਸ ਬਾਰੇ ਕਾਂਗਰਸ ਦੀ ਹਾਈ ਕਮਾਂਡ ਜਾਂ ਕਿਸੇ ਵੀ ਹੋਰ ਲੀਡਰ ਦਾ ਕੋਈ ਪ੍ਰਤੀਕਰਮ ਨਹੀਂ ਆਇਆ।

## 9 ਮਹੀਨੇ ਤੱਕ ਬੱਚੇ ਨੂੰ ਗਰਭ ਵਿੱਚ ਨਹੀਂ ਰੱਖਣਾ ਪਏਗਾ, ਰੋਬਟ ਦਾਈ ਬਣੇਗਾ

ਬੀਜਿੰਗ, 3 ਫਰਵਰੀ (ਪੋਸਟ ਬਿਊਰੋ)- ਵਿਗਿਆਨਕ ਬਨਾਉਟੀ ਬੁੱਧੀਮਤਾ ਜਨਮ ਤੋਂ ਲੈ ਕੇ ਵੱਡੇ ਹੋਣ ਤੱਕ ਦੀ ਪੂਰੀ ਪ੍ਰਕਿਰਿਆ ਬਦਲਣ ਲਈ ਤਿਆਰ ਹੈ। ਚੀਨੀ ਵਿਗਿਆਨੀਆਂ ਨੇ ਪਿੱਛੇ ਜਿਹੇ ਦਾਅਵਾ ਕੀਤਾ ਹੈ ਕਿ ਕੁਝ ਸਾਲ ਬਾਅਦ ਭਰੂਣ ਬਨਾਉਟੀ ਹੋ ਜਾਏਗਾ ਅਤੇ ਇਸ ਦੀ ਦੇਖਭਾਲ ਲਈ ਰੋਬਟ ਦਾਈ ਦੀ ਭੂਮਿਕਾ ਨਿਭਾਏਗਾ।

ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਚੀਨ ਘਟਦੀ ਜਨਮ ਦਰ ਤੋਂ ਚਿੰਤਤ ਹੈ। ਬੀਤੇ ਦਹਾਕਿਆਂ ਵਿੱਚ ਇਥੇ ਜਨਮ ਦਰ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ। ਇਸੇ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਵਿਗਿਆਨੀ ਇਸ ਉਤੇ ਆਧਾਰਤ ਤਕਨੀਕਾਂ ਤਿਆਰ ਕਰ ਰਹੇ ਹਨ। ਇਸ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਔਰਤ ਨੂੰ ਨੌਂ ਮਹੀਨੇ ਤੱਕ ਬੱਚੇ ਨੂੰ ਗਰਭ ਵਿੱਚ ਨਹੀਂ ਰੱਖਣਾ ਪਵੇਗਾ ਤੇ ਇਸ ਤਰ੍ਹਾਂ ਉਹ ਗਰਭਅਵਸਥਾ ਦੌਰਾਨ ਹੋਣ ਵਾਲੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾ ਸਕੇਗੀ। ਇਹੀ ਨਹੀਂ, ਉਹ ਬਨਾਉਟੀ ਭਰੂਣ ਵਿੱਚ ਬੱਚੇ ਨੂੰ ਵੱਡਾ ਹੁੰਦੇ ਹੋਏ ਦੇਖ ਸਕੇਗੀ ਤੇ ਭਰੂਣ ਦੀ ਨਿਗਰਾਨੀ ਲਈ ਰੋਬਟ ਹੋਣਗੇ। ਇਹ ਪ੍ਰਯੋਗ ਫਿਲਹਾਲ ਚੂਹਿਆਂ ਉਤੇ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਸਾਊਥ ਚਾਈਨਾ ਮੌਰਨਿੰਗ ਪੋਸਟ ਨੇ ਚੀਨੀ ਵਿਗਿਆਨੀਆਂ ਦੇ ਹਵਾਲੇ ਨਾਲ ਕਿਹਾ ਕਿ ਤਕਨੀਕ ਜੀਵਨ ਦੇ ਵਿਕਾਸ ਨੂੰ ਸਮਝਣ ਵਿੱਚ ਮਦਦ ਕਰ ਰਹੀ ਹੈ।

### ਥਾਂ ਦੇ ਝਗੜੇ ਵਿੱਚ ਔਰਤ ਦਾ ਕਤਲ

ਸ੍ਰੀ ਮੁਕਤਸਰ ਸਾਹਿਬ, 3 ਫਰਵਰੀ (ਪੋਸਟ ਬਿਊਰੋ)- ਪਿੰਡ ਗੂੜੀ ਸੰਘਰ ਵਿੱਚ ਜਗ੍ਹਾ ਦੇ ਰੌਲੇ ਤੋਂ ਕੱਲ੍ਹ ਸਵੇਰੇ ਅੱਠ ਕੁ ਵਜੇ ਗੁਆਂਢੀਆਂ ਦੇ ਹੋਏ ਝਗੜੇ ਵਿੱਚ ਇੱਟਾਂ-ਰੋੜੇ ਮਾਰ ਕੇ ਔਰਤ ਦੀ ਹੱਤਿਆ ਕਰ ਦਿੱਤੀ ਗਈ। ਪਤਾ ਲੱਗਾ ਹੈ ਕਿ ਸੁਰਜੀਤ ਕੌਰ ਪਤਨੀ ਸੁਖਦੇਵ ਸਿੰਘ ਬੇਲਦਾਰ ਦਾ ਆਪਣੇ ਗੁਆਂਢੀ ਜਗਸੀਰ ਸਿੰਘ ਮੋਟੂ ਨਾਲ ਕਮਰੇ ਦੀ ਜਗ੍ਹਾ ਤੋਂ ਝਗੜਾ ਹੋ ਗਿਆ ਤਾਂ ਦੋਵਾਂ ਦੇ ਪਰਵਾਰ ਆਪੋ ਵਿੱਚ ਬਹਿਸ ਕਰਨ ਲੱਗ ਪਏ। ਇਸ ਦੌਰਾਨ ਮੋਟੂ ਤੇ ਉਸ ਦੇ ਪਰਵਾਰ ਵੱਲੋਂ ਇੱਟਾਂ ਰੋੜਿਆਂ ਨਾਲ ਸੁਰਜੀਤ ਕੌਰ ਦੇ ਪਰਵਾਰ ਉੱਤੇ ਹਮਲਾ ਕਰ ਦਿੱਤਾ ਤਾਂ ਸੁਰਜੀਤ ਕੌਰ ਦੀ ਮੌਤ ਹੋ ਗਈ ਅਤੇ ਉਸ ਦੀ ਬੇਟੀ ਜ਼ਖਮੀ ਹੋ ਗਈ। ਸੁਰਜੀਤ ਕੌਰ ਦੀ ਬੇਟੀ ਨੂੰ ਪਹਿਲਾਂ ਸ੍ਰੀ ਮੁਕਤਸਰ ਸਾਹਿਬ ਹਸਪਤਾਲ ਲਿਆਂਦਾ ਗਿਆ, ਜਿੱਥੋਂ ਫਿਰ ਫਰੀਦਕੋਟ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕਰਤਾਰਪੁਰ ਵਿਖੇ ਜੀਟੀਏ ਕਬੱਡੀ ਕਲੱਬ ਟਰੰਟੋ ਵਲੋਂ ਅੰਤਰਰਾਸ਼ਟਰੀ ਕਬੱਡੀ ਕੱਪ 27 ਫਰਵਰੀ ਨੂੰ

...ਪੰਨਾ 1 ਦਾ ਬਾਕੀ

ਜੀਟੀਏ ਕਬੱਡੀ ਕਲੱਬ ਟਰੰਟੋ ਦੇ ਪ੍ਰਧਾਨ ਮੇਜਰ ਨੱਤ ਜੀ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿਚ ਅੱਵਲ ਰਹੀ ਟੀਮ ਨੂੰ ਢਾਈ ਲੱਖ ਰੁਪਏ ਅਤੇ ਦੂਜੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ ਦੋ ਲੱਖ ਰੁਪਏ ਦੇ ਇਨਾਮ ਨਾਲ ਨਿਵਾਜ਼ਿਆ ਜਾਵੇਗਾ। ਇਸ ਕਬੱਡੀ ਟੀਮ ਦੇ ਡਾਇਰੈਕਟਰ ਸਤਨਾਮ ਸਰਾਏ ਕੈਨੇਡਾ ਤੋਂ ਪੰਜਾਬ ਲਈ ਰਵਾਨਾ ਹੋ ਚੁੱਕੇ ਹਨ। ਇਨ੍ਹਾਂ ਤੋਂ ਇਲਾਵਾ ਖਜ਼ਾਨਚੀ ਦਲਜੀਤ ਸਿੰਘ ਸਹੋਤਾ, ਸੈਕਟਰੀ ਕਰਮਜੀਤ ਸਿੰਘ ਸੁੰਨੜ ਅਤੇ ਮੈਂਬਰ ਬੰਤ ਨਿੱਝਰ ਖਜੂਰਲਾ ਬਹੁਤ ਜਲਦੀ ਪੰਜਾਬ ਲਈ ਰਵਾਨਾ ਹੋਣ ਜਾ ਰਹੇ ਹਨ।

ਚੇਅਰਮੈਨ ਬਿੱਲਾ ਰੰਧਾਵਾ ਵੱਲੋਂ ਦੱਸਿਆ ਗਿਆ ਕਿ ਜਿੱਥੇ ਅਸੀਂ ਟੀਮਾਂ ਨੂੰ ਉਤਸ਼ਹਿਤ ਕਰਨ ਲਈ ਵੱਡੇ ਇਨਾਮ ਰੱਖੇ ਹਨ ਉਥੇ ਵੈਸਟ ਰੇਡਰ ਅਤੇ ਵੈਸਟ ਜਾਫੀ ਲਈ ਮੋਟਰਸਾਈਕਲ ਇਨਾਮ ਵਜੋਂ ਦਿੱਤਾ ਜਾਵੇਗਾ।

ਇਸ ਟੂਰਨਾਮੈਂਟ ਵਿਚ ਪਹੁੰਚੇ ਦਰਸ਼ਕਾਂ ਲਈ ਜਿੱਥੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਮਨੋਰੰਜਨ ਕਰਨਗੇ ਉਥੇ ਨਾਲ ਹੀ ਪੰਜਾਬ ਦੇ ਪ੍ਰਸਿੱਧ ਗਾਇਕ ਕੰਵਰ ਗਰੇਵਾਲ ਦਾ ਵੀ ਸ਼ਾਮ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ।

ਜੀਟੀਏ ਕਬੱਡੀ ਕਲੱਬ ਟਰੰਟੋ ਦੇ ਸਾਰੇ ਮੈਂਬਰਾਂ ਵਿਚ ਇਸ ਸਮੇਂ ਪੂਰਾ ਉਤਸ਼ਾਹ ਹੈ ਕਿ ਕਰਤਾਰਪੁਰ ਵਿਖੇ ਹੋਣ ਜਾ ਰਹੇ ਇਸ ਕਬੱਡੀ ਕੱਪ ਵਿਚ ਵਧ ਚੜ੍ਹਕੇ ਯੋਗਦਾਨ ਪਾਇਆ ਜਾਵੇ ਅਤੇ ਪੰਜਾਬ ਵਿਚ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਇਹ ਇਕ ਵੱਖਰੀ ਛਾਪ ਛੱਡੀ ਜਾਵੇ।

ਜੀਟੀਏ ਕਬੱਡੀ ਕਲੱਬ ਦੇ ਮੀਡੀਆ ਸਲਾਹਕਾਰ ਅਮਰਜੀਤ ਰਾਏ ਅਤੇ ਜਗਦੀਸ਼ ਗਰੇਵਾਲ ਵੱਲੋਂ ਵੀ ਜੋ ਐੱਨ.ਆਰ.ਆਈਜ਼ ਇਸ ਸਮੇਂ ਪੰਜਾਬ ਵਿਚ ਹਨ ਉਨ੍ਹਾਂ ਨੂੰ ਇਸ ਟੂਰਨਾਮੈਂਟ ਵਿਚ ਪਹੁੰਚਣ ਲਈ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ ਗਈ। ਇਸ ਤਰ੍ਹਾ ਨਾਲ ਹੀ ਬੰਤ ਨਿੱਝਰ, ਕਰਮਜੀਤ ਸੁੰਨੜ ਅਤੇ ਦਲਜੀਤ ਸਹੋਤਾ ਵਲੋਂ ਵੀ ਖਾਸ ਤੌਰ 'ਤੇ ਦੱਸਿਆ ਗਿਆ ਕਿ ਜਿੰਨੇ ਵੀ ਐੱਨ.ਆਰ.ਆਈਜ਼ ਉੱਥੇ ਪੰਜਾਬ ਗਏ ਹਨ ਇਸ ਟੂਰਨਾਮੈਂਟ ਵਿਚ ਪਹੁੰਚਣਗੇ ਉਨ੍ਹਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ ਤਾਂ ਜੋ ਉਹ ਪੰਜਾਬ ਦੀ ਧਰਤੀ 'ਤੇ ਕਬੱਡੀ ਖੇਡ ਦਾ ਆਨੰਦ ਮਾਣ ਸਕਣ।

## ਭਵਿੱਖ ਦੇ ਕਰਮਚਾਰੀਆਂ ਦੇ ਕਰੀਅਰ ਦੇ ਸੁਪਨਿਆਂ ਨੂੰ McDonald's ਕਰੇਗਾ ਉਤਸ਼ਾਹਿਤ

### "ਸਾਡੇ ਕਰਮਚਾਰੀ ਜਾਣਦੇ ਹਨ ਕਿ McDonald's ਨਾ ਸਿਰਫ ਪਹਿਲੀ ਵਾਰੀ ਦਾ ਕੰਮ ਹੈ, ਬਲਕਿ ਭਵਿੱਖ ਲਈ ਸੰਭਵ ਕਰੀਅਰ ਹੈ : Ash

Ash Vasdani ਨੇ ਆਪਣਾ ਪਹਿਲਾ McDonald's Canada ਫਰੈਂਚਾਈਜ਼ 2010 ਵਿੱਚ ਖੋਲ੍ਹਿਆ ਸੀ। ਹੁਣ, ਉਹ Hamilton, ON ਵਿੱਚ ਤਿੰਨ ਥਾਵਾਂ ਦਾ ਮਾਲਕ ਹੈ। ਇੱਕ ਪ੍ਰਵਾਸੀ ਵਜੋਂ, ਉਹ ਆਪਣੀ ਯਾਤਰਾ, ਨੌਜਵਾਨਾਂ ਦੇ ਰੁਜ਼ਗਾਰ, ਨੌਕਰੀਆਂ ਦੀ ਸ਼ਮੂਲੀਅਤ, ਕਰੀਅਰ ਵਿਕਾਸ, ਅਤੇ ਭਾਈਚਾਰੇ ਬਾਰੇ ਆਪਣੇ ਦ੍ਰਿਸ਼ਟੀਕੋਣਾਂ ਨੂੰ McDonald's Canada ਨਾਲ ਆਪਣੇ ਤਜਰਬੇ ਦੇ ਆਧਾਰ 'ਤੇ ਸਾਂਝਾ ਕਰਦਾ ਹੈ।

Ash ਨੇ ਦੱਸਿਆ ਕਿ 12 ਸਾਲ ਦੀ ਉਮਰ ਵਿੱਚ ਕੈਨੇਡਾ ਆਇਆ ਸੀ। ਉਸ ਦੇ ਪਰਿਵਾਰ ਵਾਂਗ, ਕਈ ਨਵੇਂ ਕੈਨੇਡੀਅਨ ਆਪਣੇ ਜੱਦੀ ਦੇਸ਼ਾਂ ਨੂੰ ਵਿਕਾਸ ਦੇ ਮੌਕਿਆਂ ਵਾਲੀ ਜ਼ਿੰਦਗੀ ਦੀ ਤਲਾਸ਼ ਵਿੱਚ ਛੱਡ ਦਿੰਦੇ ਹਨ, ਜਿਸ ਵਿੱਚ ਕੁਆਲਿਟੀ ਅਤੇ ਪਹੁੰਚਯੋਗ ਸਿੱਖਿਆ ਪ੍ਰਵਾਸ ਕਾਰਕਾਂ ਵਿੱਚੋਂ ਇੱਕ ਹੈ। "ਪ੍ਰਵਾਸੀ ਮਾਤਾ-ਪਿਤਾ ਖੁਦ ਬਹੁਤ ਮਿਹਨਤ ਕਰਦੇ ਹਨ, ਇੱਥੋਂ ਤੱਕ ਕਿ ਇੱਕ ਤੋਂ ਵੱਧ ਕੰਮ ਵੀ ਕਰਦੇ ਹਨ, ਤਾਂ ਜੋ ਬੱਚੇ ਆਪਣਾ ਧਿਆਨ ਸਿੱਖਿਆ 'ਤੇ ਕੇਂਦਰਿਤ ਰੱਖ ਸਕਣ।

ਹਾਲਾਂਕਿ Ash ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹੈ ਕਿ ਸਿੱਖਿਆ ਆਜ਼ਾਦੀ ਦੀ ਕੁੰਜੀ ਹੈ, ਪਰ ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਪਹਿਲੀ ਨੌਕਰੀ ਦੇ ਤਜਰਬੇ ਦੀ ਅਹਿਮੀਅਤ ਨੂੰ ਬਹੁਤ ਜ਼ਿਆਦਾ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। "ਮੇਰੀ ਪਹਿਲੀ ਨੌਕਰੀ ਕੈਨੇਡੀਅਨ ਨੈਸ਼ਨਲ ਐਗਜ਼ੀਬਿਸ਼ਨ (Canadian National Exhibition) ਵਿੱਚ ਹੈਮਬਰਗਰ ਪਕਾਉਣਾ ਸੀ। ਇਹ ਭੋਜਨ ਉਦਯੋਗ ਨਾਲ ਮੇਰੀ ਜਾਣ-ਪਛਾਣ ਸੀ।" ਕੁਝ ਪਾਰਟ-ਟਾਈਮ ਨੌਕਰੀਆਂ ਕਰਨ ਤੋਂ ਬਾਅਦ, Ash ਨੇ McDonald's ਵਿੱਚ ਇਕ ਰੈਸਟੋਰੈਂਟ ਮੈਨੇਜਰ ਟ੍ਰੇਨੀ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਸੀ, ਕੰਮ ਦੀਆਂ ਕਾਰਵਾਈਆਂ ਨੂੰ ਕੰਟਰੋਲ ਕੀਤਾ ਅਤੇ ਟੀਮ ਦੇ ਮੈਂਬਰਾਂ ਦੀ ਅਗਵਾਈ ਕੀਤੀ। ਇਸ ਸਮੇਂ ਉਹ, ਉਹ ਤਿੰਨ ਥਾਵਾਂ ਦਾ ਮਾਲਕ ਹੈ। "ਮੈਂ 20ਵਿਆਂ ਦੇ ਮੱਧ ਵਿਚ McDonald's ਵਿਚ ਸ਼ਾਮਲ ਹੋਇਆ ਸੀ, ਵੱਖ-ਵੱਖ ਰੈਂਕਾਂ ਵਿਚੋਂ ਲੰਘਿਆ, ਅਤੇ ਹੁਣ ਮੈਂ ਇਕ ਫ੍ਰੈਂਚਾਇਜ਼ੀ ਹਾਂ, ਜਿਸ ਵਿਚ ਲਗਭਗ 270 ਲੋਕ ਕੰਮ ਕਰ ਰਹੇ ਹਨ, ਜਿਨ੍ਹਾਂ ਵਿਚੋਂ ਅੱਧੇ ਨੌਜਵਾਨ ਹਨ।"



Ash ਨੇ McDonald's ਵਿਖੇ ਆਪਣੇ 20ਵਿਆਂ ਵਿੱਚ ਜੋ ਹੁਨਰ ਸਿਖੇ ਸਨ, ਉਨ੍ਹਾਂ ਨੂੰ ਉਸਨੇ ਇੱਕ ਫ੍ਰੈਂਚਾਇਜ਼ੀ ਵਜੋਂ ਆਪਣੇ ਕਰੀਅਰ ਲਈ ਤਿਆਰ ਕੀਤਾ। ਉਸ ਦਾ ਮੰਨਣਾ ਹੈ ਕਿ McDonald's ਦੀ ਨੌਕਰੀ, ਉਦਯੋਗ ਦੀ ਪਰਵਾਹ ਕੀਤੇ ਬਿਨਾਂ ਭਵਿੱਖ ਦੇ ਕਰੀਅਰ ਦੇ ਰਾਹ ਨੂੰ ਸੰਚਾਲਤ ਕਰਨ ਲਈ ਲੋੜੀਂਦੇ ਸਖਤ ਅਤੇ ਨਰਮ ਹੁਨਰ ਪ੍ਰਦਾਨ ਕਰਦੀ ਹੈ। "ਸਹਿ-ਕਰਮਚਾਰੀਆਂ ਅਤੇ ਵੱਖ-ਵੱਖ ਉਮਰਾਂ ਅਤੇ ਸੱਭਿਆਚਾਰਕ ਪਿਛੋਕੜਾਂ ਦੇ ਮਹਿਮਾਨਾਂ ਨਾਲ ਰੋਜ਼ ਗੱਲਬਾਤ ਕਰਦਿਆਂ ਹੋਇਆਂ, McDonald's ਵਿਖੇ ਨੌਜਵਾਨ ਆਪਣੀ ਗੱਲਬਾਤ ਅਤੇ ਮਨੁੱਖੀ-ਮੁਹਾਰਤਾਂ ਦਾ ਵਿਕਾਸ ਕਰਦੇ ਹਨ।" Ash ਦੇ ਪਿਛੋਕੜ ਵਾਂਗ, ਉਸ ਦੇ ਕੁਝ ਕਰਮਚਾਰੀ ਨਵੇਂ ਆਏ ਹਨ ਅਤੇ ਆਪਣੇ ਆਪ ਨੂੰ ਨਵੇਂ ਸੱਭਿਆਚਾਰ ਅਨੁਸਾਰ ਢਾਲ ਰਹੇ ਹਨ। McDonald's ਵਿਖੇ ਕੰਮ ਕਰਨ ਨਾਲ ਉਨ੍ਹਾਂ ਨੂੰ ਆਪਣੇਪਣ ਦਾ ਅਹਿਸਾਸ ਹੁੰਦਾ ਹੈ। ਉਹ ਆਪਣੇ ਸਹਿ-ਕਰਮਚਾਰੀਆਂ ਨਾਲ ਦੋਸਤੀ ਕਰਦੇ ਹਨ - ਅਤੇ ਭਾਈਚਾਰੇ ਨਾਲ ਜੁੜਦੇ ਹਨ," Ash ਨੇ ਕਿਹਾ। "ਇਹ ਕਿਸੇ ਨੌਜਵਾਨ ਲਈ ਬਿਹਤਰੀਨ ਪ੍ਰਾਪਤੀ ਹੈ, ਅਤੇ ਮੈਨੂੰ ਨਹੀਂ ਲਗਦਾ ਕਿ ਤੁਸੀਂ ਇਸ ਦੀ ਕੀਮਤ ਲਗਾ ਸਕਦੇ ਹੋ।"

"ਮੇਰੇ McDonald's ਰੈਸਟੋਰੈਂਟਾਂ ਵਿੱਚ, ਸਾਨੂੰ ਸਭ ਤੋਂ ਵਧੀਆ ਲੋਕਾਂ ਨੂੰ ਕੰਮ 'ਤੇ ਰੱਖਣ ਅਤੇ ਟੀਮ ਦੇ ਹਰੇਕ ਮੈਂਬਰ ਨੂੰ ਉਨ੍ਹਾਂ ਦੀ ਸਮਰੱਥਾ ਦਾ ਪਤਾ ਲਾਉਣ ਲਈ ਸਿਖਲਾਈ ਅਤੇ ਮੌਕੇ ਦੇਣ 'ਤੇ ਮਾਣ ਹੈ।"

ਪਰ ਸਕੂਲ ਪਹਿਲਾਂ ਆਉਂਦਾ ਹੈ। "ਚਾਹੇ ਉਹ ਪ੍ਰੀਖਿਆ ਦੇ ਟਾਈਮ-ਟੇਬਲ ਹੋਣ, ਸਕੂਲ ਤੋਂ ਬਾਅਦ ਦੀਆਂ ਸਰਗਰਮੀਆਂ ਹੋਣ, ਜਾਂ ਉਹਨਾਂ ਵਿਦਿਆਰਥੀਆਂ ਨੂੰ ਗੈਰ-ਹਾਜ਼ਰੀ ਦੀ ਛੁੱਟੀ ਦੇਣੀ ਹੋਵੇ, ਜੋ ਸ਼ਹਿਰ ਤੋਂ ਬਾਹਰ (ਯੂਨੀਵਰਸਿਟੀ ਵਿੱਚ ਜਾਣ ਲਈ) ਜਾਂਦੇ ਹਨ- ਕੰਮ ਕਰਨ ਦੇ ਸਾਡੇ ਲਚੀਲੇ ਸਮੇਂ ਸਾਡੇ ਕਰਮਚਾਰੀਆਂ ਨੂੰ ਆਰਾਮ ਦਾ ਪੱਧਰ ਦਿੰਦੇ ਹਨ। ਉਹਨਾਂ ਨੂੰ ਪਤਾ ਹੈ ਕਿ ਵਾਪਸ ਆਉਣ ਵੇਲੇ ਉਨ੍ਹਾਂ ਕੋਲ ਫੁੱਲ-ਟਾਈਮ ਨੌਕਰੀ ਹੈ।"

Ash ਨੇ ਕਰਮਚਾਰੀਆਂ ਨੂੰ ਗਭਰੇਟ ਉਮਰ ਵਿੱਚ ਆਪਣੇ ਰੈਸਟੋਰੈਂਟਾਂ ਵਿੱਚ ਜਾਂਦਿਆਂ ਅਤੇ ਸਫਲ ਕਰੀਅਰ ਬਣਾਉਂਦਿਆਂ ਦੇਖਿਆ ਹੈ। "ਸਾਡੇ ਕਰਮਚਾਰੀ ਜਾਣਦੇ ਹਨ ਕਿ McDonald's ਨਾ ਸਿਰਫ ਪਹਿਲੀ ਵਾਰੀ ਦਾ ਕੰਮ ਹੈ, ਬਲਕਿ ਭਵਿੱਖ ਲਈ ਸੰਭਵ ਕਰੀਅਰ ਹੈ। ਮੈਂ ਸਟਾਫ ਨੂੰ ਗ੍ਰੈਜੂਏਟ ਬਣਨ ਅਤੇ ਰੈਸਟੋਰੈਂਟ ਵਿੱਚ ਵਾਪਸ ਆਉਣ ਲਈ ਗੱਲਬਾਤ ਦਾ ਮੌਕਾ ਵੀ ਦਿੱਤਾ ਸੀ। ਉਹ ਮੈਨੂੰ ਦੱਸਦੇ ਹਨ ਕਿ ਕਿਵੇਂ McDonald's ਨੇ ਆਪਣੇ ਕਰੀਅਰ ਦਾ ਰਾਹ ਪੱਧਰਾ ਕਰਨ ਵਿੱਚ ਮਦਦ ਕੀਤੀ ਸੀ। ਸਾਬਕਾ ਕਰਮਚਾਰੀਆਂ ਦੀਆਂ ਇਹ ਸ਼ਾਨਦਾਰ ਕਹਾਣੀਆਂ ਸਾਡੇ ਲਈ ਮਹੱਤਵਪੂਰਣ ਹਨ।"

ਜੇ ਤੁਸੀਂ ਕਿਸੇ ਅਜਿਹੇ ਨੌਜਵਾਨ ਨੂੰ ਜਾਣਦੇ ਹੋ, ਜੋ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਲਈ ਪਹਿਲੀ ਲਚਕੀਲੀ ਨੌਕਰੀ ਦੀ ਭਾਲ ਕਰ ਰਿਹਾ ਹੈ, ਤਾਂ ਉਸਨੂੰ McDonald's ਵਿੱਚ ਆਉਣ ਦਾ ਸੁਝਾਅ ਦਿਓ।

McDonald's ਕੈਨੇਡਾ ਕੰਮ ਦਾ ਸੁਰੱਖਿਅਤ ਮਾਹੌਲ ਦੇਣ ਲਈ ਵੀ ਵਚਨਬੱਧ ਹੈ। ਨਵੀਨਤਮ ਕੋਵਿਡ-19 ਅੱਪਡੇਟਾਂ ਅਤੇ ਪ੍ਰੋਟੋਕੋਲਾਂ ਲਈ, ਇੱਥੇ ਦੇਖੋ: https://www.mcdonalds.com/ca/en-ca/about-us/covid19-updates.html.

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

## ਦੂਸਰੀ ਜਮਾਤ ਵਿੱਚ ਪੜ੍ਹਦੇ ਬੱਚੇ ਨੇ ਕ੍ਰਿਸਮਸ 'ਤੇ ਕਿਤਾਬ ਲਿਖੀ

ਲੇਕ ਹੇਜ਼ਲ (ਅਮਰੀਕਾ), 3 ਫਰਵਰੀ (ਪੋਸਟ ਬਿਊਰੋ)- ਬੀਤੇ ਕ੍ਰਿਸਮਸ ਦੀਆਂ ਛੁੱਟੀਆਂ ਵਿੱਚ ਜਦ ਅਮਰੀਕੀ ਬੱਚੇ ਛੁੱਟੀਆਂ ਮਨਾ ਰਹੇ ਸਨ ਤਾਂ ਦੂਸਰੀ ਕਲਾਸ ਵਿੱਚ ਪੜ੍ਹਦਾ ਡਿਲਨ ਆਪਣੀ ਕਿਤਾਬ ਲਿਖਣ ਵਿੱਚ ਬਿਜ਼ੀ ਸੀ। ਸਿਰਲੇਖ ਸੀ, 'ਐਡਵੈਂਚਰਸ ਆਫ ਡਿਲਨ ਹੇਲਬਿਗਸ ਕ੍ਰਿਸਮਸ'।

ਇਸ ਰਚਨਾ ਨੂੰ ਉਹ ਬਾਕੀ ਲੋਕਾਂ ਨੂੰ ਪੜ੍ਹਾਉਣਾ ਚਾਹੁੰਦਾ ਸੀ, ਪਰ ਅੱਠ ਸਾਲ ਦੇ ਡਿਲਨ ਨੂੰ ਬਦਲ ਨਹੀਂ ਸੁੱਝ ਰਿਹਾ ਸੀ। ਇਸ ਲਈ ਉਸ ਨੇ ਕਿਤਾਬ ਦਾ ਪ੍ਰਚਾਰ ਖੁਦ ਕਰਨ ਦੀ ਸੋਚੀ। ਡਿਲਨ ਜਦ ਦਾਦੀ ਦੇ ਨਾਲ ਲਾਇਬਰੇਰੀ ਘੁੰਮਣ ਗਿਆ ਤਾਂ ਫਿਕਸ਼ਨ ਬੁੱਕ ਵਾਲੇ ਸ਼ੈਲਫ ਵਿੱਚ ਕਿਤਾਬ ਆਪਣੇ ਸਾਈਨ ਕਰ ਕੇ ਚੁੱਪ ਕਰ ਕੇ ਰੱਖ ਦਿੱਤੀ। ਕੁਝ ਦਿਨ ਬਾਅਦ ਪੈਰੇਂਟਸ ਨੂੰ ਜਦ ਇਹ ਗੱਲ ਪਤਾ ਲੱਗੀ ਤਾਂ ਉਨ੍ਹਾਂ ਨੇ ਕਿਤਾਬ ਵਾਪਸ ਲੈਣ ਦੇ ਲਈ ਲਾਇਬਰੇਰੀ ਵਿੱਚ ਫੋਨ ਕੀਤਾ। ਪਤਾ ਲੱਗਾ ਕਿ ਡਿਲਨ ਦੀ ਬੁੱਕ ਹਿੱਟ ਹੋ ਗਈ ਹੈ। ਇਸ ਦੇ ਲਈ 56 ਲੋਕਾਂ ਦੀ ਵੇਟਿੰਗਲਿਸਟ ਹੈ। ਜੇ ਹਰ ਵਿਅਕਤੀ ਚਾਰ ਹਫਤੇ ਵੀ ਕਿਤਾਬ ਰੱਖੇਗਾ ਤਾਂ ਆਖਰੀ ਵਿਅਕਤੀ ਦਾ ਨੰਬਰ ਦੋ ਸਾਲ ਬਾਅਦ ਆਏਗਾ। ਕਿਤਾਬ ਵਿੱਚ ਸਪੈਲਿੰਗ ਦੀਆਂ ਗਲਤੀਆਂ ਦੀ ਭਰਮਾਰ ਹੈ, ਫਿਰ ਵੀ ਲੋਕਾਂ ਨੂੰ ਇਹ ਪਸੰਦ ਆ ਰਹੀ ਹੈ।

ਸ਼ੁਰੂਆਤ ਦਿਲਚਸਪ ਢੰਗ ਨਾਲ ਕੀਤੀ ਗਈ ਹੈ, 'ਸਰਦੀਆਂ ਦਾ ਵਕਤ ਸੀ, ਤਾਂ ਕ੍ਰਿਸਮਸ ਆ ਗਿਆ। ਮੈਂ ਪੰਜ ਕ੍ਰਿਸਮਸ ਟ੍ਰੀ ਡੈਕੋਰੇਟ ਕਰ ਰਿਹਾ ਸੀ ਤਾਂ ਇੱਕ ਟ੍ਰੀ ਵਿੱਚ ਲੱਗੇ ਸਟਾਰ ਵਿੱਚ ਧਮਾਕਾ ਹੁੰਦਾ ਹੈ। ਇਕਦਮ ਸਾਂਤਾ ਪ੍ਰਗਟ ਹੁੰਦੇ ਹਨ। ਇਨ੍ਹਾਂ ਵਿੱਚ ਇੱਕ ਟ੍ਰੀ ਵੈਬ ਪੋਰਟਲ ਵਾਂਘ ਦਿਖਾਈ ਦਿੰਦਾ ਹੈ। ਇਸ ਪੋਰਟਲ ਦੇ ਜ਼ਰੀਏ ਸਾਂਤਾ ਮੈਨੂੰ ਟਾਈਮ ਟਰੈਵਲ ਨਾਲ ਬੀਤੇ ਦੌਰ ਵਿੱਚ ਲੈ ਜਾਂਦੇ ਹਨ। ਉਹ 1621 ਵਿੱਚ ਪਹੁੰਚ ਜਾਂਦੇ ਹਨ। ਨਾਲ ਰੀਡਰਸ 400 ਸਾਲ ਪਿੱਛੇ ਚਲੇ ਜਾਂਦੇ ਹਨ, ਜਦ ਪਹਿਲਾ ਥੈਂਕਸਗਿਵਿੰਗ ਡੇ ਮਨਾਇਆ ਗਿਆ ਸੀ।"

ਅਗਲੇ ਚੈਪਟਰ ਵਿੱਚ ਨਾਰਥ ਪੋਲ ਦਿਖਾਈ ਦਿੰਦਾ ਹੈ। ਅਖੀਰ ਵਿੱਚ ਡਿਲਨ ਨੇ ਕ੍ਰਿਸਮਸ ਨਾਪਸੰਦ ਕਰਨ ਵਾਲੇ ਗ੍ਰਿੰਚ (ਕਾਲਪਨਿਕ ਪਾਤਰ) ਦਾ ਜ਼ਿਕਰ ਕੀਤਾ ਹੈ। ਡਿਲਨ ਨੇ ਇਸ ਕਿਤਾਬ ਦੇ ਸੀਕਵਲ ਅਤੇ ਨਵੀਂ ਕਿਤਾਬ 'ਜੈਕੇਟ-ਈਟਿੰਗ ਕਲੋਜੇਟ' ਉੱਤੇ ਕੰਮ ਸ਼ੁਰੂ ਕਰ ਦਿੱਤਾ ਹੈ। ਡਿਲਨ ਦੱਸਦਾ ਹੈ, "ਜਦ ਮੈਂ ਕੇ ਜੀ ਵਿੱਚ ਸੀ ਤਾਂ ਰੀਸੈਸ ਵਿੱਚ ਜੈਕੇਟ ਉਤਾਰ ਕੇ ਰੱਖ ਦਿੰਦਾ ਸੀ। ਵਾਪਸੀ ਉੱਤੇ ਨਹੀਂ ਮਿਲਦੀ ਸੀ। ਕਈ ਜੈਕੇਟਾਂ ਗੁੰਮ ਹੋ ਚੁੱਕੀਆਂ ਹਨ। ਇਸੇ ਉੱਤੇ ਕਥਾਨਕ ਰਚਿਆ ਗਿਆ ਹੈ।"ਇਸ ਗ੍ਰਾਫਿਕ ਨਾਵਲ ਦੇ ਕਾਰਨ ਡਿਲਨ ਪੂਰੇ ਦੇਸ਼ ਵਿੱਚ ਚਰਚਾ ਵਿੱਚ ਆ ਗਿਆ ਹੈ। ਲੇਕ ਹੇਜਲ ਬ੍ਰਾਂਚ ਲਾਇਬਰੇਰੀ ਦੇ ਮੈਨੇਜਰ ਹਾਰਟਮੈਨ ਦੱਸਦੇ ਹਨ ਕਿ ਕਈ ਬੱਚਿਆਂ ਨੇ ਡਿਲਨ ਵਾਂਗ ਕਿਤਾਬ ਲਿਖਣ ਦੀ ਇੱਛਾ ਜ਼ਾਹਰ ਕੀਤੀ ਹੈ। ਹਾਰਟਮੈਨ ਦਾ ਛੇ ਸਾਲਾ ਬੇਟਾ ਇਸ ਕਿਤਾਬ ਦਾ ਪ੍ਰਸ਼ੰਸਕ ਬਣ ਗਿਆ ਹੈ। ਕਈ ਪ੍ਰਕਾਸ਼ਕਾਂ ਨੇ ਕਿਤਾਬ ਛਾਪਣ ਦਾ ਪ੍ਰਸਤਾਵ ਦਿੱਤਾ ਹੈ। ਡਿਮਾਂਡ ਨੂੰ ਦੇਖ ਕੇ ਲਾਇਬਰੇਰੀ ਫਿਲਹਾਲ ਇਸ ਦੀ ਫੋਟੋਕਾਪੀ ਕਰਵਾ ਰਹੀ ਹੈ। ਡਿਲੇਨ ਨੂੰ ਲਾਇਬਰੇਰੀ ਨੇ ਬੈਸਟਯੰਗ ਨਾਵਲਿਸਟ ਦਾ 'ਵਹੋਡਿਨੀ' ਐਵਾਰਡ ਦਿੱਤਾ ਹੈ।

# ਕਦੋਂ ਖਤਮ ਹੋਵੇਗੀ ਸਿਆਸੀ ਏਕਾਧਿਕਾਰ, ਸਰਵਉਚਤਾ ਅਤੇ ਧੱਕੇਸ਼ਾਹੀ?



ਡਾ. ਅਮਨਪ੍ਰੀਤ ਸਿੰਘ ਬਰਾੜ
9653790000

ਸਿਆਸੀ ਪਾਰਟੀਆਂ ਅਕਸਰ ਇਕ ਦੂਜੇ ਤੇ ਦੋਸ਼ ਲਾਉਂਦੀਆ ਹਨ ਕਿ ਉਸ ਪਾਰਟੀ ਦਾ ਕੰਟਰੋਲ ਇਕ ਪਰਿਵਾਰ ਦੇ ਹੱਥ ਵਿੱਚ ਹੈ ਜਾਂ ਫਿਰ ਕੰਟਰੋਲ ਸਿਰਫ ਦੋ ਚਾਰ ਬੰਦਿਆਂ ਦੇ ਹੱਥ ਜਿਸ ਨੂੰ ਹਾਈਕਮਾਂਡ ਕਿਹਾ ਜਾਂਦਾ ਹੈ। ਜੇ ਕੋਈ ਪਾਰਟੀ ਕਿਸੇ ਖਾਸ ਵਿਸ਼ੇ ਸਬੰਧੀ ਕੋਈ ਕਮੇਟੀ ਗੱਠਤ ਕਰਦੀ ਵੀ ਹੈ ਤਾਂ ਉਹ ਵੀ ਫੈਸਲੇ ਦਾ ਅਧਿਕਾਰ ਹਾਈਕਮਾਂਡ ਜਾਂ ਪਰਧਾਨ ਨੂੰ ਦੇ ਦਿੰਦੀ ਹੈ। ਭਾਵ ਕਮੇਟੀ ਕੋਲ ਇਤਨੀ ਸਮਰੱਥਾ ਹੈ ਹੀ ਨਹੀ ਕਿ ਉਹ ਸੁਝਾਅ ਦੇ ਸਕੇ ਕਿਹੜਾ ਫੈਸਲਾ ਪਾਰਟੀ ਦੇ ਹਿੱਤ ਵਿੱਚ ਰਹੇਗਾ ਯਾਨੀ ਜੋ ਵੀ ਪ੍ਰਮੁੱਖ ਫੈਸਲੇ ਲੈਣੇ ਹਨ, ਉਹ ਸਿਰਫ ਉੱਪਰ ਵਾਲੇ ਇੱਕ ਦੋ ਲੋਕਾਂ ਦੇ ਹੱਥ ਵਿੱਚ ਹਨ ਨਾਮ ਉਸ ਨੂੰ ਕੋਈ ਵੀ ਦੇ ਲਵੋ ਚਾਹੇ ਹਾਈ ਕਮਾਂਡ, ਨੈਸ਼ਨਲ ਕਨਵੀਨਰ, ਫੇਸ ਆਫ ਪਾਰਟੀ ਜਾਂ ਫਿਰ ਪ੍ਰਧਾਨ ਜੀ। ਅਸਲੀਅਤਇਹ ਹੀ ਹੈ ਕਿ ਪਾਰਟੀ ਚਾਹੇ ਕੋਈ ਰਵਾਇਤੀ ਹੋਵੇ ਜਾਂ ਫਿਰ ਨਵੀਂ ਉੱਠੇ ਇਹ ਚੀਜ਼ ਹਰ ਪਾਰਟੀ ਵਿੱਚ ਦੇਖਣ ਨੂੰ ਮਿਲਦੀ ਹੀ ਹੈ ਉਸ ਦੇ ਰੂਪ ਅਲੱਗ ਅਲੱਗ ਹੋ ਸਕਦੇ ਹਨ। ਸਭ ਤੋ ਵੱਡੀ ਗੱਲ ਇਸ ਵਿੱਚ ਇਕ ਹੋਰ ਦੇਖਣ ਵਾਲੀ ਮਿਲ ਜਾਊਗੀ ਜਿਹੜੇ ਵਰਕਰ, ਮੰਤਰੀ ਜਾਂ ਫਿਰ ਐਮ ਐਲਏ ਉਪਰ ਵਾਲਿਆਂ ਦੇ ਨੇੜੇ ਹੋ ਗਿਆ ਉਹ ਆਪਣੀ ਹੋਂਦ ਬਣਾਉਣ ਲਈ ਆਪਣੇ ਨਾਲ ਜੁੜੇ ਬੰਦਿਆਂ ਨਾਲ ਇਹ ਹੀ ਕੁੱਝ ਕਰਦਾ ਹੈ। ਇਹੋ ਵਤੀਰਾ ਸਰਕਾਰਾਂ ਵੀ ਵਰਤਦੀਆਂ ਹਨ ਕੈਬਿਨਟ ਮੀਟਿੰਗਾਂ ਦਾ ਏਜੰਡਾ ਮੁੱਖ ਮੰਤਰੀ ਦੀ ਸਹਿਮਤੀ ਨਾਲ ਹੀ ਬਣਦਾ ਹੈ। ਪਾਲਿਸੀ ਬਣਾਉਣ ਵੇਲੇ ਮੁੱਖ ਮੰਤਰੀ ਪਾਰਟੀ ਪਰਧਾਨ ਦੀ ਰਾਏ ਵੀ ਨਹੀ ਲੈਂਦੇ ਹੁਣ ਦਸੋ ਡੈਮੋਕਰੇਸੀ ਕਿੱਥੇ ਹੈ।

ਵੋਟਾਂ ਦੇ ਦਿਨਾਂ ਵਿੱਚ ਹਰ ਲੀਦਰ ਹਰਕਤ ਵਿੱਚ ਆਉਂਦਾ ਹੈ: ਜਿਆਦਾ ਪਿੱਛੇ ਨਾ ਜਾਈਏ ਥੋੜੇ ਜਿਹੇ ਮਹੀਨਿਆਂ ਦੀ ਗੱਲ ਕਰੀਏ ਜਦੋ ਦੀਆਂ ਚੋਣਾਂ ਨੇੜੇ ਆਈਆਂ ਹਨ ਸਭ ਪਾਰਟੀਆਂ ਵਿੱਚ ਬਗਾਵਤ ਦੇ ਸੁਰ ਉੱਠਣ ਲਗੇ ਹਨ। ਚਾਹੇ ਕਿਸੇ ਰਾਜ ਦੀ ਗੱਲ ਕਰ ਲਵੋ। ਜਿਹਨਾਂ ਨੂੰ ਅੱਗੇ ਟਿਕਟ ਮਿਲਣ ਦੀ ਝਾਕ ਨਹੀ, ਤਾਂ ਉਹ ਪਾਰਟੀ ਅਤੇ ਮੰਤਰੀਆਂ ਦੇ ਆਹੁਦਿਆਂ ਤੋਂ ਵੀ ਅਸਤੀਫਾ ਦੇ ਰਹੇ ਹਨ। ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਉਹ ਮੀਡੀਆ ਸਾਹਮਣੇ ਆ ਕੇ ਮੂੰਹ ਖੋਲਦੇ ਹਨ। ਜਿਵੇਂ ਕਿ ਭਾਵੇਂ ਮੈਂ ਮੰਤਰੀ ਸੀ ਪਰ ਮੇਰੇ ਮੇਜ ਤੇ ਤਿੰਨ ਸਾਲ ਤੋਂ ਇਕ ਵੀ ਫਾਇਲ ਨਹੀ ਆਈ। ਇਹਨਾਂ ਨੂੰ ਕੋਈ ਪੁੱਛੇ ਫੇਰ ਤੁਸੀ ਤਿੰਨ ਸਾਲ ਲਈ ਬੈਠੇ ਸਰਕਾਰੀ ਸਹੂਲਤਾਂ ਦਾ ਨਜ਼ਾਰਾ ਲੁੱਟ ਰਹੇ ਸੀ ਉਦੋਂ ਹੀ ਰੋਲਾ ਪਾਉਣਾ ਸੀ ਕਿਉਂ ਕਿ ਤੁਹਾਨੂੰ ਲੋਕਾਂ ਨੇ ਕੰਮ ਕਰਨ ਵਾਸਤੇ ਚੁਣਿਆ ਸੀ ਨਾ ਕਿ ਸਰਕਾਰੀ ਭੱਤਾ ਲੈ ਕਿ ਐਸ਼ ਪ੍ਰਸਤੀ ਲਈ। ਚੋਣਾਂ ਆਉਂਦੇ ਹੀ ਇੱਕ ਦਮ ਜੰਤਾਂ ਦੀ ਸੇਵਾ ਕਰਨ ਦਾ ਖਿਆਲ ਉੱਮਡ ਪੈਂਦਾ ਹੈ। ਫਿਰ ਇਕ ਪਾਰਟੀ ਦਾ ਪੱਲਾ ਛੱਡ ਕੇ ਦੂਜੇ ਖੇਮੇ ਵਿੱਚ ਰਲ ਜਾਉ।

ਪਾਰਟੀ ਲਾਈਨ ਵਿੱਚ ਰਹਿਣਾ ਪੈਂਦਾ ਹੈ: ਕਿਸਾਨ ਮੋਰਚੇ ਦੀ ਇੱਕ ਵੱਡੀ ਪਰਾਪਤੀ ਇਹ ਵੀ ਹੈ ਕਿ ਵੋਟਰ ਆਪਣੇ ਨੁਮਾਇੰਦਾਂ ਨੂੰ ਸਵਾਲ ਪੁੱਛਣ ਲੱਗ ਪਏ ਹਨ ਤੁਸੀ ਆਵਦੇ ਹਲਕੇ ਦੇ ਲੋਕਾਂ ਲਈ ਕੀ ਕੰਮ ਕੀਤਾ ਹੈ ਤਾਂ ਅੱਗੋ ਬੜੇ ਜੋਸ਼ ਨਾਲ ਜਵਾਬ ਆਉਂਦਾ ਹੈ ਮੈਂ ਹਰ ਸਵਾਲ ਦਾ ਜਵਾਬ ਦੇਵਾਂਗਾ। ਪਰ ਜਦੋਂ ਅਸਲ ਸਵਾਲ ਆਉਂਦੇ ਹਨ ਤੇ ਗੱਲਾਂ ਗੋਲ ਕਰਨ ਲੱਗ ਜਾਂਦੇ ਹਨ। ਜਿਹੜੇ ਸਵਾਲ ਦਾ ਜਵਾਬ ਨਾ ਆਵੇ ਜਾਂ ਨਾ ਦੇਣਾ ਹੋਵੇ ਉਦੋਂ ਕਹਿ ਦਿਉ ਕਿ ਪਾਰਟੀ ਲਾਈਨ ਤੋਂ ਬਾਹਰ ਨਹੀਂ ਜਾ ਸਕਦਾ। ਇਸ ਵੇਲੇ ਸਵਾਲ ਤਾਂ ਇਹ ਹੈ ਕਿ ਜੇ ਜਨਤਾ ਦੇ ਸਵਾਲਾਂ ਦਾ ਜਵਾਬ ਨਹੀਂ ਦੇਣਾ ਤਾਂ ਫਿਰ ਉਸ ਪਾਰਟੀ ਦਾ ਮਨੋਰਥ ਠੀਕ ਨਹੀ। ਤੁਸੀ ਹੇਠਲਿਆਂ ਨੂੰ ਪੁੱਛੋ ਤਾਂ ਉਹ ਕਹਿੰਦੇ ਹਨ ਕਿ ਉਪਰੋਂ ਆਰਡਰ ਆਉਣਗੇ ਦੂਜੇ ਪਾਸੇ ਜੇ ਉਪਰਲਿਆਂ ਨੂੰ ਕੋਈ ਹੋਸਲਾਂ ਕਰਕੇ ਪੁੱਛ ਲਵੇ ਤਾਂ ਉਹਨਾਂ ਦਾ ਜਵਾਬ ਹੁੰਦਾ ਹੈ ਜੋ ਪਾਰਟੀ ਕਹੇਗੀ। ਇਹ ਹੀ ਨਹੀਂ ਪਤਾ ਲਗਦਾ ਕਿ ਪਾਰਟੀ ਕੀ ਹੈ? ਹੋ ਸਕਦਾ ਸ਼ਾਇਦ ਇਹ ਇਮਾਰਤਾਂ ਨੂੰ ਪਾਰਟੀ ਦਸਦੇ ਹੋਣ।

ਕੰਮਾਂ ਦੀ ਬਜਾਏ ਇੱਕ ਦੂਜੇ ਤੇ ਦੂਸ਼ਣਬਾਜੀ:- ਅੱਜ ਸ਼ੋਸ਼ਲ ਮੀਡੀਆਂ ਤੇ ਦੇਖੋ ਤਾਂ ਹਰ ਪਾਰਟੀ ਇੱਕ ਦੂਜੇ ਦੇ ਕਾਰਟੂਨ ਬਣਾਕੇ ਜਾਂ ਫਿਰ ਚੇਹਰੇ ਵਿਗਾੜ (ਮੋਰਫ) ਕੇ ਵੀਡਿਉ ਪਾ ਰਹੇ ਹਨ। ਇਹਨਾਂ ਤੇ ਕੋਈ ਗਾਣਾ ਚਲਾ ਦਿੰਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਇੱਕ ਦੂਜੇ ਤੇ ਉਂਗਲ ਉਠਾਉਣ ਦੀ ਬਜਾਏ ਇਹ ਆਪਣੇ ਕੰਮਾਂ ਬਾਰੇ ਦੱਸਣ। ਜਿਹੜੀ ਪਾਰਟੀ ਦੀ ਸਰਕਾਰ ਪਹਿਲਾਂ ਸਤਾ ਵਿੱਚ ਹੈ ਉਹ ਕੰਮਪੇਰੇਟਿਵ ਸਟੇਟਮੈਂਨਟ ਬਣਾ ਕੇ ਦੱਸੇ ਕਿ ਉਹਨਾਂ ਦਾ ਰਾਜ (ਮਾਫ ਕਰਨਾ ਸੇਵਾ ਕਾਲ) ਕਿਵੇਂ ਬੇਹਤਰ ਸੀ। ਅੱਗੋ ਇਹਨਾਂ ਨਾਲੋ ਉਹਨਾਂ ਦਾ ਮੈਨੀਫੈਸਟੋ ਕਿਵੇਂ ਬਿਹਤਰ ਹੈ ਤੇ ਕਿਸ ਤਰ੍ਹਾਂ ਲਾਗੂ ਹੋਊਗਾ। ਜਿਨ੍ਹਾਂ ਨੇ ਪਹਿਲਾਂ ਰਾਜ ਨਹੀ ਕੀਤਾ ਤੇ ਉਹ ਆਪਣੇ ਰਾਜ ਵਾਲੀ ਥਾਂ ਦਾ ਮਾਡਲ ਪੰਜਾਬ ਵਿੱਚ ਲੈ ਕੇ ਆ ਰਹੇ ਹਨ, ਉਹ ਇਸ ਗੱਲ ਦੀ ਪੁਸ਼ਟੀ ਕਰਨ ਕਿ ਦਿੱਲੀ ਤੇ ਪੰਜਾਬ ਦੇ ਆਰਥਿਕ ਹਾਲਾਤਾਂ ਵਿੱਚ ਬਹੁਤ ਫਰਕ ਹੈ ਇਥੇ ਉਸ ਮਾਡਲ ਦਾ ਬਦਲਵਾ ਰੂਪ ਕਿਵੇਂ ਲਾਗੂ ਕਰਨਗੇ। ਜੇ ਕਿਤੇ ਇਹ ਗੱਲ ਆਵੇ ਕਿ ਤੁਹਾਡੇ ਸੇਵਾ ਕਾਲ ਵਿੱਚ ਇਹ ਗੱਲਾਂ ਠੀਕ ਨਹੀ ਹੋ ਰਹੀਆਂ ਤਾਂ ਝੱਟ ਜਵਾਬ ਆਵੇਗਾ ਕਿ ਸਾਡੇ ਤੋਂ ਪਹਿਲਾਂ ਜਿਹੜੀ ਪਾਰਟੀ ਨੇ ਰਾਜ ਕੀਤਾ ਹੈ ਇਹ ਕਸੂਰ ਉਸਦਾ ਹੈ। ਟੀਵੀ ਬਹਿਸ ਵਿੱਚ ਇਹ ਗੱਲ ਅਕਸਰ ਦੇਖੀ ਜਾਂਦੀ ਹੈ। ਹਰ ਪਾਰਟੀ ਕਹਿੰਦੀ ਹੈ ਕਿ ਅਸੀ ਦੁੱਧ ਧੋਤੇ ਹਾਂ।

ਮੁੱਦਿਆਂ ਤੋਂ ਭਟਕੇ ਸਿਆਸੀ ਲੀਡਰ: ਅੱਜ ਸਿਆਸੀ ਲੋਕ ਮੁੱਦਿਆਂ ਤੇ ਆਉਂਦੇ ਹੀ ਨਹੀਂ ਇੱਧਰ ਉਧਰ ਦੀ ਦੂਸ਼ਣਬਾਜੀ ਤੇ ਲੱਗੇ ਹੋਏ ਹਨ। ਪਰ ਹੈਰਾਨੀ ਹੁੰਦੀ ਹੈ ਕਿ ਕਿਸਾਨ ਅੰਦੋਲਨ ਖਤਮ ਹੋਣ ਦੇ ਨਾਲ ਹੀ ਲੋਕਾਂ ਵੱਲੋਂ ਵੀ ਮੁੱਦਿਆਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਫਿਰ ਉੱਹੀ ਘਟੀਆ ਰਾਜਨੀਤੀ ਦਾ ਸ਼ਿਕਾਰ ਹੋਣ ਲਈ ਤਿਆਰ ਹਨ। ਲੋਕਾਂ ਨੂੰ ਇੱਕਠੇ ਹੋ ਕੇ ਇਹਨਾਂ ਪਾਰਟੀਆਂ ਦਾ ਵਿਰੋਧ ਕਰਕੇ ਇਹਨਾਂ ਦੀ ਘਟੀਆ ਸ਼ਬਦਾਵਲੀ ਤੇ ਰੋਕ ਲਵਾਉਣੀ ਚਾਹੀਦੀ ਹੈ। ਇਹ ਲੋਕ ਸ਼ੋਸ਼ਲ ਮੀਡੀਆਂ ਤੇ ਲੋਕਾਂ ਦੀ ਸ਼ਬਦਾਵਲੀ ਪਰਖਦੇ ਹਨ ਪਰ ਸ਼ਾਇਦ ਹੁਣ ਆਪ ਹੀ ਇਸ ਨੂੰ ਭੁੱਲ ਚੁੱਕੇ ਹਨ। ਜਿਸ ਤਰ੍ਹਾਂ ਦੀ ਇਹਨਾਂ ਦੀ ਭਾਸ਼ਾ ਹੁੰਦੀ ਹੈ ਲੱਗਦਾ ਹੈ ਕਿ ਲੋਕਾਂ ਦੀ ਨੁਮਾਇੰਦਗੀ ਕਰਨ ਦੇ ਕਾਬਿਲ ਹੀ ਨਹੀ ਹਨ, ਸੋ ਲੋਕ ਇਹਨਾਂ ਨੂੰ ਵਾਪਸ ਮੁੱਦਿਆਂ ਤੇ ਲੈ ਕੇ ਆਉਣ।ਕੋਈ ਸਰਕਾਰ ਬਣੇ ਵੋਟਾਂ ਤੋ ਬਾਅਦ ਸਭ ਦੇ ਬਹਾਨੇ ਸ਼ੁਰੂ ਹੋ ਜਾਣੇ ਹਨ।ਉਹਨਾਂ ਨੇ ਵੋਟਰਾਂ ਦੇ ਸਵਾਲਾ ਦੇ ਜਵਾਬ ਤੁਹਾਨੂੰ ਪਰੇਸ਼ਾਨ ਕਰਕੇ ਦੇਣੇ ਹਨ। ਚਾਰ ਸਾਲ ਤੂਹਾਨੂੰ ਤੰਗ ਕਰਨਗੇ 5ਵੇਂ ਸਾਲ ਮਿੰਨਤ। ਪਰ ਅਸਲ ਮੁੱਦਾ ਬੇਰੁਜ਼ਗਾਰੀ ਦਾ ਕਿਸੇ ਨੇ ਹੱਲ ਨਹੀ ਕਰਨਾ।

ਸੇਵਾ ਜਾਂ ਧੱਕੇਸ਼ਾਹੀ : ਅੱਜ ਜਿਸ ਮਰਜ਼ੀ ਲੀਡਰ ਨੂੰ ਦੇਖ ਲਈਏ ਸਮਾਜ ਸੇਵਾ ਦਾ ਜਨੂੰਨ ਇਹਨਾ ਭਾਰੂ ਹੈ ਕਿ ਪਲਿਉਂ ਕਰੋੜਾਂ ਖਰਚ ਕੇ ਲੋਕਾਂ ਦੀ ਮਿੰਨਤ ਕਰਕੇ ਵੀ ਸੇਵਾ ਵਿੱਚ ਜੁੱਟਨਾ ਚਾਹੁੰਦੇ ਹਨ। ਇਥੋਂ ਤੱਕ ਇਹ ਸੇਵਾ ਕਰਨ ਲਈ ਭਾਵੇਂ ਇੱਕ ਦੂਜੇ ਦਾ ਸਿਰ ਪਾੜਨਾ ਪਵੇ ਉਹ ਵੀ ਮੰਜ਼ੂਰ ਹੈ ਪਰ ਪੰਜਾਬ ਦੇ ਲੋਕਾਂ ਦੀ ਸੇਵਾ ਦਾ ਮੌਕਾ ਸਾਨੂੰ ਹੀ ਮਿਲਣਾ ਚਾਹੀਦਾ ਹੈ। ਹਾਲ ਹੀ ਵਿੱਚ ਪੋਸਟਰਾਂ ਨੂੰ ਲਾਉਣ ਪਿੱਛੇ ਦੋ ਪਾਰਟੀਆਂ ਦੇ ਵਰਕਰ ਭਿੜੇ ਇਥੋਂ ਤੱਕ ਕਿ ਇੱਕ ਪਾਰਟੀ ਨੇ ਦੂਜੀ ਪਾਰਟੀ ਤੇ ਗੋਲੀਆਂ ਚਲਾਉਣ ਦਾ ਇਲਜ਼ਾਮ ਲਾਇਆ ਹੈ। ਸੋਚਣ ਦੀ ਗੱਲ ਤਾਂ ਇਹ ਹੈ ਕਿ 91 ਪ੍ਰਤੀਸ਼ਤ ਪੰਜਾਬੀਆਂ ਦੇ ਹਥਿਆਰ ਜਮ੍ਹਾਂ ਹੋ ਚੁੱਕੇ ਹਨ ਫੇਰ ਵੀ ਇਹ ਹਥਿਆਰ ਕਿਹੜੇ ਹਨ ਜਿਨਾਂ ਕੋਲ ਪਰਮਿਸ਼ਨ ਹੈ ਜਾਂ ਫਿਰ ਨਜ਼ਾਇਜ।

ਕਾਨੂੰਨ ਆਪਣੀ ਮੁੱਠੀ ਵਿੱਚ : ਅੱਜ ਹਰ ਪਾਰਟੀ ਇਕ ਦੂਜੇ ਤੇ ਗੁੰਡਾਗਰਦੀ ਤੇ ਨਸ਼ੇ ਫੈਲਾਉਣ ਜਾਂ ਕੁਰਪਸ਼ਨ ਕਰਨ ਦੇ ਇਲਜ਼ਾਮ ਲਗਾ ਰਹੀ ਤੇ ਜਿਹੜੇ ਤਾਕਤਵਰ ਹਨ ਉਹ ਆਪਣੇ ਵਿਰੋਧੀਆਂ ਨੂੰ ਦਬੋਚਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਅਪਣਾਉਂਦੇ ਹਨ, ਚਾਹੇ ਉਹਨਾਂ ਨੂੰ ਇਸ ਵਿੱਚ ਸਰਕਾਰੀ ਏਜੰਸੀਆਂ ਦੀ ਵਰਤੋ ਹੀ ਕਿਉਂ ਨਾ ਕਰਨੀ ਪਵੇ। ਅੱਜ ਸਾਨੂੰ ਸਾਰੇ ਲੀਡਰਾਂ ਦੇ ਪੰਜ ਸਾਲ ਪਹਿਲਾਂ ਸੰਪਤੀ ਦੇ ਐਫੀਡੇਵਿਟ ਜੋ ਦਿੱਤੇ ਹਨ ਅੱਜ ਨਾਲ ਮਿਲਾਉਣੇ ਚਾਹੀਦੇ ਹਨ ਜਿਸ ਦੀ ਜਾਇਦਾਦ ਜਿਆਦਾ ਵਧੀ ਹੈ ਉਸ ਨੂੰ ਸਵਾਲ ਕਰੋ ਕਿ ਇਹ ਕਿਥੋਂ ਆਈ ਹੈ। ਦਰਅਸਲ ਹੱਕ ਦੇ ਪੈਸੇ ਨਾਲ ਕਦੇ ਵੀ ਪੰਜਾਂ ਸਾਲਾ ਵਿੱਚ ਜਾਇਦਾਦ ਦੁੱਗਣੀ ਤੋ ਤਿੱਗਣੀ ਨਹੀ ਹੁੰਦੀ। ਜਾਇਦਾਦ ਦਾ ਬੇਹਿਸਾਬ ਵਾਧਾ ਕਿਸੇ ਵੀ ਕੰਮ ਵਿੱਚ ਠੱਗੀ, ਚੋਰੀ ਤੇ ਗੁੰਡਾਗਰਦੀ ਬਿਨਾਂ ਨਹੀਂ ਹੋ ਸਕਦਾ ਅਤੇ ਇਹ ਉਹ ਹੀ ਕਰ ਸਕਦਾ ਹੈ ਜਿਸ ਦੇ ਹੱਥ ਵਿੱਚ ਕਾਨੂੰਨ ਹੋਵੇ ਜਾਂ ਫਿਰ ਇਹ ਮਿੱਥਿਆ ਹੋਵੇ ਕਿ ਕਾਨੂੰਨ ਵੀ ਕੀ ਕਰ ਲਊ।

ਪਾਵਰ ਕਿਸਦੇ ਹੱਥ ਵਿੱਚ : ਅੱਜ ਹਰ ਪਾਰਟੀ ਵਿੱਚ ਮੁੱਖ ਮੰਤਰੀ ਦੀ ਕੁਰਸੀ ਨੂੰ ਲੈ ਕਿ ਦੌੜ ਲੱਗੀ ਹੋਈ।ਇਸ ਵਿੱਚ ਜਿਆਦਾ ਹਲਚਲ ਉਹਨਾਂ ਪਾਰਟੀਆ ਵਿੱਚ ਹੈ ਜਿਹਨਾਂ ਦਾ ਰਿਮੋਟ ਕੰਟਰੋਲ ਦਿੱਲੀ ਵਿੱਚ ਹੈ। ਜਿਹੜੀਆ ਪਾਰਟੀਆਂ ਖੇਤਰੀ ਹਨ ਉਥੇ ਪਤਾ ਹੀ ਹੈ ਕਿ ਪ੍ਰਧਾਨ ਹੀ ਮੁੱਖ ਮੰਤਰੀ ਹੋਊਗਾ। ਇਸ ਲਈ ਉਹਨਾਂ ਦੇ ਅੱਗੇ ਕੋਈ ਅਵਾਜ਼ ਨਹੀ ਚੁੱਕਦਾ (ਜਿਸ ਨੂੰ ਨਾਹਰਾ ਦਿੱਤਾ ਜਾਂਦਾ ਹੈ ਬਿਹਤਰ ਕਮਾਂਡ ਦਾ)। ਅੱਜ ਕੱਲ ਸਾਰੀ ਪਾਵਰ ਮੁੱਖ ਮੰਤਰੀ ਕੋਲ ਕੇਂਦਰਿਤ ਹੁੰਦੀ ਹੈ ਇਸ ਲਈ ਉਸ ਦੀ ਸੋਚ ਲੈਣੀ ਜਰੂਰੀ ਹੈ। ਪਰ ਹੁਣ ਜਦੋ ਰਿਮੋਟ ਦਿੱਲੀ ਵੱਲ ਨੂੰ ਤੁਰ ਪਏ ਤਾ ਸਾਨੂੰ ਉਹਨਾਂ ਦੀ ਸੋਚ ਵੀ ਵੇਖਣੀ ਪਊਗੀ।

ਨਿਚੋੜ:ਇਸ ਸਭ ਦਾ ਨਿਚੋੜ ਇਹ ਹੈ ਕਿ ਲੋਕ ਵਿਧਾਇਕ ਚੁਣਨ ਤੋਂ ਪਹਿਲਾਂ ਉਸ ਨੂੰ ਪਰਖਣ। ਇੱਕਠੇ ਹੋ ਕੇ ਆਪਣੇ ਇਲਾਕੇ ਲਈ ਡਿਵੈਲਪਮੈਂਟ ਦੇ ਕੰਮ ਲਿਖ ਕੇ ਦਿਉ। ਇਕ ਕਾਪੀ ਉਸ ਨੂੰ ਦਿਉ ਤੇ ਉਸ ਦੇ ਦਸਤਖਤ ਲਵੋ। ਜਦੋਂ ਵਿਧਾਇਕ ਬਣ ਜਾਵੇ ਸਮੇਂ ਸਮੇਂ ਸਿਰ ਉਸਨੂੰ ਕਰਨ ਵਾਲੇ ਕੰਂ ਯਾਦ ਕਰਵਾਉਂਦੇ ਰਹੋ। ਆਉਂਦੀਆਂ ਚੋਣਾਂ ਤੋਂ ਪਹਿਲਾ ਲੇਖਾ ਜੋਖਾ ਕਰੋ । ਜੇ ਕੰਮ ਨਹੀ ਕੀਤੇ ਤਾਂ ਦੁਬਾਰਾ ਮੂੰਹ ਨਾ ਲਾਉ।

## ਅੱਜ ਪੰਜਾਬ ਦੀ ਅਵਾਮ ਰਵਾਇਤੀ ਪਾਰਟੀਆਂ ਤੋਂ ਮੰਗ ਰਹੀ ਹੈ ਇਹਨਾਂ ਸਵਾਲਾਂ ਦੇ ਜਵਾਬ ?

ਘਰ ਘਰ ਰੁਜ਼ਗਾਰ ਦੇਣ ,ਹਰ ਸਾਲ ਇੱਕ ਲਖ ਨੌਕਰੀਆਂ ਦੇਣ ਦੇ ਵਾਅਦਿਆਂ ਦਾ ਕੀ ਬਣਿਆ ਹੈ। ਸਾਰੇ ਵਿਭਾਗਾਂ ਵਿੱਚ ਪੱਕਾ ਰੁਜ਼ਗਾਰ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਬਾਰੇ ਨੀਤੀ ਦਾ ਕੀ ਬਣਿਆ ਹੈ। ਆਊਟ ਸੋਰਸ ਅਤੇ ਠੇਕੇਦਾਰੀ ਪ੍ਰਬੰਧ ਅਧੀਨ ਕੰਮ ਕਰਦੇ ਕਾਮਿਆਂ ਨੂੰ ਪੱਕੇ ਕਰਨ ਦੀ ਨੀਤੀ ਬਾਰੇ ਕੀ ਵਿਚਾਰ ਕੀਤਾ ਹੈ। ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦੇਣ ਦੇ ਵਾਅਦੇ ਕਿਉਂ ਭੁੱਲ ਗਏ ਸੀ। ਸੂਬੇ ਭਰ ਵਿੱਚ ਅਵਾਰਾ ਪਸ਼ੂਆਂ ਦਾ ਕੀ ਹੱਲ ਕੱਢਿਆ ਗਿਆ ਹੈ। ਕੀ ਮਾਲ ਮਹਿਕਮੇ। ਪੁਲਿਸ ਵਿਭਾਗ ਤੇ ਸਾਰੇ ਸਰਕਾਰੀ ਵਿਭਾਗਾਂ ਵਿੱਚ ਰਿਸ਼ਵਤਖੋਰੀ ਨੂੰ ਰੋਕਣ ਵਾਸਤੇ ਕਿਹੜੇ ਉਪਾਅ ਕੀਤੇ ਸਨ। ਦੇਸ਼ ਨੂੰ ਘੁਣ ਵਾਂਗ ਖਾ ਰਿਹਾ ਭ੍ਰਿਸ਼ਟਾਚਾਰ ਕਦੋ ਤਕ ਚਲਦਾ ਰਹੇਗਾ। ਕਿਸਾਨਾਂ ਸਿਰ ਚੜੇ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਕੌਣ ਉਤਾਰੇਗਾ। ਦੇਸ਼ ਭਰ ਵਿੱਚੋ ਗਰੀਬੀ ਤੇ ਬੇਰੁਜ਼ਗਾਰੀ ਦੂਰ ਕਰਨ ਦਾ ਤੁਹਾਡੇ ਕੋਲ ਕੀ ਰੋਡ ਮੈਪ ਹੈ। ਕਸਾਨ ਜੋ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੀ ਬੜੇ ਚਿਰ ਤੋਂ ਲਾਗੂ ਕਰਵਾਉਣ ਦੀ ਮੰਗ ਕਰ ਰਹੇ ਹਨ। ਕੀ ਤੁਹਾਡੀ ਸਰਕਾਰ ਉਸ ਨੂੰ ਲਾਗੂ ਕਰਵਾਏਗੀ। ਗਰੀਬ ਪਰਿਵਾਰ ਲਈ ਜਨਤਕ ਵੰਡ ਪ੍ਰਣਾਲੀ ਜਾਰੀ ਰੱਖੀ ਜਾਵੇਗੀ ਕਿ ਨਹੀਂ। ਨਵੇਂ ਲੇਬਰ ਕਨੂੰਨ ਰੱਦ ਕਰਕੇ ਮਜ਼ਦੂਰਾਂ ਦੇ ਹੱਕ ਵਾਲੇ ਕਨੂੰਨ ਕਿ ਲਾਗੂ ਕੀਤੇ ਜਾਣਗੇ। ਪਟਰੋਲ, ਡੀਜ਼ਲ ਰਸੋਈ ਗੈਸ ਦੇ ਅੱਧੇ ਰੇਤ ਕਿਵੇਂ ਕਰੋਗੇ। ਮਹਿੰਗਾਈ ਨੂੰ ਕਿਵੇਂ ਨੱਥ ਪਾਉਗੇ। ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਕਰੋਗੇ। ਕੀ ਕੇ ਜ਼ੀ ਤੋਂ ਲੈ ਕੇ ਮਾਸਟਰ ਡਿਗਰੀ ਤਕ ਵਿੱਦਿਆ ਮੁਫ਼ਤ ਕਰਾਉਣ ਬਾਰੇ ਕੀ ਕਹੋਗੇ। ਨਿਜ਼ੀ ਸਕੂਲਾਂ ਨੂੰ ਸਰਕਾਰੀ ਸਕੂਲਾਂ ਵਿੱਚ ਤਬਦੀਲ ਕਰਨ ਬਾਰੇ ਕੀ ਵਿਚਾਰ ਹੈ। ਹਰ ਇਕ ਨਾਗਰਿਕ ਨੂੰ ਮੁਫ਼ਤ ਇਲਾਜ਼ ਦੇਣ ਲਈ ਕੀ ਨੀਤੀ ਹੋਵੇਗੀ। ਬਹੁ ਗਿਣਤੀ ਲੋਕਾਂ ਤੋਂ ਤੋਂ ਸਿੱਖਿਆ ਦਾ ਹੱਕ ਖੋਹਣ ਲਈ ਕੌਮੀ ਨੀਤੀ ਸਿੱਖਿਆ ਨੀਤੀ 2020 ਨੂੰ ਰੱਦ ਕਰਨਗੇ। ਤੁਹਾਡੀ ਪਾਰਟੀ ਨਿੱਜੀਕਰਨ ਜਾਂ ਠੇਕੇਦਾਰੀ ਕਰਨ ਦੀਆਂ ਨੀਤੀਆਂ ਨੂੰ ਰੱਦ ਕਰੇਗੀ ਜਾਂ ਬਹਾਲ ਹੀ ਰਖੇਗੀ। ਔਰਤ ਵਰਗ ਰਾਤ ਨੂੰ ਬੇਖ਼ੌਫ਼ ਘਰੋਂ ਬਾਹਰ ਨਿੱਕਲ ਸਕੇਗੀ। ਬਲਾਤਕਾਰੀਆਂ ਨੂੰ ਜਨਤਕ ਸਜ਼ਾ ਦੇਵੋਗੇ। ਪੰਜਾਬ ਦੀ ਨੌਜਵਾਨ ਵਰਗ ਜਿਵੇਂ ਨਸ਼ਿਆਂ ਦੇ ਦਲਦਲ ਵਿੱਚ ਫਸਿਆ ਪਿਆ ਹੈ। ਉਸ ਵਿੱਚੋ ਉਸ ਨੂੰ ਬਾਹਰ ਕੱਢਣ ਵਾਸਤੇ ਕੋਈ ਸਖ਼ਤ ਕਨੂੰਨ ਬਣਾਇਆ ਜਾਵੇਗਾ। ਪੰਜਾਬ ਵਿੱਚ ਰੇਤ ਦੀ ਚਲ ਰਹੀ ਕਾਲਾ ਬਾਜ਼ਾਰੀ ਨੂੰ ਰੋਕਿਆ ਜਾ ਸਕੇਗਾ। ਰੇਤਾ ਬਜ਼ਰੀ, ਕੇਬਲ, ਟਰਾਂਸਪੋਰਟ ਤੇ ਗੁੰਡਾ ਗਰਦੀ ਵਰਗੇ ਮਾਫੀਏ ਤੇ ਨਕੇਲ ਕਸਨ ਦਾ ਕੀ ਰੋਡ ਮੈਪ ਬਣੇਗਾ। ਵਿਧਾਇਕਾਂ ਦੀਆਂ ਤਨਖਾਹਾਂ ਤੇ ਪੈਨਸਨਾਂ ਘਟਾਉਣ ਬਾਰੇ ਆਪਣੀ ਨੀਤੀ ਚੌਣ ਮੈਨੀਫੈਸਟੋ ਵਿੱਚ ਕਿਉਂ ਨਹੀਂ ਸ਼ਾਮਲ ਕੀਤੀ ਜਾ ਰਹੀ। ਇਹਨਾਂ ਸਵਾਲਾਂ ਦਾ ਜਬਾਬ ਕਿਸੇ ਕੋਲ ਵੀ ਨਹੀਂ। ਬਸ ਇੱਕ ਦੂਜੇ ਉਤੇ ਚਿੱਕੜ ਸੁੱਟਣ ਤੇ ਉਹਨਾਂ ਦੇ ਪੋਤੜੇ ਫਰੋਲਣ ਦੀ ਬਿਆਨ ਬਾਜ਼ੀ ਦਾ ਪ੍ਰਦੂਸ਼ਣ ਹੀ ਵੇਖਣ ਨੂੰ ਮਿਲ ਰਿਹਾ ਹੈ। ਆਉਂਦੇ ਦਿਨਾਂ ਵਿੱਚ ਵੋਟਾਂ ਵੀ ਪੈ ਜਾਣੀਆਂ ਹਨ। ਮੁੱਦੇ ਉਥੇ ਦੇ ਉਥੇ ਹੀ ਲਟਕਦੇ ਰਹਿਣੇ ਨੇ। ਅੱਜ ਸਮਾਂ ਹੈ ਇਹਨਾਂ ਸਵਾਲਾਂ ਦਾ ਜਬਾਬ ਤੇ ਉਹਨਾਂ ਦਾ ਹੱਲ ਕੱਢਣ ਦਾ । ਲੋਕਤੰਤਰ ਵਿੱਚ ਹਰ ਇੱਕ ਨਾਗਰਿਕ ਨੂੰ ਵੋਟ ਪਾਉਣ ਦਾ ਅਧਿਕਾਰ ਹੈ। ਤੁਹਾਡੀ ਇੱਕ ਇੱਕ ਵੋਟ ਆਉਣ ਵਾਲੇ ਪੰਜਾਂ ਸਾਲਾਂ ਦੇ ਭਵਿੱਖ ਦਾ ਸਵਾਲ ਹੈ। ਇਹ ਹੁਣ ਤੁਹਾਡੇ ਉਤੇ ਨਿਰਭਰ ਕਰਦਾ ਹੈ।

*-ਸੂਬੇਦਾਰ ਜਸਵਿੰਦਰ ਸਿੰਘ*
*ਭੁਲੇਰੀਆ , ਮਦੋਟ (ਫਿਰੋਜ਼ਪੁਰ)*
7589155501

# ਬਸੰਤ ਪੰਚਮੀ ਬਨਾਮ ਬਸੰਤ ਰੁੱਤ

-ਸਰਵਜੀਤ ਸਿੰਘ ਸੈਕਰਾਮੈਂਟੋ-



ਚੰਦਰ-ਸੂਰਜੀ ਬਿਕ੍ਰਮੀ ਕੈਲੰਡਰਮੁਤਾਬਕ, ਚੰਦ ਦੇ ਮਾਘ ਮਹੀਨੇ ਦੀ ਸੁਦੀ ਪੰਚਮੀ ਨੂੰ ਮਨਾਏ ਜਾਣ ਵਾਲੇ ਤਿਉਹਾਰ ਨੂੰ ਬਸੰਤ ਪੰਚਮੀ ਕਿਹਾ ਜਾਂਦਾ ਹੈ। ਭਾਵੇ ਇਸ ਨੂੰ ਬਸੰਤ ਰੁੱਤ ਦੀ ਆਰੰਭ ਮੰਨਿਆ ਜਾਂਦਾ ਹੈ ਪਰ ਇਸ ਦਾ ਬਸੰਤ ਰੁੱਤ ਨਾਲ ਕੋਈ ਸਬੰਧ ਨਹੀਂ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਰੁੱਤ ਸਦਾ ਹੀ ਇਕ ਖਾਸ ਸਮੇਂ ਤੇ ਆਰੰਭ ਹੁੰਦੀ ਹੈ, ਪਰ ਬਸੰਤ ਪੰਚਮੀ ਹਰ ਸਾਲ ਵੱਖ-ਵੱਖ ਸਮੇਂ ਤੇ ਆਉਂਦੀ ਹੈ। ਜਿਵੇ 2020 ਈ: ਵਿੱਚ ਬਸੰਤ ਪੰਚਮੀ 30 ਜਨਵਰੀ ਨੂੰ ਆਈ ਸੀ, 2021 ਈ: ਵਿੱਚ 16 ਫਰਵਰੀ, ਇਸ ਸਾਲ(2022 ਈ:) 5 ਫਰਵਰੀ ਅਤੇ 2023 ਈ: ਵਿਚ 26 ਜਨਵਰੀ ਨੂੰ ਆਵੇਗੀ। ਬਸੰਤ ਪੰਚਮੀ ਆਮ ਤੌਰ ਤੇ 20 ਜਨਵਰੀ ਤੋਂ 17 ਫਰਵਰੀ ਦੇ ਦਰਮਿਆਨ ਆਉਂਦੀ ਹੈ।

ਬਸੰਤ ਪੰਚਮੀ, ਜਿਸ ਨੂੰ 'ਸ੍ਰੀ ਪੰਚਮੀ' ਜਾਂ 'ਸਰਸਵਤੀ ਪੂਜਾ' ਵੀ ਕਿਹਾ ਜਾਂਦਾ ਹੈ, ਦਾ ਸਬੰਧ ਦੇਵੀ ਸਰਸਵਤੀ ਨਾਲ ਮੰਨਿਆ ਜਾਂਦਾ ਹੈ। ਸਰਸਵਤੀ ਹਿੰਦੂ ਮੱਤ ਵਿੱਚ ਗਿਆਨ, ਸੰਗੀਤ ਅਤੇ ਕਲਾ ਦੀ ਦੇਵੀ ਮੰਨੀ ਜਾਂਦੀ ਹੈ। ਬਸੰਤ ਪੰਚਮੀ ਨੂੰ ਦੇਵੀ ਸਰਸਵਤੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। 'ਹਿੰਦੂ ਮਿਥਿਹਾਸ ਕੋਸ਼' ਵਿੱਚ ਦਰਜ ਕਹਾਣੀ ਮੁਤਾਬਕ ਸਰਸਵਤੀ ਨੂੰ ਬ੍ਰਹਮਾ ਦੀ ਪਤਨੀ ਮੰਨਿਆ ਗਿਆ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਬਹੁਤ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਬਸੰਤ ਪੰਚਮੀ ਦੇ ਦਿਨ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ।ਇਸ ਦਿਨ ਦੇ ਇਸ਼ਨਾਨ ਅਤੇ ਦਾਨ ਦਾ ਹਿੰਦੂ ਧਰਮ ਵਿੱਚ ਬਹੁਤ ਮਹੱਤਵ ਮੰਨਿਆ ਜਾਂਦਾ ਹੈ।ਬਸੰਤ ਪੰਚਮੀ ਵਾਲੇ ਦਿਨ ਕਈ ਥਾਂਵਾਂ ਉੱਤੇ ਸੰਗੀਤ ਸੰਮੇਲਨ ਅਤੇ ਕਵੀ-ਦਰਬਾਰ ਵੀ ਕਰਵਾਏ ਜਾਂਦੇ ਹਨ। ਜਿਥੇ ਇਸ ਦਿਨ ਪਤੰਗ ਬਾਜ਼ੀ ਦੇ ਮੁਕਾਬਲੇ ਹੁੰਦੇ ਹਨ, ਉਥੇ ਹੀ ਅੱਜ-ਕੱਲ ਚੀਨੀ ਡੋਰ ਕਾਰਨ ਦਰਦਨਾਕ ਹਾਦਸੇ ਵੀ ਵਾਪਰਦੇ ਹਨ।

ਬਸੰਤ, ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ, ਜਿਸ ਨੂੰ ਸਾਲ ਕਹਿੰਦੇ ਹਨ, ਵਿੱਚ ਚਾਰ ਰੁੱਤਾਂ ਵਿੱਚੋਂ ਸਭ ਤੋਂ ਸੁਹਾਵਣੀ ਰੁੱਤ। ਆਪਣੇ ਦੇਸ਼ ਵਿਚ ਮੰਨੀਆਂ ਜਾਂਦੀਆਂ 6 ਰੁੱਤਾਂ ਵਿੱਚੋਂ ਇਕ ਰੁੱਤ, ਜੋ ਨਵੇ ਸਾਲ ਦੇ ਆਰੰਭ ਵਿਚ ਆਉਂਦੀ ਹੈ। ਬਸੰਤ ਰੁੱਤ ਨੂੰ ਪ੍ਰਕਿਰਤੀ ਵਿੱਚ ਇੱਕ ਨਵੀਂ ਚੇਤਨਾ ਦਾ ਸੂਚਕ ਮੰਨਿਆ ਜਾਂਦਾ ਹੈ, ਕਿਉਂਕਿ ਇਸ ਰੁੱਤ ਦੀ ਦਸਤਕ ਤੋਂ ਪਹਿਲਾਂ ਕੜਾਕੇ ਦੀ ਪੈ ਰਹੀ ਠੰਢ ਦਾ ਪ੍ਰਭਾਵ ਘਟ ਜਾਂਦਾ ਹੈ, ਦਰਖ਼ਤਾਂ ਦੀਆਂ ਨਵੀਆਂ ਕਰੂੰਬਲਾਂ ਫੁਟ ਪੈਂਦੀਆਂ ਹਨ। ਬਸੰਤ ਰੁੱਤ ਦੀ ਆਮਦ ਸਰਦ ਰੁੱਤ ਦੇ ਖਤਮ ਹੋਣ ਦੀ ਸੂਚਕ ਵੀ ਮੰਨੀ ਜਾਂਦੀ ਹੈ। ਪੰਜਾਬੀ ਅਖਾਣ ਵੀ ਇਸ ਦੀ ਤਸਦੀਕ ਕਰਦਾ ਹੈ। "ਆਈ ਬਸੰਤ-ਪਾਲਾ ਉਡੰਤ"।

ਉੱਤਰੀ ਅਰਧ ਗੋਲੇ ਵਿੱਚ, ਜਦੋਂ ਦਿਨ ਅਤੇ ਰਾਤ ਬਰਾਬਰ (March Equinox) ਹੁੰਦੇ ਹਨ, ਉਸ ਦਿਨ ਤੋਂ ਬਸੰਤ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।ਜੇ ਸਾਲ ਦੀ ਵੰਡ ਚਾਰ ਰੁੱਤਾਂ ਵਿੱਚ ਕੀਤੀ ਜਾਵੇ ਤਾਂ ਇਸ ਤਰ੍ਹਾਂ ਹੁੰਦੀ ਹੈ। ਬਸੰਤ 20 ਮਾਰਚ ਤੋਂ 20 ਜੂਨ, ਗਰਮੀ 21 ਜੂਨ ਤੋਂ 21 ਸਤੰਬਰ, ਪਤਝੜ 22 ਸਤੰਬਰ ਤੋਂ 20 ਦਸੰਬਰ ਅਤੇ ਸਿਆਲ 21 ਦਸੰਬਰ ਤੋਂ 19 ਮਾਰਚ।ਆਪਣੇ ਦੇਸ਼ ਵਿੱਚ ਸਾਲ ਵੀ ਵੰਡ 6 ਰੁੱਤਾਂ ਵਿੱਚ ਕੀਤੀ ਗਈ ਹੈ। ਗੁਰਬਾਣੀ ਵਿੱਚ ਵੀ 6 ਰੁੱਤਾਂ ਦਾ ਹੀ ਜਿਕਰ ਹੈ। ਉਸ ਮੁਤਾ-ਬਕ ਚੇਤ-ਵੈਸਾਖਬਸੰਤ ਰੁੱਤ, ਜੇਠ-ਹਾੜ ਗ੍ਰੀਖਮ ਰੁੱਤ, ਸਾਵਣ-ਭਾਦੋਂ ਬਰਸੁ ਰੁੱਤ, ਅੱਸੂ-ਕੱਤਕ ਸਰਦ ਰੁੱਤ, ਮੱਘਰ-ਪੋਹ ਸਿਸੀਅਰ ਰੁੱਤ ਅਤੇ ਮਾਘ-ਫੱਗਣ ਹਿਮਕਰ ਰੁੱਤ।

ਇਕ ਹੋਰ ਵਸੀਲੇ ਮੁਤਾਬਕ 6 ਰੁੱਤਾਂ ਦੀ ਵੰਡ ਇਉਂ ਕੀਤੀ ਗਈ ਹੈ, ਬਸੰਤ ਰੁੱਤ 18 ਫਰਵਰੀ ਤੋਂ 20 ਅਪ੍ਰੈਲ, ਗਰਮੀ 21 ਅਪ੍ਰੈਲ ਤੋਂ 20 ਜੂਨ, ਬਰਸਾਤ 21 ਜੂਨ ਤੋਂ 22 ਅਗਸਤ, ਪੱਤਝੜ 23 ਅਗਸਤ ਤੋਂ 22 ਅਕਤੂਬਰ, ਸਰਦ ਰੁੱਤ 23 ਅਕਤੂਬਰ ਤੋਂ 20 ਦਸੰਬਰ ਅਤੇ ਹਿਮਕਰ ਭਾਵ ਅੱਤ ਦੀ ਸਰਦੀ 21 ਦਸੰਬਰ ਤੋਂ 17 ਫਰਵਰੀ।

ਗਰੈਗੋਰੀਅਨ ਕੈਲੰਡਰ ਜਿਸ ਦੇ ਸਾਲ ਦੀ ਲੰਬਾਈ ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ ਦੇ ਸਮੇਂ ਬਰਾਬਰ ਹੈ, ਮੁਤਾਬਕ ਕੀਤੀ ਗਈ ਉਪ੍ਰੋਕਤ ਵੰਡ ਜਿਆਦਾ ਢੁੱਕਵੀਂ ਹੈ। ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ 1108) ਵਿੱਚ"ਰਥੁ ਫਿਰੈ" ਦਾ ਭਾਵ ਸੂਰਜ ਦੇ ਰੱਥ ਤੋਂ ਹੈ। ਜਦੋਂ ਸੂਰਜ ਉਤਰਾਇਣ ਨੂੰ ਜਾ ਰਿਹਾ ਹੁੰਦਾ ਹੈ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡਾ ਹੋ ਰਿਹਾ ਹੁੰਦਾ ਹੈ, ਤਾਂ 21 ਜੂਨ ਨੂੰ ਦਿਨ ਵੱਧਣੋ ਰੁਕ ਜਾਂਦਾ ਹੈ ਅਤੇ ਸੂਰਜ ਦਖਰਾਇਣ ਨੂੰ ਮੁੜ ਪੈਂਦਾ ਹੈ। ਉਸ ਦਿਨ ਤੋਂ ਉੱਤਰੀ ਭਾਰਤ ਵਿਚ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਇਹ ਘਟਨਾ 16 ਹਾੜ ਨੂੰ ਵਾਪਰਦੀ ਸੀ। ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ, ਅਸਲ ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ ਹੁਣ ਇਹ ਘਟਨਾ 7 ਹਾੜ ਨੂੰ ਵਾਪਰਦੀ ਹੈ। ਜੇ ਅਜੇ ਵੀ ਸਾਲ ਦੀ ਲੰਬਾਈ ਨੂੰ ਨਾ ਸੋਧਿਆ ਗਿਆ ਤਾਂ ਇਹ ਫਰਕ ਵੱਧਦਾ ਹੀ ਜਾਵੇਗਾ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਤਾਂ ਆਲਮ ਹੀ ਨਿਰਾਲਾ ਹੈ। ਬਾਣੀ ਵਿੱਚ ਦਰਜ ਬਸੰਤ ਰਾਗ ਤੇ ਅਧਾਰਿਤ 'ਬਸੰਤ ਦੀ ਚੌਕੀ' ਦਾ ਆਰੰਭ ਸ਼੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਅਸਥਾਨਾਂ 'ਤੇ ਮਾਘ ਦੀ ਸੰਗਰਾਂਦ ਤੋਂ ਕੀਤਾ ਜਾਂਦਾ ਹੈ, ਅਤੇ ਸਮਾਪਤੀ ਹੋਲੇ ਮਹੱਲੇ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਤੀ ਜਾਂਦੀ ਹੈ। ਇਸ ਮੁਤਾਬਕ ਤਾਂ ਬਸੰਤ ਰੁੱਤ ਦਾ ਆਰੰਭ ਸੂਰਜੀ ਪੋਹ ਦੇ ਆਖਰੀ ਦਿਨ ਜਾਂ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਅਤੇ ਸਮਾਪਤੀ ਚੇਤ ਵਦੀ ਏਕਮ, ਭਾਵ ਹੋਲੇ ਮਹੱਲੇ ਵਾਲੇ ਦਿਨ ਹੁੰਦੀ ਹੈ। ਚੰਦ ਦੀ ਤਾਰੀਖ ਹੋਣ ਕਾਰਨ ਹੋਲੇ ਦੀ ਤਾਰੀਖ ਵੀ ਹਰ ਸਾਲ ਬਦਲ ਜਾਂਦੀ ਹੈ। ਜੋ ਹਰ ਸਾਲ ਤਕਰੀਬਨ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਆਉਂਦੀ ਹੈ। ਜੇ ਇਸ ਨੂੰ ਮੰਨ ਲਿਆ ਜਾਵੇ ਤਾਂ ਗ੍ਰੀਖਮ ਰੁੱਤ ਦਾ ਆਰੰਭ ਵੀ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਹੀ ਹੋਵੇਗਾ। ਜਿਵੇ ਕਿ ਉੱਪਰ ਵੇਖ ਆਏ ਹਾਂ, ਇਹ ਮੰਨਣ ਯੋਗ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ, ਰਾਮਕਲੀ ਰਾਗ ਵਿਚ ਪੰਚਮ ਪਾਤਸ਼ਾਹ ਜੀ ਵੱਲੋਂ ਉਚਾਰੀ ਗਈ ਪਾਵਨ ਪੰਗਤੀ, "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" (ਪੰਨਾ 927) ਵਿੱਚ ਸਪੱਸ਼ਟ ਤੌਰ ਤੇ ਦਰਜ ਹੈ ਕਿ ਬਸੰਤ ਦੀ ਰੁਤ ਚੇਤ-ਵੈਸਾਖ ਦੇ ਮਹੀਨਿਆਂ ਵਿੱਚ ਹੁੰਦੀ ਹੈ। ਫੇਰ ਪਤਾ ਨਹੀਂ ਕਿਉ ਸ਼੍ਰੋਮਣੀ ਕਮੇਟੀ ਬਸੰਤ ਰਾਗ ਦਾ ਗਾਇਨ 30 ਪੋਹ ਜਾਂ ਇਕ ਮਾਘ ਤੋਂ ਆਰੰਭ ਕਰਦੀ ਹੈ ਅਤੇ ਸਮਾਪਤੀ 18 ਫੱਗਣ ਤੋਂ 15 ਚੇਤ ਦਰਮਿਆਨ ਕਰਦੀ ਹੈ। ਪਰ, ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਮਾਘ ਅਤੇ ਫੱਗਣ ਦੇ ਮਹੀਨੇ ਵਿੱਚ ਹਿਮਕਰ ਰੁੱਤ ਭਾਵ ਬਰਫ਼ਾਨੀ ਰੁੱਤ ਹੁੰਦੀ ਹੈ। "ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ" (ਪੰਨਾ929)

"ਬਸੰਤ ਦੀ ਚੌਕੀ" ਮਾਘ-ਫੱਗਣ ਦੇ ਮਹੀਨੇ ਲਾਉਣ ਦੀ ਮਰਯਾਦਾ ਕਦੋਂ ਅਤੇ ਕਿਸ ਨੇ ਬਣਾਈ ਹੈ? ਇਹ ਸਵਾਲ, ਸਕੱਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸਕੱਤਰ ਧਰਮ ਪ੍ਰਚਾਰ ਕਮੇਟੀ, ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬਾਨ, ਕਈ ਹਜ਼ੂਰੀ ਰਾਗੀ ਜਥਿਆਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨਾਂ ਨੂੰ ਪੁੱਛ ਚੁੱਕੇ ਹਾਂ। ਕਿਸੇ ਨੇ ਵੀ ਤਸੱਲੀ ਬਖ਼ਸ਼ ਜਵਾਬ ਨਹੀ ਦਿੱਤਾ। ਖੈਰ...। ਉਪ੍ਰੋਕਤ ਚਰਚਾ ਤੋਂ ਸਹਿਜੇ ਹੀ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਰੁੱਤਾਂ ਦਾ ਸਬੰਧ ਸੂਰਜਦੁਵਾਲੇ ਧਰਤੀ ਦੀ ਚਾਲ ਨਾਲ ਹੈ ਨਾ ਕਿ ਧਰਤੀ ਦੁਵਾਲੇ ਚੰਦ ਦੀ ਚਾਲ ਨਾਲ। ਧਰਤੀ ਤੇ ਰੁੱਤਾਂ ਦੀ ਅਦਲਾ ਬਦਲੀ ਰੁੱਤੀ ਸਾਲ ਦੀ ਲੰਬਾਈ ਮੁਤਾਬਕ ਹੁੰਦੀ ਹੈ,ਨਾ ਕਿ ਬਿਕ੍ਰਮੀ ਸਾਲ ਮੁਤਾਬਕ। ਬਸੰਤ ਪੰਚਮੀ, ਸਰਸਵਤੀ ਦੀ ਪੂਜਾ ਦਾ ਤਿਉਹਾਰ ਹੈ ਨਾ ਕਿ ਬਸੰਤ ਰੁੱਤ ਦਾ ਆਰੰਭ। ਗੁਰਬਾਣੀ ਮੁਤਾਬਕ ਬਸੰਤ ਰੁੱਤ ਚੇਤ ਅਤੇ ਵੈਸਾਖ ਦੇ ਮਹੀਨੇ ਵਿੱਚ ਹੁੰਦੀ ਹੈ ਨਾਕਿ ਮਾਘ-ਫੱਗਣ ਵਿੱਚ,ਜਦੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ "ਬਸੰਤ ਦੀ ਚੌਕੀ" ਭਾਵ ਬਸੰਤ ਰਾਗ ਦਾ ਕੀਰਤਨ ਕੀਤਾ ਜਾਂਦਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org


IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਲੋਕਤੰਤਰ ਦੇ ਬਹਾਨੇ ਅਕਲ ਨੂੰ ਗੋਤੇ ਦੇਣ ਵਾਲਾ ਮੌਕਾ ਫਿਰ ਆ ਗਿਐ, ਪਰ ਇਸ ਤੋਂ ਨਿਕਲੇਗਾ ਕੀ ...





ਜਤਿੰਦਰ ਪੰਨੂ

ਚਲੰਤ ਸਾਲ ਦੇ ਪਹਿਲੇ ਚੋਣ-ਚੱਕਰ ਵਿੱਚ ਭਾਵੇਂ ਪੰਜ ਰਾਜਾਂ ਵਿੱਚ ਚੋਣਾਂ ਹੋਣੀਆਂ ਹਨ, ਸਾਡੇ ਪੰਜਾਬੀਆਂ ਲਈ ਸਭ ਤੋਂ ਵੱਧ ਅਹਿਮ ਚੋਣ ਪੰਜਾਬ ਦੀ ਹੈ। ਇਸ ਦੇ ਲਈ ਜਿੰਨੀਆਂ ਧਿਰਾਂ ਦਾ ਖਿਲਾਰਾ ਇਸ ਵਾਰੀ ਪੈ ਚੁੱਕਾ ਹੈ ਤੇ ਹਾਲੇ ਹੋਰ ਪਈ ਜਾਂਦਾ ਹੈ, ਓਨਾ ਖਿਲਾਰਾ ਅੱਜ ਤੱਕ ਪਹਿਲਾਂ ਸ਼ਾਇਦ ਕਦੀ ਨਹੀਂ ਪਿਆ ਹੋਣਾ। ਸਪੱਸ਼ਟ ਮੋਰਚੇ ਵਜੋਂ ਪੰਜਾਬ ਵਿੱਚ ਇਸ ਵੇਲੇ ਰਾਜ ਕਰਦੀ ਕਾਂਗਰਸ ਪਾਰਟੀ ਇੱਕ ਹੈ, ਇਸ ਵੇਲੇ ਦੀ ਵਿਰੋਧੀ ਧਿਰ ਆਮ ਆਦਮੀ ਪਾਰਟੀ ਉਸ ਨੂੰ ਚੁਣੌਤੀ ਦੇਣ ਵਾਲੀ ਦੂਸਰੀ ਅਤੇ ਮੁੱਖ ਧਿਰ ਬਣੀ ਜਾਪਦੀ ਹੈ, ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦਾ ਗੱਠਜੋੜ ਤੀਸਰੀ ਧਿਰ ਵਜੋਂ ਬਾਕੀਆਂ ਤੋਂ ਪਹਿਲਾਂ ਮੈਦਾਨ ਵਿੱਚ ਆ ਗਿਆ ਸੀ। ਕਾਂਗਰਸ ਦੀ ਲੀਡਰੀ ਛੱਡ ਕੇ ਵੱਖਰੀ ਪੰਜਾਬ ਲੋਕ ਕਾਂਗਰਸ ਬਣਾਉਣ ਵਾਲੇ ਕੈਪਟਨ ਅਮਰਿੰਦਰ ਸਿੰਘ ਦਾ ਗੱਠਜੋੜ ਭਾਰਤੀ ਜਨਤਾ ਪਾਰਟੀ ਤੇ ਅਕਾਲੀਆਂ ਤੋਂ ਵੱਖ ਹੋਏ ਸੁਖਦੇਵ ਸਿੰਘ ਢੀਂਡਸਾ ਦੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨਾਲ ਜੋੜ ਕੇ ਬਣਿਆ ਹੈ। ਇਸ ਧਿਰ ਬਾਰੇ ਗੱਲ ਭਾਵੇਂ ਕੈਪਟਨ ਅਮਰਿੰਦਰ ਸਿੰਘ ਦਾ ਨਾਂਅ ਲੈ ਕੇ ਸ਼ੁਰੂ ਹੁੰਦੀ ਹੈ, ਅਮਲ ਵਿੱਚ ਇਸ ਗੱਠਜੋੜ ਦੀ ਅਗਵਾਈ ਭਾਜਪਾ ਦੇ ਲੀਡਰਾਂ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਹੱਥ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਤੇ ਸੁਖਦੇਵ ਸਿੰਘ ਢੀਂਡਸਾ ਐਵੇਂ ਕਾਰਿੰਦੇ ਜਿਹੇ ਬਣੇ ਜਾਪਦੇ ਹਨ। ਉਨ੍ਹਾਂ ਦੀ ਆਪਣੀ ਸਥਿਤੀ ਉਨ੍ਹਾਂ ਦੀ ਆਪਣੀ ਸਿਆਸੀ ਲੋੜ ਮੁਤਾਬਕ ਹੋਣ ਦੀ ਥਾਂ ਭਾਜਪਾ ਦੀ ਲੰਮੇ ਸਮੇਂ ਵਾਲੀ ਸੋਚ ਦੀ ਮੁਥਾਜ ਹੋ ਗਈ ਹੈ, ਜਿਸ ਵਿੱਚ ਭਾਰਤ ਨੂੰ ਇੱਕ ਖਾਸ ਧਰਮ ਦੀ ਅਗਵਾਈ ਵਾਲਾ ਦੇਸ਼ ਬਣਾਉਣ ਦੀਆਂ ਗੱਲਾਂ ਅਸੀਂ ਚਿਰਾਂ ਤੋਂ ਸੁਣਦੇ ਰਹੇ ਹਾਂ। ਆਪਣੀ ਸਿਆਸੀ ਹੋਂਦ ਬਚਾਉਣ ਦੀ ਮਜਬੂਰੀ ਨੇ ਇਨ੍ਹਾਂ ਦੋਵਾਂ ਲੀਡਰਾਂ ਦਾ ਕੱਦ ਚੋਖਾ ਬੌਣਾ ਕਰ ਦਿੱਤਾ ਹੈ ਤੇ ਹਾਲੇ ਹੋਰ ਕਰ ਦੇਣਾ ਹੈ। ਇਨ੍ਹਾਂ ਸਾਰਿਆਂ ਤੋਂ ਬਿਨਾ ਇੱਕ ਮੋਰਚਾ ਕਿਸਾਨਾਂ ਦੇ ਇੱਕ ਸਾਲ ਤੋਂ ਵੱਧ ਸਮਾਂ ਚੱਲਦੇ ਰਹੇ ਸੰਘਰਸ਼ ਦੀ ਅਗਵਾਈ ਕਰ ਚੁੱਕੇ ਆਗੂਆਂ ਨੇ ਬਣਾਇਆ ਹੈ। ਜਿੱਦਾਂ ਦਾ ਮੋਰਚਾ ਉਹ ਚਾਹੁੰਦੇ ਸਨ, ਓਦਾਂ ਦਾ ਬਣ ਨਹੀਂ ਸਕਿਆ, ਪਰ ਚੋਣ ਮੈਦਾਨ ਵਿੱਚ ਹਨ।

ਚੋਣ ਮੈਦਾਨ ਵਿੱਚ ਜਿਸ ਤਰ੍ਹਾਂ ਆਮ ਕਰ ਕੇ ਮੁੱਦਿਆਂ ਦੀ ਬਹਿਸ ਹੁੰਦੀ ਸੁਣਿਆ ਕਰਦੇ ਸਾਂ, ਭਾਵੇਂ ਕੁਝ ਆਗੂ ਲੀਹ ਤੋਂ ਹਟ ਕੇ ਓਦੋਂ ਵੀ ਨਿੱਜੀ ਦੂਸ਼ਣਬਾਜ਼ੀ ਕਰੀ ਜਾਂਦੇ ਹੁੰਦੇ ਸਨ, ਇਸ ਵਾਰੀ ਉਸ ਤਰ੍ਹਾਂ ਦੀ ਬਹਿਸ ਹੋਣ ਦਾ ਕੋਈ ਸਬੱਬ ਬਣਦਾ ਨਹੀਂ ਦਿੱਸਦਾ। ਇਸ ਦਾ ਕਾਰਨ ਅਸੀਂ ਜਾਣਨ ਦਾ ਯਤਨ ਕੀਤਾ ਤਾਂ ਪਤਾ ਲੱਗਾ ਕਿ ਆਮ ਆਦਮੀ ਪਾਰਟੀ ਦੇ ਸਿਵਾ ਬਾਕੀ ਸਭ ਧਿਰਾਂ ਵਿੱਚ ਉਹੋ ਜਿਹੇ ਧੰਦੇ ਕਰਨ ਵਾਲੇ ਆਗੂ ਟਿਕਟਾਂ ਲੈਣ ਵਿੱਚ ਸਫਲ ਹੋ ਗਏ ਹਨ, ਜਿਨ੍ਹਾਂ ਬਾਰੇ ਬੀਤੇ ਪੰਜ ਸਾਲ ਦੁਹਾਈ ਪੈਂਦੀ ਸੁਣਦੇ ਰਹੇ ਸਾਂ। ਜਿਨ੍ਹਾਂ ਦੇ ਵਿਰੁੱਧ ਕਾਂਗਰਸ ਦਾ ਪ੍ਰਧਾਨ ਬਣ ਕੇ ਨਵਜੋਤ ਸਿੰਘ ਸਿੱਧੂ ਨੇ ਦੁਹਾਈ ਪਾਈ ਸੀ, ਜਦੋਂ ਉਹ ਵੀ ਉਸੇ ਨਵਜੋਤ ਸਿੰਘ ਸਿੱਧੂ ਦੇ ਆਸ਼ੀਰਵਾਦ ਨਾਲ ਟਿਕਟ ਲੈਣ ਵਿੱਚ ਕਾਮਯਾਬ ਹੋ ਗਏ ਹਨ ਤਾਂ ਅਕਾਲੀ ਆਗੂਆਂ ਜਾਂ ਭਾਜਪਾ ਵਾਲਿਆਂ ਨੂੰ ਕੁਝ ਕਹਿਣ ਦਾ ਅਰਥ ਹੀ ਨਹੀਂ। ਜਿਹੜੇ ਆਮ ਆਦਮੀ ਪਾਰਟੀ ਵਾਲੇ ਕੱਛਾਂ ਵਜਾਉਂਦੇ ਸਨ ਕਿ ਉਨ੍ਹਾਂ ਦੀ ਦਿੱਖ ਉੱਤੇ ਦਾਗ ਨਹੀਂ, ਇਸ ਵਾਰੀ ਉਨ੍ਹਾਂ ਵੱਲੋਂ ਵੀ ਦਸ ਕੁ ਫੀਸਦੀ ਏਦਾਂ ਦੇ ਉਮੀਦਵਾਰ ਚੋਣ ਲੜਦੇ ਨਜ਼ਰ ਪੈਂਦੇ ਹਨ, ਜਿਨ੍ਹਾਂ ਬਾਰੇ ਘਰ-ਘਰ ਚਰਚੇ ਚੱਲਦੇ ਸਨ ਤੇ ਚੋਣਾਂ ਮੌਕੇ ਵੀ ਚੱਲਣ ਤੋਂ ਨਹੀਂ ਹਟਦੇ। ਪਿੱਛੇ ਆਉਂਦੀ ਧਾੜ ਚੰਗੀ ਨਾ ਹੋਵੇ ਤਾਂ ਸਿਰਫ ਆਗੂ ਚੰਗਾ ਹੋਣਾ ਕਾਫੀ ਨਹੀਂ ਹੁੰਦਾ।

ਇੱਕ ਗੱਲ ਹੈਰਾਨੀ ਵਾਲੀ ਇਹ ਹੈ ਕਿ ਹਰ ਕੋਈ ਆਮ ਲੋਕਾਂ ਨੂੰ ਇਹ ਕਹਿੰਦਾ ਹੈ ਕਿ ਉਹ ਵਾਅਦੇ ਨਿਭਾਉਣ ਵਿੱਚ ਕਸਰ ਨਹੀਂ ਛੱਡਣਗੇ ਤੇ ਲੋਕਾਂ ਨੂੰ ਧੋਖਾ ਨਹੀਂ ਦੇਣਗੇ, ਪੂਰੀ ਵਫਾਦਾਰੀ ਦਾ ਸਬੂਤ ਦੇਣਗੇ। ਜਦੋਂ ਹਰ ਇੱਕ ਧਿਰ ਨੇ ਉਨ੍ਹਾਂ ਲੋਕਾਂ ਨੂੰ ਟਿਕਟਾਂ ਦੇ ਦਿੱਤੀਆਂ ਹਨ, ਜਿਹੜੇ ਆਪਣੀਆਂ ਪਹਿਲੀਆਂ ਰਾਜਸੀ ਪਾਰਟੀਆਂ ਨਾਲ ਵਫਾ ਨਹੀਂ ਕਰ ਸਕੇ ਤੇ ਚੋਣਾਂ ਮੌਕੇ ਟਿਕਟ ਨਾ ਮਿਲੀ ਤਾਂ ਦੂਸਰੀ ਪਾਰਟੀ ਦੇ ਦਰਵਾਜ਼ੇ ਮੂਹਰੇ ਜਾ ਕੇ ਲੇਟਣ ਲੱਗੇ ਸਨ ਤਾਂ ਉਹ ਲੋਕਾਂ ਦੀ ਵਫਾਦਾਰੀ ਕਿੰਨੀ ਨਿਭਾਉਣਗੇ, ਇਸ ਦਾ ਕੋਈ ਭਰੋਸਾ ਨਹੀਂ। ਕੱਲ੍ਹ ਦਾ ਅਕਾਲੀ ਅੱਜ ਕਾਂਗਰਸ ਵੱਲ ਤੇ ਕਾਂਗਰਸ ਵਿੱਚ ਪਿਛਲੇ ਪੰਜ ਸਾਲ ਮਲਾਈ ਚੱਟਣ ਵਾਲਾ ਅੱਜ ਅਕਾਲੀ ਦਲ ਜਾਂ ਭਾਜਪਾ ਵਿੱਚ ਜਾਣ ਲੱਗਾ ਪੰਜ ਮਿੰਟ ਵੀ ਨਹੀਂ ਲਾਉਂਦਾ। ਕਈ ਆਗੂ ਸਵੇਰੇ ਇੱਕ ਪਾਰਟੀ ਦੇ ਦਰਵਾਜ਼ੇ ਅੱਗੇ ਟਿਕਟ ਦੀ ਝਾਕ ਵਿੱਚ ਖੜੇ ਸਨ ਤੇ ਦੁਪਹਿਰ ਢਲਦੀ ਨੂੰ ਦੂਸਰੀ ਪਾਰਟੀ ਦੇ ਦਫਤਰ ਮੂਹਰੇ ਜਾ ਬੈਠੇ ਸਨ। ਇਹ ਆਗੂ ਭਰੋਸੇ ਦੇ ਕਾਬਲ ਨਹੀਂ ਹੋ ਸਕਦੇ।

ਕੱਪੜਿਆਂ ਵਾਂਗ ਪਾਰਟੀਆਂ ਬਦਲਣ ਦੇ ਮਾਹਰ ਇਨ੍ਹਾਂ ਲੀਡਰਾਂ ਵੱਲੋਂ ਆਮ ਲੋਕਾਂ ਨਾਲ ਕੀਤੇ ਵਾਅਦੇ ਵੀ ਬਦਲ ਜਾਂਦੇ ਹਨ ਤੇ ਲੋਕ ਜਦੋਂ ਹੱਥਾਂ ਵਿੱਚ ਫੜੇ ਮੋਬਾਈਲ ਫੋਨ ਚਲਾ ਕੇ ਉਨ੍ਹਾਂ ਦਾ ਪਿਛਲਾ ਵਾਅਦਾ ਚੇਤੇ ਕਰਨ ਲਈ ਕਹਿੰਦੇ ਹਨ ਤਾਂ ਉਨ੍ਹਾਂ ਨੂੰ ਕਦੇ ਸ਼ਰਮ ਨਹੀਂ ਆਉਂਦੀ। ਰਾਜਨੀਤੀ ਦਾ ਬੜਾ ਨੀਵਾਂ ਪੱਧਰ ਇਸ ਵਾਰੀ ਦੇਖਣ ਨੂੰ ਮਿਲ ਰਿਹਾ ਹੈ। ਇਸ ਪੱਧਰ ਨੂੰ ਢੱਕਣ ਲਈ ਹਰ ਪਾਰਟੀ ਇਸ ਮੁਕਾਬਲੇ ਵਿੱਚ ਪੈ ਤੁਰੀ ਹੈ ਕਿ ਸਾਡੀ ਸਰਕਾਰ ਆਈ ਤਾਂ ਅਸੀਂ ਲੋਕਾਂ ਨੂੰ ਫਲਾਣੀ-ਫਲਾਣੀ ਸਹੂਲਤ ਮੁਫਤ ਕਰ ਦਿਆਂਗੇ। ਇੱਕ ਵਕੀਲ ਨੇ ਇਸ ਵਰਤਾਰੇ ਦੇ ਵਿਰੋਧ ਲਈ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕਰ ਦਿੱਤੀ ਹੈ ਕਿ ਚੋਣਾਂ ਹੋਣ ਤੋਂ ਵੀ ਪਹਿਲਾਂ ਸਰਕਾਰੀ ਫੰਡਾਂ ਵਿੱਚੋਂ ਇਸ ਤਰ੍ਹਾਂ ਮੁਫਤ ਸਹੂਲਤਾਂ ਦੇਣ ਦੇ ਐਲਾਨ ਕਰਨੇ ਇਖਲਾਕ ਤੋਂ ਗਿਰੀ ਗੱਲ ਹੈ ਅਤੇ ਇਸ ਉੱਤੇ ਰੋਕ ਲੱਗਣੀ ਚਾਹੀਦੀ ਹੈ। ਉਸ ਨੇ ਅਰਜ਼ੀ ਵਿੱਚ ਇਹ ਵੀ ਲਿਖਿਆ ਹੈ ਕਿ ਇਹੋ ਜਿਹੇ ਵਾਅਦਿਆਂ ਨੂੰ ਪੂਰਾ ਕਰਨ ਲਈ ਜਿੰਨਾ ਮੋਟਾ ਫੰਡ ਚਾਹੀਦਾ ਹੈ, ਓਨਾ ਪੰਜਾਬ ਦੇ ਬੱਜਟ ਵਿੱਚੋਂ ਪ੍ਰਬੰਧ ਹੀ ਨਹੀਂ ਕੀਤਾ ਜਾਣਾ। ਅਰਜ਼ੀ ਦੇਣ ਵਾਲੇ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਵਾਅਦਿਆਂ ਵਿੱਚ ਇਸ ਤਰ੍ਹਾਂ ਵਧੀ ਜਾਂਦੀ ਮੁਕਾਬਲੇਬਾਜ਼ੀ ਵਿੱਚ ਕੋਈ ਪਾਰਟੀ ਇੱਕ ਦਿਨ ਇਹ ਕਹਿ ਦੇਵੇਗੀ ਕਿ ਸਰਕਾਰ ਬਣਵਾ ਦਿਓ, ਤੁਹਾਡੇ ਘਰ ਆ ਕੇ ਰੋਟੀ ਵੀ ਪਕਾ ਦਿਆ ਕਰਾਂਗੇ ਤੇ ਦੂਸਰੀ ਪਾਰਟੀ ਕਹਿ ਦੇਵੇਗੀ ਕਿ ਰੋਟੀ ਪੱਕ ਜਾਣ ਪਿੱਛੋਂ ਤੁਹਾਡੇ ਮੂੰਹ ਵਿੱਚ ਬੁਰਕੀ ਪਾਉਣ ਵਾਲਾ ਬੰਦਾ ਸਰਕਾਰ ਭੇਜਿਆ ਕਰੇਗੀ। ਸੁਪਰੀਮ ਕੋਰਟ ਵਿੱਚ ਇਹ ਦਲੀਲ ਏਨੀ ਗੰਭੀਰਤਾ ਨਾਲ ਜੱਜ ਸਾਹਿਬਾਨ ਨੇ ਸੁਣੀ ਕਿ ਇਸ ਦੇ ਬਾਅਦ ਭਾਰਤ ਸਰਕਾਰ ਅਤੇ ਚੋਣ ਕਮਿਸ਼ਨ ਲਈ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਇਹੋ ਜਿਹਾ ਨੋਟਿਸ ਜਾਰੀ ਹੋਣਾ ਵੀ ਚਾਹੀਦਾ ਸੀ।

ਅਸੀਂ ਲੋਕਾਂ ਨੇ ਅੰਗਰੇਜ਼ੀ ਦੀ ਇੱਕ ਕਹਾਵਤ ਸੁਣੀ ਹੋਈ ਹੈ ਕਿ ਭੁੱਖੇ ਨੂੰ ਖਾਣ ਲਈ ਮੱਛੀ ਦੇਣ ਦੀ ਥਾਂ ਉਸ ਨੂੰ ਮੱਛੀ ਫੜਨ ਦੀ ਜਾਚ ਸਿਖਾਉਣ ਦੀ ਲੋੜ ਹੁੰਦੀ ਹੈ ਤਾਂ ਕਿ ਅਗਲੇ ਦਿਨ ਖੁਦ ਮੱਛੀ ਫੜ ਕੇ ਖਾ ਸਕੇ ਅਤੇ ਤੁਹਾਡੇ ਵੱਲ ਮੱਛੀ ਦੀ ਝਾਕ ਵਿੱਚ ਨਾ ਵੇਖਦਾ ਰਹੇ। ਭਾਰਤ ਵਿੱਚ ਏਦਾਂ ਦੇ ਲੱਖਾਂ ਨਹੀਂ, ਕਰੋੜਾਂ ਲੋਕ ਹਨ, ਜਿਹੜੇ ਕਮਾ ਕੇ ਖਾਣ ਨੂੰ ਪਹਿਲ ਦੇਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕੰਮ ਨਹੀਂ ਮਿਲਦਾ। ਸਰਕਾਰੀ ਵਿਭਾਗਾਂ ਵਿੱਚ ਪੋਸਟਾਂ ਖਾਲੀ ਹਨ, ਪਰ ਉਨ੍ਹਾਂ ਦੇ ਲਈ ਭਰਤੀ ਨਹੀਂ ਕੀਤੀ ਜਾ ਰਹੀ। ਜਿੱਥੇ ਭਰਤੀ ਕੀਤੀ ਜਾਂਦੀ ਹੈ, ਸਰਕਾਰਾਂ ਆਪਣੇ ਨਿਯਮ ਤੋੜ ਕੇ ਉਨ੍ਹਾਂ ਪੋਸਟਾਂ ਦੇ ਮੁਤਾਬਕ ਗਰੇਡ ਦੇਣ ਤੋਂ ਬਚਣ ਲਈ ਠੇਕੇ ਜਾਂ ਘੱਟ ਗਰੇਡ ਉੱਤੇ ਰੱਖਣ ਦੇ ਯਤਨ ਕਰਦੀਆਂ ਹਨ। ਅਦਾਲਤਾਂ ਉੱਤੇ ਭਰੋਸਾ ਕਰਨ ਦਾ ਸਬਕ ਹਰ ਲੋਕਤੰਤਰੀ ਦੇਸ਼ ਵਿੱਚ ਪੜ੍ਹਾਇਆ ਜਾਂਦਾ ਹੈ ਤੇ ਭਾਰਤ ਵਿੱਚ ਬਾਕੀ ਸਾਰੇ ਦੇਸ਼ਾਂ ਤੋਂ ਵੱਧ ਪੜ੍ਹਾਇਆ ਜਾਂਦਾ ਹੈ, ਪਰ ਖੁਦ ਸਰਕਾਰਾਂ ਹੀ ਅਦਾਲਤਾਂ ਦੇ ਉਹ ਫੈਸਲੇ ਲਾਗੂ ਨਹੀਂ ਕਰਦੀਆਂ, ਜਿਹੜੇ ਨੌਕਰੀ ਦੇਣ ਜਾਂ ਨੌਕਰੀ ਕਰਦੇ ਲੋਕਾਂ ਦੇ ਹਿੱਤਾਂ ਦੀ ਪਾਲਣਾ ਲਈ ਨਿਯਮ ਲਾਗੂ ਕਰਨ ਲਈ ਅਦਾਲਤਾਂ ਦੇਂਦੀਆਂ ਹਨ। ਬਹੁਤ ਸਾਰੇ ਮਾਮਲਿਆਂ ਵਿੱਚ ਅਦਾਲਤਾਂ ਦੇ ਦਿੱਤੇ ਹੋਏ ਫੈਸਲੇ ਲਾਗੂ ਕਰਾਉਣ ਲਈ ਫਿਰ ਅਦਾਲਤਾਂ ਵਿੱਚ ਅਰਜ਼ੀ ਦੇਣ ਦੀ ਨੌਬਤ ਆਉਂਦੀ ਹੈ ਤੇ ਇਹੋ ਜਿਹੇ ਕੇਸਾਂ ਵਿੱਚੋਂ ਵੀ ਬਹੁਤ ਸਾਰੇ ਮਾਮਲਿਆਂ ਵਿੱਚ ਅਦਾਲਤਾਂ ਇੱਕ ਹੱਦ ਤੋਂ ਅੱਗੇ ਵਧ ਕੇ ਲੋਕਾਂ ਦੀ ਮਦਦ ਕਰਨ ਤੋਂ ਕਿਨਾਰਾ ਕਰਨ ਦਾ ਰਾਹ ਲੱਭ ਲੈਂਦੀਆਂ ਹਨ। ਨਤੀਜੇ ਵਜੋਂ ਲੋਕ ਰੋਂਦੇ ਰਹਿ ਜਾਂਦੇ ਅਤੇ ਸਿਸਟਮ ਆਪਣੀ ਚਾਲ ਚੱਲਦਾ ਰਹਿੰਦਾ ਅਤੇ ਦੇਸ਼ ਦੇ ਲੋਕਾਂ ਨੂੰ ਸੰਵਿਧਾਨ ਅਤੇ ਨਿਆਂ ਪਾਲਿਕਾ ਦਾ ਸਤਿਕਾਰ ਕਰਨ ਲਈ ਉਹ ਸਬਕ ਪੜ੍ਹਾਉਂਦਾ ਰਹਿੰਦਾ ਹੈ, ਜਿਸ ਨਾਲ ਭੁੱਖੇ ਢਿੱਡਾਂ ਨੂੰ ਰੋਟੀ ਨਹੀਂ ਮਿਲ ਸਕਦੀ।

ਲੋਕਤੰਤਰ ਦੀ ਇਸ ਨਿਤਾਣੀ ਹਾਲਤ ਵਿੱਚ ਲੋਕਾਂ ਨੂੰ ਕਦੇ-ਕਦਾਈਂ ਗੁੱਸਾ ਕੱਢਣ ਲਈ ਚੋਣਾਂ ਦਾ ਮੌਕਾ ਮਿਲਦਾ ਹੈ ਤਾਂ ਉਨ੍ਹਾਂ ਅੱਗੇ ਮੁਖੌਟਿਆਂ ਦੀ ਏਨੀ ਭਰਮਾਰ ਹੋ ਜਾਂਦੀ ਹੈ ਕਿ ਲੋਕਾਂ ਦੀ ਅਕਲ ਗੋਤੇ ਖਾਣ ਲੱਗਦੀ ਹੈ। ਪੰਜ ਸਾਲ ਲੰਘਣ ਪਿੱਛੋਂ ਅਕਲ ਦੇ ਗੋਤੇ ਖਾਣ ਦਾ ਜਿਹੜਾ ਮੌਕਾ ਲੋਕਾਂ ਨੂੰ ਨਸੀਬ ਹੁੰਦਾ ਹੈ, ਇਸ ਵੇਲੇ ਪੰਜਾਬ ਦੇ ਲੋਕਾਂ ਮੂਹਰੇ ਓਦਾਂ ਦਾ ਮੌਕਾ ਫਿਰ ਝੰਡਾ ਚੁੱਕੀ ਖੜਾ ਹੈ, ਲੋਕ ਇਸ ਦੀ ਵਰਤੋਂ ਕਿੰਜ ਕਰਨਗੇ, ਕਿਹਾ ਨਹੀਂ ਜਾ ਸਕਦਾ।

# ਸੱਭਿਅਕ ਸਮਾਜ ਲਈ ਕੋਈ ਅਰਥ ਨਹੀਂ

ਕਿਸੇ ਚਿੰਤਕ ਨੇ ਲਾਚਾਰੀ ਅਤੇ ਗਰੀਬੀ ਬਾਰੇ ਕਿਹਾ ਹੈ- ਗਰੀਬ ਵਿਅਕਤੀ ਦੀ ਲਾਚਾਰੀ ਉਸ ਦੀ ਜ਼ਿੰਦਗੀ ਦਾ ਉਹ ਕੌੜਾ ਸੱਚ ਹੈ, ਜਿਸ ਨੂੰ ਸਮਾਜ ਦੇ ਲੋਕ ਕਦੇ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ, ਕਿਉਂਕਿ ਇਹ ਉਨ੍ਹਾਂ ਲਈ ਆਮ ਗੱਲ ਹੈ। ਇੱਕ ਔਰਤ ਨੇ ਇੰਨੀ ਸਾਧਾਰਨ ਗੱਲ ਦੱਸੀ ਤਾਂ ਮੈਂ ਸੋਚਣ ਲੱਗੀ ਕਿ ਕੀ ਗਰੀਬੀ ਸੱਚਮੁੱਚ ਇੰਨੀ ਜ਼ਾਲਮ ਹੈ? ਇੱਕ ਦਿਨ ਯੂਨੀਵਰਸਿਟੀ ਚੌਰਾਹੇ ਤੋਂ ਵਾਪਸ ਆ ਰਿਹਾ ਸੀ। ਦੇਖਿਆ, ਇੱਕ ਔਰਤ ਦੀ ਗੋਦ ਵਿੱਚ ਇੱਕ ਮਹੀਨੇ ਦਾ ਬੱਚਾ ਸੀ ਅਤੇ ਉਸ ਦੀ ਛੋਟੀ ਬੱਚੀ ਡਫਲੀ ਗਾਉਂਦੀ ਹੋਈ ਨੱਚ ਰਹੀ ਸੀ। ਮੈਂ ਇਹ ਵੇਖਣ ਲਈ ਰੁਕ ਗਿਆ ਕਿ ਕੀ ਇਹ ਛੋਟੀ ਕੁੜੀ ਗੀਤ ਗਾ ਕੇ ਆਪਣਾ ਗੁਜ਼ਾਰਾ ਕਰ ਸਕਦੀ ਹੈ!

ਦੋ-ਚਾਰ ਹੋਰ ਲੋਕ ਖੜ੍ਹੇ ਹੋ ਕੇ ਕੁੜੀ ਦੀ ਸੁਰੀਲੀ ਆਵਾਜ਼ ਅਤੇ ਉਸ ਦੇ ਭਰਮਾਉਣ ਦੇ ਅੰਦਾਜ਼ ਨੂੰ ਦੇਖ ਰਹੇ ਸਨ। ਉਸਨੇ ਗਾਣਾ ਖਤਮ ਕੀਤਾ ਅਤੇ ਡਫਲ ਉਲਟਾ ਦਿੱਤਾ ਅਤੇ ਉਥੇ ਮੌਜੂਦ ਲੋਕਾਂ ਨੂੰ ਪੈਸਿਆਂ ਲਈ ਚਿਪਕਾਉਣਾ ਸ਼ੁਰੂ ਕਰ ਦਿੱਤਾ। ਮੈਂ ਉਸਦੀ ਉਮਰ ਦੇਖ ਕੇ ਭਾਵੁਕ ਹੋ ਗਿਆ। ਉਸਨੇ ਆਪਣੀ ਜੇਬ ਵਿੱਚੋਂ ਪੰਜ ਰੁਪਏ ਦਾ ਨੋਟ ਕੱਢ ਕੇ ਕੁੜੀ ਨੂੰ ਦੇ ਦਿੱਤਾ। ਕੁੜੀ ਖੁਸ਼ ਸੀ। ਉਥੇ ਖੜ੍ਹੇ ਲੋਕ ਵੀ ਆਪਣੀਆਂ ਜੇਬਾਂ ਨੂੰ ਹੱਥ ਪਾਉਣ ਲੱਗੇ। ਇਹ ਦੇਖ ਕੇ ਮੈਨੂੰ ਉਸ ਪ੍ਰਤੀ ਅਣਚਾਹੇ ਗੁੱਸਾ ਆਇਆ। ਕੀ ਕਿਸੇ ਨੂੰ ਮਦਦ ਕਰਨੀ ਚਾਹੀਦੀ ਹੈ? ਕੀ ਸਮਾਜ ਦੇ ਕੁਝ ਲੋਕ ਛੋਟੀ ਬੱਚੀ ਅਤੇ ਉਸ ਦੀ ਮਾਂ ਨੂੰ ਗਾਇਕੀ ਅਤੇ ਵਜਾਉਣ ਤੋਂ ਛੁਟਕਾਰਾ ਦਿਵਾ ਕੇ ਚੰਗੀ ਜ਼ਿੰਦਗੀ ਜਿਊਣ ਲਈ ਮਦਦ ਕਰਨ ਲਈ ਅੱਗੇ ਨਹੀਂ ਆ ਸਕਦੇ?

ਇਹੋ ਜਿਹੇ ਸਾਰੇ ਸਵਾਲ ਮੇਰੇ ਮਨ ਵਿੱਚ ਲਗਾਤਾਰ ਘੁੰਮ ਰਹੇ ਸਨ ਕਿ ਅਚਾਨਕ ਕਿਸੇ ਨੇ ਮੈਨੂੰ ਹਿਲਾ ਕੇ ਰੱਖ ਦਿੱਤਾ। ਪਿੱਛੇ ਮੁੜ ਕੇ ਦੇਖਿਆ ਤਾਂ ਬਚਪਨ ਦੀ ਸਹੇਲੀ ਵਿਮਲਾ ਮੇਰਾ ਮੋਢਾ ਫੜੀ ਖੜ੍ਹੀ ਸੀ। ਹੇ ਤੁਸੀਂ? ਹਾਂ, ਤੁਸੀਂ ਇੱਥੇ ਖੜ੍ਹੇ ਕੀ ਕਰ ਰਹੇ ਹੋ? ਕੁਝ ਨਹੀਂ। ਦੇਖੋ, ਉਹ ਛੋਟੀ ਕੁੜੀ. ਪੰਜ ਸਾਲ ਤੋਂ ਵੱਧ ਨਹੀਂ। ਇਸ ਉਮਰ ਵਿਚ ਪਰਿਵਾਰ ਪਾਲਣ ਦੀ ਜ਼ਿੰਮੇਵਾਰੀ ਉਸ 'ਤੇ ਆ ਗਈ ਹੈ। ਜੇਕਰ ਸਮਾਜ ਜਾਂ ਸਰਕਾਰ ਇਹ ਕੰਮ ਕਰਦੀ ਹੈ ਤਾਂ ਸੜਕ 'ਤੇ ਬਰਬਾਦ ਹੋ ਰਹੇ ਬਚਪਨ ਨੂੰ ਕਿਉਂ ਨਹੀਂ ਬਚਾਇਆ ਜਾ ਸਕਦਾ? ਮੈਂ ਇੱਕ ਸਾਹ ਵਿੱਚ ਬਹੁਤ ਕੁਝ ਕਹਿ ਦਿੱਤਾ। ਦੋਸਤ ਨੇ ਕਿਹਾ, ਕੀ ਤੁਸੀਂ ਵੀ ਇਨ੍ਹਾਂ ਲੋਕਾਂ ਬਾਰੇ ਸੋਚਣ ਲੱਗ ਪਏ ਹੋ? ਹੇ, ਆਪਣੇ ਕਰੀਅਰ ਨੂੰ ਦੇਖੋ. ਕੀ ਤੁਸੀਂ ਬਹੁਤ ਖੁਸ਼ਹਾਲ ਰਹਿ ਰਹੇ ਹੋ? ਨਹੀਂ, ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਜੇਕਰ ਮੈਂ ਖੁਸ਼ ਨਹੀਂ ਹਾਂ ਤਾਂ ਮੈਨੂੰ ਦੂਜਿਆਂ ਬਾਰੇ ਗੱਲ ਵੀ ਨਹੀਂ ਕਰਨੀ ਚਾਹੀਦੀ?

ਫਿਰ ਬੱਚੀ ਦੀ ਮਾਂ ਉੱਠੀ ਅਤੇ ਬੱਚੇ ਨੂੰ ਗੋਦੀ ਵਿੱਚ ਅਤੇ ਹੱਥ ਵਿੱਚ ਡਫਲ ਲੈ ਕੇ ਮੇਰੇ ਸਾਹਮਣੇ ਆਈ ਅਤੇ ਕਿਹਾ, ਭੈਣ! ਮਹਿੰਗਾਈ ਜ਼ਿਆਦਾ ਹੈ। ਪਹਿਲੀ ਜੂਨ ਦੀ ਰੋਟੀ ਦਸ-ਵੀਹ ਰੁਪਏ ਵਿੱਚ ਵੀ ਨਹੀਂ ਬਣ ਸਕੀ। ਮੇਰੀ ਗੋਦੀ ਵਿਚਲੇ ਬੱਚੇ ਲਈ ਕੁਝ ਮਦਦ ਲਓ। ਤੁਹਾਡਾ ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇਗਾ। ਮੈਂ ਕੁਝ ਕਹਾਂਗਾ ਕਿ ਮੇਰੇ ਦੋਸਤ ਨੇ ਕਿਹਾ - ਤੁਸੀਂ ਲੋਕ ਸਾਰਾ ਦਿਨ ਮੰਗਦੇ ਫਿਰਦੇ ਹੋ, ਤੁਸੀਂ ਝੂਠ ਬੋਲਦੇ ਹੋ, ਕੀ ਤੁਹਾਨੂੰ ਸਿਰਫ ਦਸ-ਵੀਹ ਰੁਪਏ ਮਿਲ ਸਕਦੇ ਹਨ? ਜੇ ਪਰਿਵਾਰ ਕੰਮ ਨਹੀਂ ਕਰਦਾ ਤਾਂ ਤੁਸੀਂ ਇਸ ਕੰਮ ਵਿਚ ਕਿਉਂ ਲੱਗੇ ਹੋ? ਇਹ ਸੁਣ ਕੇ ਔਰਤ ਨੇ ਕਿਹਾ- ਮੈਂ ਸਭ ਕੁਝ ਕਰ-ਕਰ ਕੇ ਥੱਕ ਗਈ ਹਾਂ। ਕਈ ਸਾਲਾਂ ਤੱਕ ਮੈਂ ਲੋਕਾਂ ਦੀਆਂ ਥਾਵਾਂ 'ਤੇ ਝਾੜੂ-ਪੋਚਾ ਕੀਤਾ। ਮੈਂ ਉਹ ਕੰਮ ਕਿਉਂ ਛੱਡਿਆ, ਜੇ ਸੁਣਨਾ ਹੈ ਤਾਂ ਦੱਸੋ?

ਨਹੀਂ, ਮੈਂ ਸੁਣਨਾ ਨਹੀਂ ਚਾਹੁੰਦਾ। ਤੁਹਾਡੇ ਲੋਕਾਂ ਦੀ ਬਕਵਾਸ ਸੁਣ ਕੇ ਮੇਰੇ ਕੰਨ ਰੁੱਕ ਜਾਂਦੇ ਹਨ। ਤੁਸੀਂ ਲੋਕ ਮਿਹਨਤ ਨਹੀਂ ਕਰਨਾ ਚਾਹੁੰਦੇ, ਬਹਾਨੇ ਬਣਾਉਣਾ ਅਤੇ ਗੁੰਡਾਗਰਦੀ ਵਿੱਚ ਸ਼ਾਮਲ ਹੋਣਾ ਆਦਤ ਬਣ ਗਈ ਹੈ। ਇਹ ਸੁਣ ਕੇ ਮੈਂ ਅੰਦਰੋ ਅੰਦਰੀ ਖਿਝ ਗਿਆ। ਮੈਂ ਆਪਣੀ ਸਹੇਲੀ ਨੂੰ ਚੁੱਪ ਕਰਵਾਉਂਦੇ ਹੋਏ ਕਿਹਾ, ਵਿਮਲਾ ਦੇਖ, ਹਰ ਕਿਸੇ ਦੀ ਜ਼ਿੰਦਗੀ ਇੱਕੋ ਜਿਹੀ ਨਹੀਂ ਹੁੰਦੀ। ਇਸ ਲਈ ਅਸੀਂ ਹਰ ਕਿਸੇ ਨੂੰ ਝੂਠਾ ਜਾਂ ਬਹਾਨੇਬਾਜ਼ ਨਹੀਂ ਕਹਿ ਸਕਦੇ। ਹੋ ਸਕਦਾ ਹੈ ਕਿ ਉਸ ਮਾੜੀ ਨੂੰ ਕੁਝ ਹੋ ਗਿਆ ਹੋਵੇ, ਜਿਸ ਕਾਰਨ ਉਸ ਨੂੰ ਘਰ ਦੀ ਝਾੜੂ-ਪੋਚੀ ਕਰਨ ਤੋਂ ਗੁਰੇਜ਼ ਕਰਨਾ ਪਿਆ। ਉਹ ਔਰਤ ਸਾਡੀਆਂ ਦੋਹਾਂ ਗੱਲਾਂ ਨੂੰ ਧਿਆਨ ਨਾਲ ਸੁਣ ਰਹੀ ਸੀ।

ਜਦੋਂ ਅਸੀਂ ਦੋਵੇਂ ਚੁੱਪ ਹੋ ਗਏ ਤਾਂ ਉਸ ਨੇ ਭਾਵੁਕ ਹੋ ਕੇ ਕਿਹਾ - 'ਭੈਣ! ਮੈਂ ਝਾੜੂ ਮਾਰਨਾ ਬੰਦ ਕਰ ਦਿੱਤਾ ਕਿਉਂਕਿ ਕੁੜੀ ਘਰ ਵਿਚ ਇਕੱਲੀ ਰਹਿੰਦੀ ਸੀ ਅਤੇ ਜਿਨ੍ਹਾਂ ਘਰਾਂ ਵਿਚ ਮੈਂ ਕੰਮ 'ਤੇ ਜਾਂਦੀ ਸੀ, ਉਸ ਨਾਲ ਜਾਨਵਰਾਂ ਵਰਗਾ ਸਲੂਕ ਕੀਤਾ ਜਾਂਦਾ ਸੀ। ਕਈ ਵਾਰ ਮੈਨੂੰ ਬੱਚੇ ਦੇ ਨਾਲ ਘਰ ਵੀ ਜਾਣਾ ਪਿਆ, ਕਿਉਂਕਿ ਮੇਰੇ ਪਰਿਵਾਰ ਵਿੱਚ ਉਸ ਨੂੰ ਦੇਖਣ ਵਾਲਾ ਕੋਈ ਨਹੀਂ ਸੀ। ਇਸ ਦਾ ਬੱਚੇ 'ਤੇ ਬਹੁਤ ਬੁਰਾ ਪ੍ਰਭਾਵ ਪਿਆ।

ਮੈਂ ਵੀ ਥੋੜ੍ਹਾ ਪੜ੍ਹਿਆ-ਲਿਖਿਆ ਹਾਂ। ਮੈਂ ਉੱਚਾ-ਨੀਵਾਂ ਸਭ ਕੁਝ ਜਾਣਦਾ ਹਾਂ। ਕੱਲ੍ਹ ਨੂੰ ਮੇਰੀ ਬੱਚੀ ਵੱਡੀ ਹੋਵੇਗੀ, ਫਿਰ ਮੇਰੇ ਨਾਲ ਇਸ ਤਰ੍ਹਾਂ ਦੇ ਵਿਵਹਾਰ ਨੂੰ ਆਮ ਸਮਝਦੇ ਹੋਏ, ਉਹ ਵੀ ਮੇਰੇ ਕੰਮ ਵਿੱਚ ਆਪਣਾ ਭਵਿੱਖ ਵੇਖੇਗੀ। ਕਿਸੇ ਦੀ ਗੁਲਾਮੀ ਵਿੱਚੋਂ ਨਿਕਲ ਕੇ ਆਜ਼ਾਦ ਹੋ ਜਾਵਾਂ, ਭਾਵੇਂ ਥੋੜ੍ਹਾ ਜਿਹਾ ਪੈਸਾ ਆ ਜਾਵੇ, ਪਰ ਬੱਚੇ ਨੂੰ ਗੁਲਾਮੀ ਵਿੱਚ ਰਹਿਣ ਦੀ ਆਦਤ ਨਹੀਂ ਪਵੇਗੀ।'' ਮੈਂ ਸੋਚਣ ਲੱਗਾ, ਵਾਹ! ਇੱਕ ਆਮ ਔਰਤ ਵੀ ਅਜਿਹਾ ਸੋਚਦੀ ਹੈ। ਅਸੀਂ ਸੋਚਦੇ ਹਾਂ, ਇਨ੍ਹਾਂ ਲੋਕਾਂ ਨੂੰ ਕਿਸੇ ਕਿਸਮ ਦੀ ਸਮਝ ਨਹੀਂ ਹੈ, ਪਰ ਇਸ ਨੇ ਬਹੁਤ ਵੱਡੀ ਗੱਲ ਕਹੀ ਹੈ, ਜੋ ਕਿਸੇ ਸਭਿਅਕ ਸਮਾਜ ਲਈ ਮਾਇਨੇ ਨਹੀਂ ਰੱਖਦੀ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਵਿਧਾਨ ਸਭਾ ਵਲ ਭਜਦੇ ਲੋਕੀਂ ਦਸਦੇ ਨਹੀਂ ਕਰਨ ਕੀ ਜਾ ਰਹੇ ਹਨ



ਇਹ ਕੋਈ ਪਹਿਲੀ ਵਾਰ ਨਹੀਂ ਹੈ ਬਲਕਿ ਸਾਡੇ ਮੁਲਕ ਵਿੱਚ ਜਦ ਪਹਿਲੀਆਂ ਚੋਣਾ ਹੋਣ ਜਾ ਰਹੀਆਂ ਸਨ ਤਾਂ ਵੀ ਇਹ ਰਾਜਸੀ ਲੋਕੀਂ ਐਂਵੇਂ ਹੀ ਬੋਲੀ ਜਾ ਰਹੇ ਸਨ ਅਤੇ ਅਸਾਂ ਵੋਟਾ ਪਾ ਦਿਤੀਆਂ ਸਨ। ਰਾਜਸੀ ਲੋਕਾਂ ਉਦੋਂ ਇਹ ਵੀ ਆਖ ਦਿੱਤਾ ਸੀ ਕਿ ਅਸਾਂ ਆਜ਼ਾਦੀ ਲਿਆਂਦੀ ਹੈ। ਅਸਾਂ ਇਹ ਵਾਲਾ ਵਿਧਾਨ ਵੀ ਬਣਾ ਦਿਤਾ ਹੈ ਅਤੇ ਇਸ ਵਿਧਾਨ ਵਿੱਚ ਹੀ ਕਿਤਨੇ ਵਾਅਦੇ ਕਰ ਦਿੱਤੇ ਹਨ, ਕਰਕੇ ਹੀ ਦਿਖਾਂਵਾਂਗੇ ਅਤੇ ਅਸਾਂ ਵੋਟਾ ਪਾ ਦਿਤੀਆਂ ਸਨ। ਉਦੋਂ ਵੀ ਆਮ ਉਮੀਦਵਾਰ ਚੁਪ ਸੀ ਅਤੇ ਅਜ ਵੀ ਆਮ ਉਮੀਦਵਾਰ ਚੁਪ ਹੈ। ਅਜ ਵੀ ਕੁਝ ਚਿਹਰੇ ਹਨ ਜਿਹੜੇ ਸਾਹਮਣੇ ਆ ਗਏ ਹਨ ਅਤੇ ਇਹ ਆਖ ਰਹੇ ਹਨ ਕਿ ਇਸ ਵਾਰੀਂ ਮੁਖ ਮੰਤਰੀ ਬਣ ਜਾਣਾ ਹੈ। ਉਹ ਪਹਿਲਾਂ ਕੀ ਸੀ, ਅਜ ਕੀ ਹੈ ਅਤੇ ਕਲ ਕੀ ਬਣ ਜਾਵੇਗਾ, ਇਹ ਵਾਲੀਆਂ ਗਲਾਂ ਅੱਜ ਪੰਜਾਬੀਆਂ ਪਾਸੋਂ ਛੁਪੀਆਂਹੋਈਆਂ ਨਹੀਂ ਹਨ। ਪੰਜਾਬ ਦਾ ਜਿਹੜਾ ਵੀ ਹਾਲ ਪੰਜਾਬ ਦੇ ਰਾਜਸੀ ਲੋਕਾਂ ਨੇ ਪਿਛਲੀ ਪੌਣੀ ਸਦੀ ਵਿੱਚ ਬਣਾ ਦਿੱਤਾ ਹੈ ਉਹ ਅੱਜ ਪੰਜਾਬੀਆਂ ਦੇ ਸਾਹਮਣੇ ਹੈ ਅਤੇ ਇਹ ਰਾਜਸੀ ਲੋਕੀਂ ਅੰਦਰਖਾਤੇ ਸ਼ਰਮਿੰਦਾ ਵੀ ਹਨ ਕਿ ਪੰਜਾਬ ਦਾ ਜੋ ਕੁੱਝ ਵੀ ਵਿਗੜ ਚੁੱਕਾ ਹੈ ਇਹ ਹੁਣ ਠੀਕ ਤਾਂ ਨਹੀਂ ਕੀਤਾ ਜਾ ਸਕਦਾ ਅਤੇ ਇਸ ਲਈ ਕੋਈ ਵਾਅਦਾ ਵੀ ਨਹੀਂ ਕਰਨਾ ਚਾਹੀਦਾ। ਇਹ ਅੱਜ ਵਾਲੇ ਰਾਜਸੀ ਲੋਕੀਂ ਜਿਹੜੇ ਵਾਅਦੇ ਕਰ ਰਹੇ ਹਨ ਇਹ ਬਸ ਕੋਈ ਰਿਆਇਤਾ ਦੇਣ ਦੀ ਗਲ ਹੀ ਕਰ ਰਹੇ ਹਨ। ਇਸ ਵਕਤ ਸਾਰੇ ਦਾ ਸਾਰਾ ਮੁਲਕ ਮਹਿੰਗਾਈ ਅਤੇ ਲੋੜਾਂ ਪੂਰੀਆਂ ਕਰਨ ਦੇ ਸੰਕਟ ਵਿੱਚ ਦੀ ਲੰਘ ਰਿਹਾ ਹੈ ਅਤੇ ਵੈਸੇ ਹਰ ਕੋਈ ਚਾਹ ਰਿਹਾ ਹੈ ਕਿ ਕੁਝ ਤਾਂ ਸਸਤਾ ਹੋ ਜਾਵੇ। ਰਾਜਸੀ ਲੋਕੀਂ ਪੰਜਾਬੀਆਂ ਦਾ ਮਨੋਵਿਗਿਆਨ ਵੀ ਜਾਣਦੇ ਹਲ ਅਤੇ ਇਸ ਲਈ ਇਹ ਬਿਜਲੀ ਦਰ ਘਟਾਉਣ ਦੀ ਗਲ ਕਰ ਰਹੇ ਹਲ। ਬਿਜਲੀ ਹਰ ਘਰ ਵਿੱਚ ਵਰਤੀ ਜਾਂਦੀ ਹੈ ਅਤੇ ਹਰ ਆਦਮੀ ਵੋਟਾਂ ਪਾਉਣ ਲਗਿਆ ਸ਼ਾਇਦ ਇਹ ਗਲ ਆਪਣੇ ਮਨ ਵਿੱਚ ਰਖ ਲਵੇ।

ਕੁੱਝ ਰਿਆਇਤਾਂ ਦਾ ਐਲਾਨ ਇਸ ਵਾਰੀਂ ਪਾਰਟੀਆਂ ਵਲੋਂ ਆਇਆ ਹੈ ਅਤੇ ਇਸ ਲਈ ਇਹ ਵਿਚਾਰੇ ਉਮੀਦਵਾਰ ਨਾਮਜ਼ਦ ਹੋ ਜਾਣਗੇ ਇਹ ਤਾਂ ਚੁਪ ਹੀ ਰਹਿਣਗ ਕਿਉਂਕਿ ਇਹ ਤਾਂ ਸਦਨ ਤਕ ਬਸ ਪੁਜਣੇ ਹੀ ਹਨ ਅਤੇ ਕੰਮ ਕਰਨ ਦੀ ਜ਼ਿਮੇਵਾਰੀ ਇੰਨ੍ਹਾਂ ਦੀ ਨਹੀਂ ਹੈ। ਦੋ ਚਾਰ ਆਦਮੀ ਇਸ ਵਾਰੀਂ ਮੁਖ ਮੰਤਰੀ ਬਣਨ ਦੀ ਆਸ ਲਗਾਈ ਬੈਠੇ ਹਨ ਅਤੇ ਉਹ ਵੀ ਜਾਣਦੇ ਹਲ ਕਿ ਅਗਰ ਘਾਟਾ ਹੀ ਪੈ ਗਿਆ ਤਾਂ ਇਹ ਬਿਜਲੀ ਵਗੈਰਾ ਜਿਹੜੀ ਸਸਤੀ ਕੀਤੀ ਜਾ ਰਹੀ ਹੈ ਇਹ ਰਿਆਇਤ ਵਾਪਸ ਵੀ ਲਿੱਤੀ ਜਾ ਸਕਦੀ ਹੈ। ਇਸ ਮੁਲਕ ਦੀ ਜੰਤਾ ਵਿਚਾਰੀ ਕਿਹੜਾ ਬੋਲ ਸਕਦੀ ਹੈ। ਇਸ ਮੁਲਕ ਦੀ ਆਜ਼ਾਦੀ ਅਤੇ ਇਸ ਪਰਜਾਤੰਤਰ ਨੇ ਸਾਡੇ ਮੁਲਕ ਦੀ ਤਿੰਨਚੌਥਾਈ ਜੰਤਾ ਕੰਗਾਲ ਕਰਕੇ ਰਖ ਦਿੱਤੀ ਹੈ ਅਤੇ ਅੱਜ ਤਕ ਕੋਈ ਬੋਲਿਆਂ ਤਾਂ ਹੈ ਨਹੀਂ। ਇਸ ਮੁਲਕ ਦੇ ਲੋਕਾਂ ਦੇ ਚੁਣੇ ਆਦਮੀ ਵੀ ਸਦਨਾ ਵਿੱਚ ਜਾਕੇ ਬੈਠਦੇ ਰਹੇਹਨ ਅਤੇ ਇਸ ਨਾਲ ਹੀ ਖੁਸ਼ਹੁੰਦੇ ਰਹੇ ਹਨ ਕਿ ਉਨ੍ਹਾਂ ਦੀਆਂ ਆਪਣੀਆਂ ਤਨਖਾਹਾਂ, ਭੱਤੇ ਅਤੇ ਪੈਨਸ਼ਨਾ ਲਗ ਗਈਆਂ ਹਨ ਅਤੇ ਇਲਾਜ ਵੀ ਮੁਫਤ ਹੋਣ ਲਗ ਪਿਆ ਹੈ। ਉਨ੍ਹਾਂ ਕਦੀ ਆਵਾਜ਼ ਨਹੀਂ ਉਠਹਈ ਕਿ ਇਹ ਰਿਆਇਤਾ ਸਾਨੂੰਨਾ ਦਿਤੀਆਂ ਜਾਣ, ਪਹਿਲਾਂ ਇਹ ਵਾਲੀਆਂ ਰਿਆਇਤਾ ਲੋਕਾਂ ਲਈ ਬਣਾਈਆਂ ਜਾਣ।

ਪੰਜਾਬ ਦਾ ਆਮ ਆਦਮੀ ਇਹ ਵੀ ਸੋਚ ਰਿਹਾ ਹੈ ਕਿ ਇਸ ਵਕਤ ਅਗਰ ਪੰਜਾਬ ਦੀਆਂ ਚੋਣਾਂ ਨਾ ਵੀਕਰਵਾਈਆਂ ਜਾਣ ਅਤੇ ਅਗਰ ਇਹੀ ਸਰਕਾਰ ਚਲਦੀ ਰਵੇ ਤਾਂ ਵੀ ਕੋਈ ਫਰਕ ਨਹੀਂ ਪੈਣਾ। ਪਰ ਰਾਜਸੀ ਲੋਕੀਂ ਇਹ ਆਖ ਰਹੇ ਹਨ ਕਿ ਅਸੀਂ ਬਾਕੀ ਦੇ ਵੀ ਤਾਂ ਹਕ ਰਖਦੇ ਹਾਂ ਕਿ ਅਸੀਂ ਵੀ ਕਦੀ ਸਦਨ ਵਿੱਚ ਜਾਕੇ ਬੈਠੀਏ ਅਤੇ ਪੈਨਸ਼ਨਾ ਹੀ ਲੈ ਆਈਏ। ਸਾਡਾ ਵੀ ਹਕ ਬਣਦਾ ਹੈ। ਅਸੀਂ ਅਗਰ ਨਹੀਂ ਕੁੱਝ ਕਰਾਂਗੇ ਤਾਂ ਕੀ ਫਰਕ ਪੈਣ ਲਗਾ ਹੈ। ਇਹ ਅਜ ਤਕ ਜਿਹੜੇ ਵੀ ਵਿਧਾਇਕ ਸਦਨ ਵਿੱਚ ਜਾਂਦੇ ਰਹੇ ਹਨ, ਉਹੀ ਕੀ ਕਰਦੇ ਰਹੇ ਹਨ, ਪਹਿਲਾਂ ਉਹ ਜੁਵਾਬ ਦੇਣ। ਫਿਰ ਸਾਡੀ ਜੁਵਾਬ ਦੇਣ ਦੀ ਵਾਰੀ ਆ ਜਾਵੇਗੀ,

ਪੰਜਾਬ ਦਾ ਹੁਣ ਤਕ ਵਡਾ ਨੁਕਸਾਨ ਹੋ ਹੀ ਚੁੱਕਾ ਹੈ। ਇਹ ਪੰਜਾਬ ਹੁਣ ਪੰਜਾਬ ਅਖਵਾਉਣ ਦੇ ਕਾਬਲ ਹੀ ਨਹੀਂ ਹੈ। ਇਹ ਤਾਂ ਇਕ ਪਿੰਡ ਜਿਹਾ ਬਣ ਗਿਆ ਹੈ ਜਿਸ ਵਿੱਚ ਆਪਣਾ ਅਨਾਜ ਹੀ ਪੇਦਾ ਹੋ ਰਿਹਾ ਹੈ ਅਤੇ ਬਾਕੀ ਜੀਵਨ ਲਈ ਲੋੜੀਂਦਾ ਸਾਰਾ ਸਾਮਾਨ ਦੂਜੇ ਪ੍ਰਾਂਤਾਂ ਵਿਚੋ ਆ ਰਿਹਾ ਹੈ ਅਤੇ ਅਗਰ ਅਜ ਇ ਬਾਕੀ ਦਾ ਮਾਲ ਆਉਣਾ ਬੰਦ ਹੋ ਜਾਵੇ ਤਾਂ ਇਹ ਵਾਲਾ ਪੰਜਾਬ ਸਾਧਾਰਣ ਜੀਵਨ ਵੀ ਬਸਰ ਨਹੀਂ ਕਰ ਸਕਦੇ। ਵੋਟਾਂ ਲੈਣ ਲਈ ਇਹ ਰਾਜਸੀ ਲੋਕ ਹੀ ਪੰਜਾਬ ਵਿੱਚ ਪੰਜਾਬੀ ਭਾਸ਼ਾ, ਖਾਲਿਸਤਾਨ ਲਹਿਰਾਂ ਚਲਾਉਂਦੇ ਰਹੇ ਹਨ ਅਤੇ ਅਸਾਂ ਅਤਵਾਦ ਵੀ ਦੇਖਹੀ ਲਿਆਹੈ। ਅਸਾਂ ਨੀਲਾ ਤਾਰਾ ਕਾਰਵਾਈ ਵੀ ਦੇਖ ਲਈ ਹੈ ਅਤੇ ਅਸਾਂ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਵੀ ਦੇਖ ਲਿਆ ਹੈ। ਫਿਰ ਅਸਾਂ ਸਿਖ ਕਤਲੇਆਮ ਵੀ ਦੇਖ ਲਿਆ ਹੈ ਅਤੇ ਅਸਾਂ ਇਹ ਵੀ ਦੇਖ ਲਿਆ ਹੈ ਕਿ ਅਜ ਸਿਖਾਂ ਦਾ ਨਾਮ ਅਤਵਾਦੀ ਅਤੇ ਖਾਲਿਸਤਾਨੀ ਹੀ ਪੈ ਗਿਆ ਹੈ ਅਤੇ ਕੋਈ ਇਹ ਆਖੇ ਕਿ ਇਹ ਵਾਲੇ ਕਲੰਕ ਹੁਣ ਕੋਈ ਅਜ ਵਾਲਾ ਲੀਡਰ ਧੋ ਸਕੇਗਾ, ਤਾਂ ਇਹ ਗਲਾਂ ਵੀ ਨਾਮੁਮਕਿਨ ਜਿਹੀਆਂ ਲਗਦੀਆਂ ਹਨ।ਹੁਣ ਇਹ ਕਿਸਾਨ ਕਾਨੂੰਨਾਂ ਦੀ ਵਾਪਸੀ ਅਤੇ ਇਹ ਪ੍ਰਧਾਨ ਮੋਦੀ ਦੀ ਜਾਨ ਨੂੰ ਖਤਰਾ ਵਾਲੀਆਂ ਗਲਾਂ ਕਰਕੇ ਪੰਜਾਬ ਵਿੱਚ ਨੀਮ ਫੌਜੀ ਦਸਤੇ ਤਾਂ ਆ ਹੀ ਗਏਹਨ ਅਤੇ ਕਿਧਰੇ ਕਿਧਰੇ ਖਾਲਿਸਤਾਨ ਅਤੇਅਤਵਾਦ ਦੀ ਗਲ ਵੀ ਤੁਰ ਪਈ ਹੈ ਅਤੇ ਇਸ ਨਾਲ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਵੀ ਆ ਸਕਦਾ ਹੈ ਅਤੇ ਮਿਲਟਰੀ ਵੀ ਆ ਸਕਦੀ ਹੈ। ਇਸ ਲਈ ਪੰਜਾਬ ਦਾ ਭਵਿਖ ਜਿਹੜਾ ਹੋਰ ਵਿਗੜਨ ਜਾ ਰਿਹਾ ਹੈ ਇਸਦਾ ਹਾਲਾਂ ਅੰਦਾਜ਼ਾਨਹੀਂ ਲਗਾਇਆ ਜਾ ਸਕਦਾ ਹੈ।

ਇਸ ਲਈ ਇਹ ਵਾਲੀਆਂ ਚੋਣਾਂ ਬਸ ਫਜ਼ੂਲ ਜਿਹੀ ਰਸਮੀ ਜਿਹੀ ਕਾਰਵਾਈ ਹੈ ਕਿਉਂਕਿ ਇਹ ਚੋਣਾਂ ਹੀ ਇਸ ਵਾਲੇ ਪਰਜਾਤੰਤਰ ਦਾ ਆਧਾਰ ਹਨ ਅਤੇ ਇਹ ਰਸਮੀ ਜਿਹੀਆਂ ਕਾਰਵਾਈਆਂ ਕਰਕੇ ਹੀ ਇਹ ਵਾਲਾ ਪਰਜਾਤੰਤਰ ਖੜਾ ਹੈ ਅਤੇ ਲੋਕਾਂ ਦੀ ਸਮਝ ਵਿੱਚ ਵੀ ਆ ਗਿਆ ਹੈ ਕਿ ਚੋਣਾ ਆ ਗਈਆਂ ਹਨ ਅਤੇ ਲੋਕ ਵਿਚਾਰੇ ਵੀ ਰਸਮੀ ਢੰਗ ਨਾਲੀ ਇਹਚੋਣਾ ਵਿੱਚ ਹਿਸਾ ਲੈ ਹੀ ਲੈਣਗੇ ਅਤੇ ਇਕ ਰਸਮੀ ਜਿਹੀ ਸਰਕਾਰ ਬਣ ਹੀ ਜਾਵੇਗੀ। ਕੋਈ ਇਹ ਆਖੇ ਕਿ ਇਹ ਵਾਲੀ ਪੰਜਾਬ ਸਰਕਾਰ ਲੋਕਾਂ ਦਾ ਕੁਝ ਸੰਵਾਰ ਦੇਵੇਗੀ, ਐਸੀਆਂ ਆਸਾਂ ਹਾਲਾਂ ਤਕ ਤਾਂ ਬਣੀਆਂ ਨਹੀਂ ਹਨ। ਕਲ ਕੁਝ ਬਣ ਜਾਵੇ, ਇਹ ਗਲਾਂ ਕਲ ਤੇ ਛਡਣੀਆਂ ਪੈਣਗੀਆਂ। ਇਸ ਪੰਜਾਬ ਦੇ ਰਾਜਾਜਸੀ ਲੋਕੀਂ ਵੀ ਇਸ ਵਾਰੀਂ ਬੇਦਿਲੀ ਨਾਲ ਚੋਣਾ ਲੜ ਰਹੇ ਹਨ ਅਤੇ ਕੋਈ ਵੀ ਇਹ ਨਹੀਂ ਆਖ ਰਿਹਾ ਕਿ ਉਸਦੀ ਸਰਕਾਰ ਬਣ ਜਾਵੇਗੀ ਅਤੇ ਨਾਂ ਹੀ ਕੋਈ ਚਜ ਦਾ ਵਾਅਦਾ ਹੀ ਕਰ ਰਿਹਾ ਹੈ। ਇਸ ਪੰਜਾਬ ਦਾ ਜੋ ਵੀ ਵਿਗੜ ਚੁਕਾ ਹੈ ਉਹ ਲੋਕਾਂ ਪਾਸੋਂ ਛੁਪਿਆ ਹੋਇਆ ਨਹੀਂ ਹੈ ਅਤੇ ਅਗਲਾ ਵਕਤ ਕੈਸਾ ਆ ਰਿਹਾ ਹੈ ਉਸਦੇ ਅੰਦਾਜ਼ੇ ਅੱਜ ਆਮ ਆਦਮੀ ਵੀ ਲਗਾ ਸਕਦਾ ਹੈ,। ਵਿਧਾਇਕਾਂ ਦਾ ਕੁਝ ਨਹੀਂ ਜਾਣਾਂ ਕੁਝ ਦੀਆਂ ਪੈਨਸ਼ਨਾ ਵੀ ਲਗ ਜਾਣਗੀਆਂ ਅਤੇ ਪੰਜ ਸਾਲਾਂ ਦਾ ਰੁਜ਼ਗਾਰ ਵੀ ਬਣ ਜਾਵੇਗਾ। ਕੁਝ ਵਿਧਾਇਕ ਵਜ਼ੀਰ ਵੀ ਬਣ ਜਾਣਗੇ ਅਤੇ ਝੰਡੀ ਵਾਲੀਆਂ ਕਾਰਾਂ ਪਿੰਡਾ ਵਿੱਚ ਹੂਟਰਾਂ ਦੀ ਆਵਾਜ਼ ਸੁਣਾਂਉਂਦੀਆਂ ਦੌੜਨਗੀਆਂ ਵੀ।ਅਗਲੇ ਪੰਜ ਸਾਲਾਂ ਵਿੱਚ ਪੰਜਾਬ ਅਤੇ ਪੰਜਾਬੀਆਂ ਦਾ ਕੀ ਬਣਨ ਵਾਲਾ ਹੈ ਇਸ ਗਲ ਦੀ ਕੋਈ ਵੀ ਪੇਸ਼ਨਗੋਈ ਨਹੀਂ ਕਰ ਸਕਦਾ। ਪੰਜਾਬੀਆਂ ਪਾਸੋਂ ਹਿੰਮਾਚਲ ਪ੍ਰਦੇਸ਼, ਹਰਿਆਣਾ ਅਤੇ ਰਾਜਧਾਨੀ ਚੰਡੀਗੜ੍ਹ ਤਾ ਚਲੀਖ ਹੀ ਗਈ ਹੈ ਅਤੇ ਹੁਣ ਇਹ ਰਾਜਧਾਨੀ ਚੰਡੀਗੜ੍ਹ ਮੰਗੀ ਜਾ ਰਹੇ ਹਨ, ਰਾਜਧਾਨੀ ਤਾਂ ਸ਼ਾਇਦਤ ਦੇ ਵੀ ਦਿੱਤੀ ਜਾਵੇ, ਪਰ ਇਹਵਾਲਾ ਪੰਜਾਬ ਸ਼ਾਇਦ ਪ੍ਰਾਂਤ ਵਾਲਾ ਦਰਜਾ ਖੋ ਬੈਠੇ ਅਤੇ ਕੇਂਦਰੀ ਪ੍ਰਸ਼ਾਸਿਤ ਇਕਾਈ ਹੀ ਬਣਾ ਦਿਤਾ ਜਾਵੇ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ,*
*ਪਟਿਆਲਾ-147001*
*ਫੋਨ- 0175 5191856*




# ਕੇਜਰੀਵਾਲ ਦੇ ਬਿਆਨ ਤੋਂ ਬਹਿਬਲ ਕਾਂਡ ਦੇ ਪੀੜਤ ਪਰਵਾਰ ਭੜਕੇ

ਕੋਟਕਪੂਰਾ, 3 ਫ਼ਰਵਰੀ (ਪੋਸਟ ਬਿਊਰੋ)- ਪਿਛਲੇ ਕਰੀਬ 49 ਦਿਨਾਂ ਤੋਂ ਕੜਾਕੇ ਦੀ ਠੰਢ ਤੇ ਹੱਡ ਚੀਰਵੀਂ ਸਰਦੀ ਦੇ ਬਾਵਜੂਦ ਦਿਨ ਰਾਤ ਦੇ ਧਰਨੇ ਉੱਤੇ ਬੈਠੇ ਬਹਿਬਲ ਕਾਂਡ ਦੇ ਸ਼ਹੀਦ ਪਰਵਾਰਾਂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਬਿਆਨ ਬਾਰੇ ਆਖਿਆ ਹੈ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੀਆਂ ਭਾਵਨਾਵਾਂ ਨਾਲ ਜੁੜੇ ਬੇਅਦਬੀ ਦੇ ਮੁੱਦੇ ਨੂੰ ਸਿਰਫ਼ ਮੀਡੀਆ ਦਾ ਮੁੱਦਾ ਕਹਿਣ ਤੋਂ ਪਹਿਲਾਂ ਕੇਜਰੀਵਾਲ ਨੂੰ ਸੋਚਣਾ ਚਾਹੀਦਾ ਸੀ ਕਿ ਸਮੇਂ ਦੀ ਹਕੂਮਤ ਨੇ ਬੇਅਦਬੀ ਕਾਂਡ ਵਾਲੇ ਦੋਸ਼ੀਆਂ ਦੀ ਸਰਪ੍ਰਸਤੀ ਹੀ ਨਹੀਂ ਕੀਤੀ, ਆਪਣੀ ਪੁਲਸ ਤੋਂ ਸ਼ਾਂਤਮਈ ਧਰਨੇ ਉੱਤੇ ਬੈਠੀਆਂ ਸੰਗਤਾਂ ਉਪਰ ਜ਼ੁਲਮ ਵੀ ਕਰਾਇਆ ਸੀ, ਗੋਲੀ ਚਲਾ ਕੇ ਦੋ ਸਿੱਖ ਨੌਜਵਾਨ ਸ਼ਹੀਦ ਕੀਤੇ, ਕਈ ਜ਼ਖ਼ਮੀ ਅਤੇ ਮ੍ਰਿਤਕ ਸਰੀਰਾਂ ਵਿੱਚੋਂ ਨਿਕਲੀਆਂ ਗੋਲੀਆਂ ਟੈਂਪਰ ਕੀਤੀਆਂ, ਅਸਲ ਸਬੂਤ ਮਿਟਾ ਕੇ ਨਕਲ ਪੈਦਾ ਕਰਨ ਦੀ ਹਰ ਸ਼ਰਮਨਾਕ ਹਰਕਤ ਕੀਤੀ ਸੀ ਤੇ ਪੀੜਤ ਪਰਵਾਰਾਂ ਨੂੰ ਇਨਸਾਫ਼ ਲੈਣ ਲਈ ਮੋਰਚਾ ਲਾਉਣਾ ਪੈ ਰਿਹਾ ਹੈ।

ਮੀਡੀਆ ਨਾਲ ਗੱਲਬਾਤ ਦੌਰਾਨ ਸ਼ਹੀਦ ਕਿਸ਼ਨ ਭਗਵਾਨ ਸਿੰਘ ਦੇ ਬੇਟੇ ਸੁਖਰਾਜ ਸਿੰਘ ਨਿਆਮੀਵਾਲਾ ਅਤੇ ਗੁਰਜੀਤ ਸਿੰਘ ਬਿੱਟੂ ਦੇ ਪਿਤਾ ਸਾਧੂ ਸਿੰਘ ਸਰਾਵਾਂ ਨੇ ਕਿਹਾ ਕਿ ਪੰਥਦੋਖੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਕੀਤੀ ਬੇਅਦਬੀ ਨਾਲ ਦੇਸ਼-ਵਿਦੇਸ਼ ਦੇ ਹਰ ਸਿੱਖ ਅਤੇ ਹਰ ਪੰਜਾਬੀ ਦਾ ਹਿਰਦਾ ਵਲੂੰਧਰਿਆ ਗਿਆ ਹੈ, ਪਰ ਅਫ਼ਸੋਸ ਕਿ ਰਾਜਨੀਤਕ ਲੋਕਾਂ ਲਈ ਪਾਵਨ ਸਰੂਪ ਦੇ ਗਲੀਆਂ ਵਿੱਚ ਖਿਲਾਰੇ ਗਏ ਅੰਗ ਮਜ਼ਾਕ ਬਣ ਗਏ ਹਨ।ਸੁਖਰਾਜ ਸਿੰਘ ਤੇ ਸਾਧੂ ਸਿੰਘ ਨੇ ਕਿਹਾ ਕਿ ਸਿਆਸਤਦਾਨਾਂ ਨੂੰ ਬੇਤੁਕੀ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਬੇਅਦਬੀ ਕਾਂਡ ਦਾ ਸ਼ਾਂਤਮਈ ਰੋਸ ਪ੍ਰਦਰਸ਼ਨ ਰਾਹੀਂ ਇਨਸਾਫ਼ ਮੰਗਦਿਆਂ ਪੁਲਸ ਦੀਆਂ ਗੋਲੀਆਂ ਸਾਡੇ ਹਿੱਸੇ ਆਈਆਂ, ਹਸਦੇ ਵਸਦੇ ਪਰਵਾਰਾਂ ਵਿੱਚ ਸੱਥਰ ਵਿਛ ਗਏ, ਦੋਨੋਂ ਘਰਾਂ ਦੇ ਕਮਾਊ ਪੁੱਤ ਪੁਲਸ ਨੇ ਮਾਰ ਦਿੱਤੇ, ਦੋਸ਼ੀ ਸਾਹਮਣੇ ਆਉਣ ਦੇ ਬਾਵਜੂਦ ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਉਲਟਾ ਉਨ੍ਹਾਂ ਨੂੰ ਸੁਰੱਖਿਆ ਕਰਮਚਾਰੀ ਦੇ ਕੇ ਖਾਸ ਵੀ ਆਈ ਪੀ ਬਣਾ ਦਿੱਤਾ ਹੈ। ਐਨੀ ਦਰਦਨਾਕ ਘਟਨਾ ਨੂੰ ਸਿਰਫ਼ ਮੀਡੀਆ ਦਾ ਮੁੱਦਾ ਕਹਿਣ ਦੀ ਬਿਆਨਬਾਜ਼ੀ ਦਾ ਜੇ ਅਰਵਿੰਦ ਕੇਜਰੀਵਾਲ ਨੇ ਜਲਦ ਸਪੱਸ਼ਟੀਕਰਨ ਨਾ ਦਿੱਤਾ ਤਾਂ ਉਹ ਅਗਲੇਰੀ ਰਣਨੀਤੀ ਲਈ ਪੰਥਕ ਇਕੱਤਰਤਾ ਬੁਲਾਉਣ ਤੋਂ ਗੁਰੇਜ਼ ਨਹੀਂ ਕਰਨਗੇ।

# ਕੈਨੇਡੀਅਨ ਕਾਲਜਾਂ ਤੋਂ ਫੀਸ ਵਾਪਸੀ ਲਈ ਪੰਜਾਬੀ ਨੌਜਵਾਨ ਪਰੇਸ਼ਾਨ

*** ਕੌਂਸਲੇਟ ਸਾਹਮਣੇ 10 ਫਰਵਰੀ ਨੂੰ ਰੋਸ ਪ੍ਰਦਰਸ਼ਨ ਦਾ ਐਲਾਨ**

ਚੰਡੀਗੜ੍ਹ, 3 ਫਰਵਰੀ (ਪੋਸਟ ਬਿਊਰੋ)- ਭਾਰਤੀ ਵਿਦਿਆਰਥੀਆਂ ਨਾਲ ਕੈਨੇਡਾ ਦੇ ਮੌਂਟਰੀਅਲ ਵਿੱਚੋਂ ਤਿੰਨ ਕਾਲਜਾਂ ਦੇ ਮਾਲਕਾਂ ਵੱਲੋਂ ਲੱਖਾਂ ਡਾਲਰ ਦੀ ਠੱਗੀ ਮਾਰ ਕੇ ਭੱਜ ਜਾਣ ਕਰ ਕੇ ਪੰਜਾਬੀ ਨੌਜਵਾਨਾਂ ਨੂੰ ਆਪਣੀ ਫੀਸ ਵਾਪਸ ਲੈਣ ਲਈ ਖੱਜਲ ਹੋਣਾ ਪੈ ਰਿਹਾ ਹੈ। ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ, ਪੀ ਐਸ ਯੂ ਲਲਕਾਰ ਅਤੇ ਹੋਰ ਵਿਦਿਆਰਥੀ ਜਥੇਬੰਦੀਆਂ ਨੇ ਉਕਤ ਕਲਾਜਾਂ ਤੋਂ ਆਪਣੀ ਫੀਸ ਮੁੜਵਾਉਣ ਲਈ ਸੰਘਰਸ਼ ਕਰਦੇ ਵਿਦਿਆਰਥੀਆਂ ਦੀ ਹਮਾਇਤ ਲਈ 10 ਫਰਵਰੀ ਨੂੰ ਚੰਡੀਗੜ੍ਹ ਵਿੱਚ ਕੈਨੇਡੀਅਨ ਕੌਂਸਲੇਟ ਮੂਹਰੇ ਪ੍ਰਦਰਸ਼ਨ ਦਾ ਐਲਾਨ ਕੀਤਾ ਹੈ।




ਪੀੜਤ ਵਿਦਿਆਰਥੀ ਗੁਰਸ਼ਰਨ ਸਿੰਘ, ਦੀਕਸ਼ਾ ਅਤੇ ਗੁਰਸਿੰਘ ਨੇ ਦੱਸਿਆ ਕਿ ਕੋਰੋਨਾ ਦੇ ਦੌਰਾਨ ਪੰਜਾਬ ਦੇ ਵੱਡੀ ਗਿਣਤੀ ਵਿਦਿਆਰਥੀਆਂ ਨੇ ਕੈਨੇਡਾ ਦੇ ਕਾਲਜਾਂ ਵਿੱਚ ਦਾਖਲਾ ਲੈਣ ਲਈ ਏਜੰਟਾਂ ਰਾਹੀਂ ਪੇਸ਼ਗੀ ਹਜ਼ਾਰਾਂ ਡਾਲਰਾਂ ਦੀ ਫੀਸ ਜਮ੍ਹਾਂ ਕਰਵਾਈ ਸੀ। ਇਸ ਤੋਂ ਬਾਅਦ ਕੋਰੋਨਾ ਪਾਬੰਦੀਆਂ ਕਰ ਕੇ ਕੁਝ ਵਿਦਿਆਰਥੀ ਕੈਨੇਡਾ ਜਾ ਸਕੇ, ਜਦ ਕਿ ਵੱਡੀ ਗਿਣਤੀਵਿਦਿਆਰਥੀਆਂ ਵੱਲੋਂ ਆਨਲਾਈਨ ਕਲਾਸਾਂ ਲਾਉਣ ਤੋਂ ਬਾਅਦ ਕੈਨੇਡੀਅਨ ਅੰਬੈਸੀ ਨੇ ਬਹੁਤ ਸਾਰੇ ਵਿਦਿਆਰਥੀਆਂ ਦੇ ਸਟੱਡੀ ਵੀਜ਼ੇ ਰੱਦ ਕਰ ਦਿੱਤੇ ਤੇ ਵਿਦਿਆਰਥੀਆਂ ਵੱਲੋਂ ਭਰੀ 15 ਹਜ਼ਾਰ ਡਾਲਰ ਦੀ ਫੀਸ ਵਾਪਸ ਕਰਨ ਦਾ ਭਰੋਸਾ ਦਿੱਤਾ, ਪਰ ਡੇਢ ਸਾਲ ਬਾਅਦ ਵੀ ਫੀਸਾਂ ਵਾਪਸ ਨਹੀਂ ਹੋਈਆਂ।ਵਿਦਿਆਰਥੀ ਅਨੀਸ਼ ਤੇ ਗੁਰੀ ਨੇ ਦੱਸਿਆ ਕਿ ਕਾਲਜ ਬੰਦ ਹੋਣ ਕਾਰਨ ਵਿਦਿਆਰਥੀ ਮਾਨਸਿਕ ਤਣਾਅ ਵਿੱਚ ਹਨ ਤੇ ਮੰਗ ਕਰਦੇ ਹਨ ਕਿ ਕੈਨੇਡੀਅਨ ਸਰਕਾਰ, ਸਿੱਖਿਆ ਮੰਤਰੀ, ਕੈਨੇਡਾ ਵਿਚਲਾ ਭਾਰਤੀ ਰਾਜਦੂਤ ਅਤੇ ਭਾਰਤੀ ਵਿਦੇਸ਼ ਮੰਤਰੀ ਇਸ ਮਸਲੇ ਵਿੱਚ ਫੌਰੀ ਦਖਲ ਦੇ ਕੇ ਇਸ ਨੂੰ ਪਹਿਲ ਦੇ ਆਧਾਰ ਉੱਤੇ ਹੱਲ ਕਰਵਾਉਣ।

# ਮੁਹੰਮਦ ਮੁਸਤਫਾ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਕਿਤਾਬ ਕਹਿਣ ਦਾ ਮੁੱਦਾ ਭਖਿਆ

*** ਸਿੱਖ ਕੌਮ ਕੋਲੋ ਮੁਆਫੀ ਮੰਗੇ ਮੁਸਤਫਾ ਧਾਮੀ**

ਅੰਮ੍ਰਿਤਸਰ, 3 ਫਰਵਰੀ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਸਾਬਕਾ ਪੁਲਸ ਅਧਿਕਾਰੀ ਮੁਹੰਮਦ ਮੁਸਤਫਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਕਿਤਾਬ ਕਹਿਣ ਦਾ ਮੁੱਦਾ ਭਖ ਗਿਆ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦਾ ਸਖਤ ਵਿਰੋਧ ਕਰਦੇ ਹੋਏ ਉਸ ਨੂੰ ਸਿੱਖ ਕੌਮ ਤੋਂ ਮੁਆਫੀ ਮੰਗਣ ਨੂੰ ਕਿਹਾ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਾਂਗਰਸ ਆਗੂ ਮੁਹੰਮਦ ਮੁਸਤਫਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਿਤਾਬ ਕਹਿਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਉਸ ਨੂੰ ਸਿੱਖ ਕੌਮ ਤੋਂ ਮੁਆਫੀ ਮੰਗਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੀ ਮਨੁੱਖਤਾ ਦੇ ਅਧਿਆਤਮਕ ਗੁਰੂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ-ਗੱਦੀ ਦੇ ਕੇ ਸਿੱਖ ਕੌਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਸੀ। ਉਨ੍ਹਾਂ ਕਿਹਾ ਕਿ ਜਾਗਤ ਜੋਤ ਗੁਰੂ ਗ੍ਰੰਥ ਸਾਹਿਬ ਨੂੰ ਕਿਤਾਬ ਕਹਿਣਾ ਬੌਣੀ ਮਾਨਸਿਕਤਾ ਪ੍ਰਗਟ ਕਰਦਾ ਹੈ।ਉਨ੍ਹਾਂ ਕਿਹਾ ਕਿ ਉਹ ਜਨਤਕ ਤੌਰ ਉੱਤੇ ਮੁਆਫੀ ਮੰਗੇ, ਜੇ ਅਜਿਹਾ ਨਹੀਂ ਕਰਦਾ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਵੀ ਮੁਹੰਮਦ ਮੁਸਤਫਾ ਬਿਆਨਾਂ ਕਾਰਨ ਚਰਚਾ ਵਿੱਚ ਰਹਿ ਚੁੱਕੇ ਹਨ।

# ਕਾਂਗਰਸ ਦਾ ਦਰਜਨ ਤੋਂ ਵੱਧ ਹਲਕਿਆਂ ਵਿੱਚ ਆਪਣਿਆਂ ਨਾਲ ਆਢਾ

ਚੰਡੀਗੜ੍ਹ, 3 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੂੰ ਇਸ ਵਾਰ ਆਪਣੀ ਪਾਰਟੀ ਤੋਂ ਬਾਗ਼ੀ ਹੋਏ ਕੋਈ ਦਰਜਨ ਤੋਂ ਵੱਧ ਉਮੀਦਵਾਰਾਂ ਦੇ ਵਿਰੋਧ ਝੱਲਣਾ ਪੈ ਰਿਹਾ ਹੈ, ਜੋ ਆਜ਼ਾਦ ਉਮੀਦਵਾਰਾਂ ਵਜੋਂ ਜਾਂ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਵਜੋਂ ਮੈਦਾਨ ਵਿੱਚ ਹਨ। ਦਿਲਚਸਪ ਗੱਲ ਇਹ ਹੈ ਕਿ ਪਾਰਟੀ ਹਾਈ ਕਮਾਨ ਤੇ ਸੂਬੇ ਦੀ ਲੀਡਰਸ਼ਿਪ ਵੱਲੋਂ ਪਾਰਟੀ ਅੰਦਰੋਂ ਉਠਦੇ ਇਸ ਵਿਰੋਧ ਨਾਲ ਨਿਪਟਣ ਲਈ ਨਾ ਕੋਈ ਰਣਨੀਤੀ ਤੇ ਨਾ ਸੋਚ ਸਾਹਮਣੇ ਆ ਰਹੀ ਹੈ। ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਇਸ ਵਾਰ ਬਹੁਕੋਨੀ ਚੋਣ ਮੁਕਾਬਲੇ ਹੋਣ ਅਤੇ ਵੋਟਾਂ ਦੀ ਵੰਡ ਦੀ ਸੰਭਾਵਨਾ ਕਾਰਨ ਉਮੀਦਵਾਰਾਂ ਦੇ ਜਿੱਤਣ ਦੇ ਫ਼ਰਕ ਘੱਟ ਸਕਦੇ ਹਨ।

ਕਾਂਗਰਸ ਪਾਰਟੀ ਦੇ ਦੋ ਮੁੱਖ ਵਿੰਗਾਂ, ਮਹਿਲਾਂ ਕਾਂਗਰਸ ਅਤੇ ਯੂਥ ਕਾਂਗਰਸ ਨੇ ਉਨ੍ਹਾਂ ਨੂੰ ਟਿਕਟਾਂ ਦੀ ਵੰਡ ਵਿੱਚੋਂ ਅੱਖੋਂ-ਪਰੋਖੇ ਕੀਤੇ ਜਾਣ ਦੀ ਜਿਵੇਂ ਜਨਤਕ ਤੌਰ ਉੱਤੇ ਖੁੱਲ੍ਹ ਕੇ ਨੁਕਤਾਚੀਨੀ ਤੇ ਵਿਰੋਧਤਾ ਕੀਤੀ ਅਤੇ ਜਿਵੇਂ ਪਾਰਟੀ ਦੇ ਪੰਜ ਪਾਰਲੀਮੈਂਟ ਮੈਂਬਰ ਰਾਹੁਲ ਗਾਂਧੀ ਦੀ ਪੰਜਾਬ ਫੇਰੀ ਦੌਰਾਨ ਗ਼ੈਰ-ਹਾਜ਼ਰ ਰਹੇ, ਇਹ ਪਾਰਟੀ ਲਈ ਚਿੰਤਾ ਦਾ ਵਿਸ਼ਾ ਹੈ। ਪਾਰਲੀਮੈਂਟ ਮੈਂਬਰ ਜਸਬੀਰ ਸਿੰਘ ਡਿੰਪਾ ਨੇ ਵਿਰੋਧ ਕਾਰਨ ਆਪਣੇ ਭਰਾ ਰਾਜਨ ਗਿੱਲ ਨੂੰ ਖਡੂਰ ਸਾਹਿਬ ਹਲਕੇ ਤੋਂ ਪਾਰਟੀ ਦੇ ਐਲਾਨੇ ਉਮੀਦਵਾਰ ਰਮਨਜੀਤ ਸਿੰਘ ਸਿੱਕੀ ਵਿਰੁੱਧ ਨਾਮਜ਼ਦਗੀ ਪੱਤਰ ਭਰਵਾ ਦਿਤੇ ਹਨ ਤੇ ਉਸ ਦੇ ਨਾਲ ਕਵਰਿੰਗ ਉਮੀਦਵਾਰ ਗੁਰਸੰਤ ਉਪਦੇਸ਼ ਸਿੰਘ ਗਿੱਲ (ਜਸਬੀਰ ਸਿੰਘ ਡਿੰਪਾ ਦੇ ਪੁੱਤਰ) ਹਨ। ਇਸੇ ਤਰ੍ਹਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਜੋ ਖ਼ੁਦ ਦੋ ਵਿਧਾਨ ਸਭਾ ਹਲਕਿਆਂ ਤੋਂ ਚੋਣ ਲੜ ਰਹੇ ਹਨ, ਦੇ ਛੋਟੇ ਭਰਾ ਡਾਕਟਰ ਮਨੋਹਰ ਸਿੰਘ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਬੱਸੀ ਪਠਾਣਾ ਹਲਕੇ ਤੋਂ ਪਾਰਟੀ ਉਮੀਦਵਾਰ ਵਿਰੁੱਧ ਚੋਣ ਮੈਦਾਨ ਵਿੱਚ ਹਨ।

ਹਲਕਾ ਸਮਰਾਲਾ ਤੋਂ ਕਾਂਗਰਸੀ ਵਿਧਾਇਕ ਅਮਰੀਕ ਸਿੰਘ ਢਿੱਲੋਂ ਨੇ ਟਿਕਟ ਨਾ ਮਿਲਣ ਕਾਰਨ ਆਜ਼ਾਦ ਚੋਣ ਲੜਨ ਦਾ ਐਲਾਨ ਕੀਤਾ ਹੈ। ਪਾਰਟੀ ਨੇਏਥੋਂ ਮਰਹੂਮ ਕਾਂਗਰਸ ਮੰਤਰੀ ਕਰਮ ਸਿੰਘ ਗਿੱਲ ਦੇ ਪੁੱਤਰ ਰਾਜਾ ਗਿੱਲ ਨੂੰ ਟਿਕਟ ਦਿੱਤੀ ਗਈ ਹੈ। ਇਸੇ ਤਰ੍ਹਾਂ ਖਰੜ ਤੋਂ ਸਾਬਕਾ ਮੰਤਰੀ ਤੇ ਚਾਰ ਵਾਰ ਚੋਣ ਜਿੱਤ ਚੁੱਕੇ ਜਗਮੋਹਨ ਸਿੰਘ ਕੰਗ ਦੀ ਟਿਕਟ ਕੱਟੇ ਜਾਣ ਦੇ ਵਿਰੁੱਧ ਉਨ੍ਹਾਂ ਨੇ ਆਪਣੇ ਬੇਟੇ ਯਾਦਵਿੰਦਰ ਸਿੰਘ ਬੰਨੀ ਕੰਗ ਸਮੇਤ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ। ਤਲਵੰਡੀ ਸਾਬੋ ਤੋਂ ਤਿੰਨ ਵਾਰ ਕਾਂਗਰਸ ਵਿਧਾਇਕ ਰਹਿ ਚੁੱਕੇ ਹਰਮਹਿੰਦਰ ਸਿੰਘ ਜੱਸੀ ਨੇ ਵੀ ਪਾਰਟੀ ਟਿਕਟ ਨਾ ਮਿਲਣ ਕਾਰਨ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਮੱਲ ਲਿਆ ਹੈ।

ਇੱਕ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਜੋ ਖ਼ੁਦ ਫ਼ਤਹਿਗੜ੍ਹ ਚੂੜੀਆਂ ਤੋਂ ਕਾਂਗਰਸ ਉਮੀਦਵਾਰ ਹਨ, ਦੇ ਬੇਟੇ ਰਵੀ ਨੰਦਰ ਬਾਜਵਾ ਬਟਾਲਾ ਤੋਂ ਕਾਂਗਰਸ ਉਮੀਦਵਾਰ ਅਸ਼ਵਨੀ ਸੇਖੜੀ ਦਾ ਜਨਤਕ ਤੌਰ ਉੱਤੇ ਵਿਰੋਧ ਕਰ ਰਹੇ ਹਨ, ਕਿਉਂਕਿ ਰਵੀ ਖ਼ੁਦ ਇਸ ਸੀਟ ਤੋਂ ਚੋਣ ਲੜਨਾ ਚਾਹੁੰਦੇ ਸਨ। ਲੁਧਿਆਣਾ (ਪੱਛਮੀ) ਤੋਂ ਟਕਸਾਲੀ ਕਾਂਗਰਸ ਆਗੂ ਕ੍ਰਿਸ਼ਨ ਕੁਮਾਰ ਬਾਵਾ ਪਾਰਟੀ ਨੂੰ ਛੱਡ ਕੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।

# ਪੰਜਾਬ ਨੂੰ ਐਤਕੀਂ ਫਿਰ ਮਾਲਵੇ ਵਿੱਚੋਂ ਮੁੱਖ ਮੰਤਰੀ ਮਿਲਣ ਦੀ ਆਸ



ਮਾਨਸਾ, 3 ਫਰਵਰੀ (ਪੋਸਟ ਬਿਊਰੋ)- ਕਾਂਗਰਸ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਮਾਲਵਾ ਖੇਤਰ ਦੇ ਭਦੌੜ ਹਲਕੇ ਤੋਂ ਅਚਾਨਕ ਉਮੀਦਵਾਰ ਬਣਾਏ ਜਾਣ ਪਿੱਛੋਂ ਲੋਕ ਉਨ੍ਹਾਂ ਨੂੰ ਮੁੱਖ ਮੰਤਰੀ ਅਹੁਦੇ ਦਾ ਦਾਅਵੇਦਾਰ ਮੰਨਣ ਲੱਗੇ ਹਨ। ਮਾਲਵਾ ਦੇ ਲੋਕ ਇਸ ਤੋਂ ਪਹਿਲਾਂ ਧੂਰੀ ਵਿਧਾਨ ਸਭਾ ਹਲਕੇ ਤੋਂ ਚੋਣ ਲੜਦੇ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਅਤੇ ਜਲਾਲਾਬਾਦ ਤੋਂ ਚੋਣ ਲੜਦੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਮੰਨ ਰਹੇ ਸਨ, ਪਰ ਬੀਤੇ ਦਿਨਾਂ ਤੋਂ ਉਨ੍ਹਾਂ ਨੂੰ ਇਹ ਯਕੀਨ ਹੋਣ ਲੱਗਾ ਹੈ ਕਿ ਸੱਤਾ ਵਿੱਚ ਜਿਹੜੀ ਮਰਜ਼ੀ ਪਾਰਟੀ ਆਵੇ, ਪਰ ਮੁੱਖ ਮੰਤਰੀ ਦਾ ਅਹੁਦਾ ਮੁੜ ਉਨ੍ਹਾਂ ਦਾ ਹੀ ਹੋਵੇਗਾ।

ਮਿਲੀ ਜਾਣਕਾਰੀ ਮੁਤਾਬਕ 16 ਸਿਆਸੀ ਆਗੂ ਹੀ ਬਦਲ-ਬਦਲ ਕੇ ਮੁੱਖ ਮੰਤਰੀ ਬਣਦੇ ਆ ਰਹੇ ਹਨ। ਮਾਲਵਾ ਖੇਤਰ ਵਿੱਚੋਂ ਸਭ ਤੋਂ ਵੱਧ ਪੰਜ ਵਾਰ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਦੀ ਕੁਰਸੀ ਸਾਂਭੀ ਹੈ। ਉਹ ਇੱਕ ਸਮੇਂ ਸੂਬੇ ਦੇ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਤੇ ਇੱਕ ਸਮੇਂ ਸਭ ਤੋਂ ਵੱਡੀ ਉਮਰ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। ਇਸੇ ਤਰ੍ਹਾਂ ਪੰਜਾਬ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵੀ ਮਾਲਵਾ ਖੇਤਰ ਤੋਂ ਸਨ। ਇਸ ਤੋਂ ਪਹਿਲਾਂ ਹਰਚਰਨ ਸਿੰਘ ਬਰਾੜ ਵੀ ਮਾਲਵਾ ਖੇਤਰ ਤੋਂ ਚੁਣੇ ਗਏ ਮੁੱਖ ਮੰਤਰੀ ਸਨ, ਜੋ ਇੱਕ ਸਾਲ 82 ਦਿਨ ਮੁੱਖ ਮੰਤਰੀ ਰਹੇ। ਸੁਰਜੀਤ ਸਿੰਘ ਬਰਨਾਲਾ ਇੱਕ ਸਾਲ 255 ਦਿਨ ਮੁੱਖ ਮੰਤਰੀ ਰਹੇ। ਗਿਆਨੀ ਜ਼ੈਲ ਸਿੰਘ ਪੰਜ ਸਾਲ 44 ਦਿਨ ਮੁੱਖ ਮੰਤਰੀ ਰਹੇ, ਜੋ ਮਗਰੋਂ ਦੇਸ਼ ਦੇ ਰਾਸ਼ਟਰਪਤੀ ਵੀ ਬਣੇ। ਮਾਲਵਾ ਖੇਤਰ ਤੋਂ ਹੀ ਕੈਪਟਨ ਅਮਰਿੰਦਰ ਸਿੰਘ ਦੋ ਵਾਰ ਮੁੱਖ ਮੰਤਰੀ ਬਣੇ।

ਦੋਆਬੇ ਦੇ ਦਰਬਾਰਾ ਸਿੰਘ ਤਿੰਨ ਸਾਲ 128 ਦਿਨ ਪੰਜਾਬ ਦੇ ਮੁੱਖ ਮੰਤਰੀ ਰਹੇ। ਮਾਝੇ ਵਾਲੇ ਪ੍ਰਤਾਪ ਸਿੰਘ ਕੈਰੋਂ ਤਿੰਨ ਵਾਰ ਮੁੱਖ ਮੰਤਰੀ ਦੇ ਅਹੁਦੇ ਉੱਤੇ ਰਹੇ। ਥੋੜ੍ਹਾ ਸਮਾਂ ਮੁੱਖ ਮੰਤਰੀ ਰਹਿਣ ਵਾਲਿਆਂ ਵਿੱਚ ਰਾਮ ਕਿਸ਼ਨ ਸ਼ਾਮਲ ਹਨ, ਜੋ ਇੱਕ ਸਾਲ 363 ਦਿਨ ਮੁੱਖ ਮੰਤਰੀ ਬਣੇ। ਇਸੇ ਤਰ੍ਹਾਂ ਗੁਰਮੁਖ ਸਿੰਘ ਮੁਸਾਫਰ 127 ਦਿਨ, ਲਛਮਣ ਸਿੰਘ ਗਿੱਲ 272 ਦਿਨ ਅਤੇ ਗੁਰਨਾਮ ਸਿੰਘ ਇੱਕ ਸਾਲ 300 ਦਿਨ ਮੁੱਖ ਮੰਤਰੀ ਦੇ ਅਹੁਦੇ ਉੱਤੇ ਦੋ ਵਾਰ ਰਹੇ।

# ਦਿੱਲੀ ’ਚ ਲੜਕੀ ਨਾਲ ਵਾਪਰੀ ਵਹਿਸ਼ੀਪੁਣੇ ਦਾ ਕਾਰਾ ਜ਼ੁਲਮ ਦੀ ਸਿਖਰ ਤੇ ਔਰਤ ਵਿਰੋਧੀ ਮਾਨਸਿਕਤਾ : ਬੀਬੀ ਰਾਜਵਿੰਦਰ ਕੌਰ ਰਾਜੂ

*** ਕੇਂਦਰੀ ਘੱਟ ਗਿਣਤੀ ਕਮਿਸ਼ਨ ਤੇ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਫੌਰੀ ਕਦਮ ਚੁੱਕਣ ਦੀ ਮੰਗ**

ਜਲੰਧਰ 3 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿੱਚ ਬੀਤੇ ਦਿਨ ਸਿੱਖ ਨੌਜਵਾਨ ਲੜਕੀ ਨਾਲ ਵਾਪਰੀ ਵਹਿਸ਼ੀਪੁਣੇ ਦੀ ਕਾਰਵਾਈ ਅਣਮਨੁੱਖੀ ਤਸ਼ੱਦਦ, ਜ਼ੁਲਮ ਦੀ ਸਿਖਰ ਅਤੇ ਔਰਤ ਵਿਰੋਧੀ ਮਾਨਸਿਕਤਾ ਦਾ ਕਾਰਾ ਹੈ ਜਿਸ ਕਰਕੇ ਅਬਲਾ ਔਰਤ ਨਾਲ ਬੇਹੱਦ ਮਾੜਾ ਕੁਕਰਮ ਕਰਨ ਵਾਲੇ ਦੋਸ਼ੀਆਂ ਨੂੰ ਮਿਸਾਲੀ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।

ਇੱਥੇ ਜਾਰੀ ਇੱਕ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਮਹਿਲਾ ਕਿਸਾਨ ਯੂਨੀਅਨ ਦੀ ਸੂਬਾ ਪ੍ਰਧਾਨ ਬੀਬੀ ਰਾਜਵਿੰਦਰ ਕੌਰ ਰਾਜੂ ਨੇ ਕਿਹਾ ਇਸ ਤਰਾਂ ਕਿਸੇ ਮਨੁੱਖ ਨੂੰ ਬੇਪੱਤ ਅਤੇ ਜ਼ਲੀਲ ਕਰਨਾ ਮਾਨਵੀ ਕਦਰਾਂ-ਕੀਮਤਾਂ ਦੀ ਘੋਰ ਉਲੰਘਣਾ ਹੈ ਜਿਸ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹਾਂ। ਉਨਾਂ ਮੰਗ ਕੀਤੀ ਕਿ ਇਸ ਰੂਹ ਕੰਬਾਊ ਕਾਰੇ ਪ੍ਰਤੀ ਦਿੱਲੀ ਸਟੇਟ ਘੱਟ ਗਿਣਤੀ ਕਮਿਸ਼ਨ ਅਤੇ ਕੇਂਦਰੀ ਘੱਟ ਗਿਣਤੀ ਕਮਿਸ਼ਨ ਸਮੇਤ ਕੇਂਦਰੀ ਮਨੁੱਖੀ ਅਧਿਕਾਰ ਕਮਿਸ਼ਨ ਹਾਲੇ ਤੱਕ ਵੀ ਚੁੱਪ ਹੈ ਜਿੰਨਾਂ ਨੂੰ ਤੁਰੰਤ ਫੌਰੀ ਕਦਮ ਚੁੱਕਣਾ ਚਾਹੀਦਾ ਹੈ।

ਉਨਾਂ ਕਿਹਾ ਕਿ ਨੌਜਵਾਨ ਲੜਕੀ ਨਾਲ ਸ਼ਰੇਆਮ ਬੇਹੁਰਮਤੀ ਕਰਨ ਪਿੱਛੋਂ ਕੇਸ ਕਤਲ ਕਰਕੇ ਮੂੰਹ ਕਾਲਾ ਕਰਕੇ ਸ਼ਰੇਆਮ ਘੁੰਮਾਉਣ ਦੀ ਜੋ ਮਨੁੱਖਤਾ ਤੋਂ ਡਿੱਗੀ ਹੋਈ ਹਰਕਤ ਦੋਸ਼ੀਆਂ ਨੇ ਕੀਤੀ ਹੈ ਉਹ ਸਮਾਜ ਦੇ ਮੂੰਹ ਉਤੇ ਕਲੰਕ ਤੋਂ ਘੱਟ ਨਹੀਂ।


ਮਹਿਲਾ ਕਿਸਾਨ ਯੂਨੀਅਨ ਦੀ ਸੂਬਾ ਪ੍ਰਧਾਨ ਬੀਬੀ ਰਾਜਵਿੰਦਰ ਕੌਰ ਰਾਜੂ।

ਦਿੱਲੀ ਵਿੱਚ ਵਾਪਰੀ ਇਸ ਮੰਦਭਾਗੀ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦੇ ਹੋਏ ਬੀਬੀ ਰਾਜਵਿੰਦਰ ਕੌਰ ਰਾਜੂ ਨੇ ਕਿਹਾ ਕਿ ਇਸ ਤੋਂ ਸ਼ਰਮਨਾਕ ਕੀ ਹੋ ਸਕਦਾ ਹੈ ਕਿ ਇੱਕ ਬੇਵੱਸ ਅਤੇ ਇਕੱਲੀ ਲੜਕੀ ਨਾਲ ਸਮੂਹਿਕ ਰੂਪ ਵਿੱਚ ਜ਼ੁਲਮ ਕੀਤਾ ਗਿਆ। ਹਿਰਦੇ ਵਲੂੰਦਰਨ ਵਾਲਾ ਇਹ ਸ਼ਰਮਨਾਕ ਕਾਰਾ ਦਿੱਲੀ ਤੇ ਕੇਂਦਰ ਸਰਕਾਰ ਦੋਹਾਂ ਦੇ ਮੂੰਹ ਉਤੇ ਚਪੇੜ ਹੈ ਅਤੇ ਇਸ ਅਣਮਨੁੱਖੀ ਘਟਨਾ ਨੇ ਦਿੱਲੀ ਪੁਲਿਸ ਨੂੰ ਸ਼ਰਮਸਾਰ ਕੀਤਾ ਹੈ।

ਮਹਿਲਾ ਕਿਸਾਨ ਨੇਤਾ ਬੀਬੀ ਰਾਜੂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਾ ਜਾਵੇ ਅਤੇ ਕੱਲੇ-ਕੱਲੇ ਦੋਸ਼ੀ ਦੀ ਪਛਾਣ ਕਰਕੇ ਹਰ ਇੱਕ ਮੁਜ਼ਰਮ ਨੂੰ ਮਿਸਾਲੀ ਅਤੇ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਹੋਰ ਸਮਾਜ ਦਾ ਦੁਸ਼ਮਣ ਅਜਿਹਾ ਕਰਨ ਦੀ ਸੋਚੇ ਵੀ ਨਾ।

# ਆਮ ਆਦਮੀ ਪਾਰਟੀ ਵੱਲੋਂ ਕਾਂਗਰਸ ਉਤੇ ਵੋਟਰ ਸੂਚੀ ਵਿੱਚ ਗੜਬੜ ਕਰਨ ਦਾ ਦੋਸ਼

*** ਲੁਧਿਆਣਾ ਵਿੱਚ 24000 ਤੋਂ ਵੱਧ ਜਾਅਲੀ ਵੋਟਾਂ!**

ਚੰਡੀਗੜ੍ਹ, 3 ਫਰਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀਦੇ ਪੰਜਾਬ ਦੇ ਇੰਚਾਰਜ ਜਰਨੈਲ ਸਿੰਘ ਨੇ ਕਾਂਗਰਸ ਸਰਕਾਰ ਦੇ ਮੰਤਰੀ ਭਾਰਤ ਭੂਸ਼ਣ ਆਸ਼ੂ ਉੱਤੇ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿੱਚ 24000 ਤੋਂ ਵੱਧ ਜਾਅਲੀ ਵੋਟਰ ਬਣਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕਾਂਗਰਸ ਪੰਜਾਬ ਦੇ ਲੋਕਾਂ ਦਾ ਮੂਡ ਦੇਖ ਕੇ ਬੌਖਲਾ ਗਈ ਹੈ।




ਜਰਨੈਲ ਸਿੰਘ ਨੇ ਕਿਹਾ ਕਿ ਹਾਰ ਦੇ ਡਰੋਂ ਘਬਰਾਏ ਕਾਂਗਰਸੀ ਆਗੂ ਸਰਕਾਰੀ ਮਸ਼ਨੀਰੀ ਦੀ ਦੁਰਵਰਤੋਂ ਕਰਕੇ ਜਾਅਲੀ ਵੋਟਾਂ ਨਾਲ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਬੁਲਾਰੇ ਮਾਲਵਿੰਦਰ ਕੰਗ ਅਤੇ ਲੁਧਿਆਣਾ ਪੱਛਮੀ ਤੋਂ ਉਮੀਦਵਾਰ ਗੁਰਪ੍ਰੀਤ ਸਿੰਘ ਗੋਗੀ ਵੀ ਮੌਜੂਦ ਸਨ। ਜਰਨੈਲ ਸਿੰਘ ਨੇ ਚੋਣ ਕਮਿਸ਼ਨ ਤੋਂ ਲੁਧਿਆਣਾ ਪੱਛਮੀ ਅਤੇ ਹੋਰ ਵਿਧਾਨ ਸਭਾ ਹਲਕਿਆਂ ਦੀਆਂ ਵੋਟਰ ਸੂਚੀਆਂ ਵਿੱਚ ਬੇਨਿਯਮੀਆਂ ਅਤੇ ਜਾਅਲੀ ਵੋਟਰਾਂ ਦੇ ਮੁੱਦੇ ਉੱਤੇ ਜਲਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਨਿਰਪੱਖ ਚੋਣਾਂ ਹੋਣੀਆਂ ਜ਼ਰੂਰੀ ਹਨ। ਉਨ੍ਹਾਂ ਦੱਸਿਆ ਕਿਹਾ ਕਿ ਲੁਧਿਆਣਾ ਪੱਛਮੀ ਤੋਂ ਸਾਡੇ ਉਮੀਦਵਾਰ ਗੁਰਪ੍ਰੀਤ ਗੋਗੀ ਨੇ ਜਾਅਲੀ ਵੋਟਰਾਂ ਦੀ ਸੂਚੀ ਬਾਰੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ। ਇਸ ਉੱਤੇ ਚੋਣ ਕਮਿਸ਼ਨ ਨੇ ਆਪਣੇ ਰਿਕਾਰਡ ਵਿੱਚੋਂ ਸਾਰੇ ਫਰਜੀ ਨਾਵਾਂ ਨੂੰ ਹਟਾ ਦਿੱਤਾ, ਪਰ ਫਿਰ ਵੀ ਇਲਾਕੇ ਵਿੱਚ 24 ਹਜ਼ਾਰ ਤੋਂ ਵੱਧ ਫਰਜੀ ਵੋਟਰਾਂ ਦੇ ਨਾਂ ਮਿਲੇ ਹਨ।

**ਮਾਮਲਾ ਜ਼ਮੀਨ ਹੜੱਪਣ ਦਾ:**

# ਨਗਰ ਪੰਚਾਇਤ ਦੇ ਮੀਤ ਪ੍ਰਧਾਨ ਸਮੇਤ ਸੱਤਾਂ ਨੂੰ 1-1 ਸਾਲ ਦੀ ਸਜ਼ਾ

ਮਾਹਿਲਪੁਰ, 3 ਫਰਵਰੀ (ਪੋਸਟ ਬਿਊਰੋ)- ਮਾਹਿਲਪੁਰ ਨਗਰ ਪੰਚ-ਾਇਤ ਦੇ ਮੀਤ ਪ੍ਰਧਾਨ ਅਤੇ ਸੀਨੀਅਰ ਆਗੂ ਅਤੇ ਸਾਬਕਾ ਕੌਂਸਲਰ ਸਣੇ ਪੰਜ ਜਣਿਆਂ ਨੂੰ ਗੜ੍ਹਸ਼ੰਕਰ ਦੀ ਜੁਡੀਸ਼ਲ ਜੱਜ ਨਵਰੀਤ ਕੌਰ ਨੇ ਇੱਕ-ਇੱਕ ਸਾਲ ਕੈਦ ਦੀ ਸਜ਼ਾ ਅਤੇ 200 ਰੁਪਏ ਜੁਰਮਾਨਾ ਕੀਤਾ ਹੈ। ਜੁਰਮਾਨਾ ਨਾ ਦਿੱਤਾ ਤਾਂ ਦਸ ਦਿਨ ਹੋਰ ਸਜ਼ਾ ਕੱਟਣੀ ਪਵੇਗੀ। ਅਦਾਲਤ ਨੇ ਇਸ ਮੌਕੇ ਇੱਕ ਮ੍ਰਿਤਕ ਅਸ਼ਟਾਮ ਫਰੋਸ਼ ਅਤੇ ਇੱਕ ਵਿਦੇਸ਼ ਵਿੱਚ ਮਰੇ ਵਿਅਕਤੀ ਨੂੰ ਵੀ ਸਜ਼ਾ ਸੁਣਾਈ ਹੈ।



ਮਿਲੀ ਜਾਣਕਾਰੀ ਅਨੁਸਾਰ ਬਲਜੀਤ ਕੌਰ ਪਤਨੀ ਤਰਸੇਮ ਲਾਲ ਵਾਸੀ ਨਰੂੜ ਜ਼ਿਲ੍ਹਾ ਕਪੂਰਥਲਾ ਨੇ 28 ਮਾਰਚ 2011 ਨੂੰ ਜ਼ਿਲ੍ਹਾ ਪੁਲਸ ਮੁਖੀ ਨੂੰ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ ਬਾਲ ਕਿਸ਼ਨ ਪੁੱਤਰ ਗੁਰਚਰਨ ਸਿੰਘ ਨੇ ਉਸ ਦੇ ਭਰਾ ਨੂੰ ਵਿਦੇਸ਼ ਭੇਜਣ ਦਾ ਲਾਰਾ ਲਾ ਕੇ ਜਾਅਲੀ ਕਾਗਜ਼ਾਂ ਨਾਲ ਉਸ ਦੀ ਜ਼ਮੀਨ ਵੇਚਣ ਦੇ ਕਾਗਜ਼ ਬਣਾ ਲਏ। ਬਾਲ ਕਿਸ਼ਨ ਨੇ ਉਸ ਵੇਲੇ ਦੇ ਸਬ ਤਹਿਸੀਲ ਵਿੱਚ ਕੰਮ ਕਰਦੇ ਇੱਕ ਅਸ਼ਟਾਮ ਫ਼ਰੋਸ਼ ਜਗਤਾਰ ਸਿੰਘ ਨਾਲ ਮਿਲੀਭੁਗਤ ਕਰ ਕੇ ਜ਼ਮੀਨ ਦੇ ਜਾਅਲੀ ਕਾਗਜ਼ ਬਣਾਏ, ਪਰ ਰਜਿਸਟਰੀ ਨੰਬਰ ਉੱਤੇ ਲਾਏ ਅਸ਼ਟਾਮਾਂ ਉੱਤੇ ਲਿਖੀ ਤਰੀਕ ਰਜਿਸਟਰੀ ਦੀ ਤਰੀਕ ਨਾਲ ਨਹੀਂ ਮਿਲਦੀ ਸੀ। ਬਾਲ ਕਿਸ਼ਨ ਨੇ ਅੱਗੇ ਜ਼ਮੀਨ ਮਾਹਿਲਪੁਰ ਦੇ ਕੁਝ ਲੋਕਾਂ ਨੂੰ ਵੇਚਣ ਦਾ ਇਕਰਾਰਨਾਮਾ ਵੀ ਕਰ ਲਿਆ, ਜਿਨ੍ਹਾਂ ਵਿੱਚ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੌਂਸਲਰ ਸ਼ਾਮਲ ਹਨ। ਉਨ੍ਹਾਂ ਨੇ ਝੂਠੇ ਕਾਗਜ਼ਾਂ ਰਾਹੀਂ ਉਸ ਨੂੰ ਜਾਂ ਉਸ ਦੇ ਪਰਵਾਰ ਨੂੰ ਬਿਨਾਂ ਕੋਈ ਪੈਸੇ ਦਿੱਤੇ ਜ਼ਮੀਨ ਹੜੱਪ ਲਈ।

ਜ਼ਿਲ੍ਹਾ ਪੁਲਸ ਮੁਖੀ ਦੀਆਂ ਹਦਾਇਤਾਂ ਉੱਤੇ ਥਾਣਾ ਮਾਹਿਲਪੁਰ ਦੀ ਪੁਲਸ ਨੇ ਇਸ ਦੀ ਜਾਂਚ ਪਿੱਛੋਂ ਮਹਿੰਗਾ ਸਿੰਘ ਪੁੱਤਰ ਮੱਸਾ ਸਿੰਘ, ਸਾਬਕਾ ਕੌਂਸਲਰ ਅਕਾਲੀ ਦਲ ਨਰੰਜਣ ਸਿੰਘ ਪੁੱਤਰ ਭਗਵਾਨ ਸਿੰਘ, ਕੌਂਸਲਰ ਅਤੇ ਮੀਤ ਪ੍ਰਧਾਨ ਨਗਰ ਪੰਚਾਇਤ ਜਗਦੀਪ ਸਿੰਘ ਪੁੱਤਰ ਮਹਿੰਦਰ ਸਿੰਘ, ਸ਼ਿਵ ਸਿੰਘ ਪੁੱਤਰ ਹਰੀ ਸਿੰਘ ਸਾਰੇ ਵਾਸੀ ਮਾਹਿਲਪੁਰ, ਰਾਮ ਤੀਰਥ ਪੁੱਤਰ ਸੋਢੀ ਸਿੰਘ ਵਾਸੀ ਚਾਣਥੂ, ਬਾਲ ਕਿਸ਼ਨ ਪੁੱਤਰ ਗੁਰਚਰਨ ਸਿੰਘ ਵਾਸੀ ਬਿੰਜੋਂ, ਅਸ਼ਟਾਮ ਫਰੋਸ਼ ਜਗਤਾਰ ਸਿੰਘ ਵਾਸੀ ਬੰਬੇਲੀ ਵਿਰੁੱਧ ਕਾਨੂੰਨ ਕੇਸ ਦਰਜ ਕੀਤਾ ਸੀ। ਚੱਲਦੇ ਕੇਸ ਦੌਰਾਨ ਬਾਲ ਕਿਸ਼ਨ ਦੀ ਵਿਦੇਸ਼ ਵਿੱਚ ਅਤੇ ਜਗਤਾਰ ਸਿੰਘ ਦੀ ਮੌਤ ਹੋ ਗਈ ਸੀ। ਇਨ੍ਹਾਂ ਸਾਰਿਆਂ ਨੂੰ ਸਜ਼ਾ ਸੁਣਾਈ ਗਈ ਹੈ।

# ਰਵੀ ਕਾਹਲੋਂ ਨੇ ਗੁੱਜਰ ਭਾਈਚਾਰੇ ਵਿਰੁੱਧ ਮਾੜੇ ਸ਼ਬਦ ਬੋਲੇ

ਚੰਡੀਗੜ੍ਹ, 3 ਫ਼ਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਉਮੀਦਵਾਰ ਨੇ ਮਾੜੇ ਸ਼ਬਦ ਬੋਲੇ ਹਨ। ਡੇਰਾ ਬਾਬਾ ਨਾਨਕ ਤੋਂ ਅਕਾਲੀ ਦਲ ਦੀ ਟਿਕਟ ਉੱਤੇ ਚੋਣ ਲੜ ਰਹੇ ਰਵੀ ਕਰਨ ਕਾਹਲੋਂ ਦੀ ਵਿਵਾਦਤ ਵੀਡੀਓ ਸਾਹਮਣੇ ਆਈ ਹੈ, ਜਿਸ ਵਿੱਚ ਉਹ ਕਹਿੰਦੇ ਹਨ ਕਿ ਉਹ ਗੁੱਜਰ ਭਾਈਚਾਰੇ ਨੂੰ ਪਹਾੜਾਂ ਉੱਤੇ ਲੈ ਜਾਣਗੇ।

ਇਹ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਡੇਰਾ ਬਾਬਾ ਨਾਨਕ ਤੋਂ ਕਾਂਗਰਸਉਮੀਦਵਾਰ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸੁਖਬੀਰ ਸਿੰਘ ਬਾਦਲ ਨੂੰ ਪੁੱਛਿਆ ਹੈ ਕਿ ਰਵੀ ਕਰਨ ਸਿੰਘ ਕਾਹਲੋਂ ਦੇ ਬਿਆਨ ਉੱਤੇ ਉਨ੍ਹਾਂ ਦਾ ਕੀ ਕਹਿਣਾ ਹੈ? ਵਰਨਣ ਯੋਗ ਹੈ ਕਿ ਡੇਰਾ ਬਾਬਾ ਨਾਨਕ ਵਿੱਚ ਗੁੱਜਰ ਭਾਈਚਾਰੇ ਦੀਆਂ ਬਹੁਤ ਵੋਟਾਂ ਹਨ। ਕੁਝ ਦਿਨ ਪਹਿਲਾਂ ਭਾਈਚਾਰੇ ਦੀਆਂ ਵੋਟਾਂ ਤੋਂ ਝਗੜਾ ਹੋਇਆ ਸੀ। ਮੰਨਿਆ ਜਾ ਰਿਹਾ ਹੈ ਕਿ ਅਕਾਲੀ ਉਮੀਦਵਾਰ ਨੇ ਇਸੇ ਕਾਰਨ ਇਹ ਬਿਆਨ ਦਿੱਤਾ ਹੈ। ਰਵੀ ਕਾਹਲੋਂ ਦਾ ਇਹ ਬਿਆਨ ਨਾਮਜ਼ਦਗੀ ਵਾਲੇ ਦਿਨ ਦਾ ਦੱਸਿਆ ਗਿਆ ਹੈ। ਇਸ ਉੱਤੇ ਅਜੇ ਤਕ ਅਕਾਲੀ ਦਲ ਜਾਂ ਰਵੀ ਕਾਹਲੋਂ ਨੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ।

# ਸਾਬਕਾ ਮੰਤਰੀ ਜਗਮੋਹਨ ਸਿੰਘ ਕੰਗ ਵੀ ਆਪ ਪਾਰਟੀ ਵਿੱਚ ਸ਼ਾਮਲ

ਚੰਡੀਗੜ੍ਹ, 3 ਫਰਵਰੀ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਪੰਜਾਬ ਕਾਂਗਰਸ ਨੂੰ ਇੱਕ ਹੋਰ ਵੱਡਾ ਝਟਕਾ ਦਿੱਤਾ ਹੈ। ਚੋਣ ਜ਼ਾਬਤਾ ਲੱਗਣ ਤੋਂ ਬਾਅਦ ਪੰਜਾਬ ਕਾਂਗਰਸ ਦੇ ਦੋ ਸੀਨੀਅਰ ਆਗੂ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਚੁੱਕੇ ਹਨ।ਕੱਲ੍ਹ ਕਾਂਗਰਸ ਨੂੰ ਓਦੋਂ ਵੱਡਾ ਝਟਕਾ ਲੱਗਾ ਜਦੋਂ ਸਾਬਕਾ ਮੰਤਰੀ ਤੇ ਤਿੰਨ ਵਾਰ ਵਿਧਾਇਕ ਰਹੇ ਜ਼ਗਮੋਹਨ ਸਿੰਘ ਕੰਗ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਦੋਵੇਂ ਬੇਟੇ ਯਾਦਵਿੰਦਰ ਸਿੰਘ ਕੰਗ ਉਰਫ਼ ਬਨੀ ਕੰਗ ਅਤੇ ਅਮਰਿੰਦਰ ਸਿੰਘ ਕੰਗ ਵੀ ‘ਆਪ' ਵਿੱਚ ਸ਼ਾਮਲ ਹੋ ਗਏ।



ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਸਹਿ-ਇੰਚਾਰਜ ਰਾਘਵ ਚੱਢਾ ਦੀ ਮੌਜੂਦਗੀ ਵਿੱਚ ਇਹ ਤਿੰਨੇ ਨੇਤਾ ਇਸ ਪਾਰਟੀ ਵਿੱਚ ਸ਼ਾਮਲ ਹੋਏ।ਜਗਮੋਹਨ ਸਿੰਘ ਕੰਗ ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਸਨ। ਉਹ 1992, 2002 ਅਤੇ 2012 ਵਿੱਚ ਵਿਧਾਇਕ ਬਣੇ ਅਤੇ 1992 ਦੀ ਸਰਕਾਰ ਵਿੱਚ ਮੰਤਰੀ ਰਹੇ ਸਨ ਅਤੇ ਉਨ੍ਹਾ ਦਾ ਖਰੜ ਅਤੇ ਆਨੰਦਪੁਰ ਸਾਹਿਬ ਖੇਤਰਾਂ ਵਿੱਚ ਕਾਫ਼ੀ ਦਬਦਬਾ ਹੈ। ਕੰਗ ਦੇ ਛੋਟੇ ਪੁੱਤਰ ਅਮਰਿੰਦਰ ਸਿੰਘ ਕੰਗ ਪੰਜਾਬ ਕਾਂਗਰਸ ਦੇ ਸੋਸ਼ਲ ਮੀਡੀਆ ਵਿੰਗ ਦੇ ਸੂਬਾ ਜਨਰਲ ਸਕੱਤਰ ਰਹੇ ਹਨ। ਵੱਡੇ ਪੁੱਤਰ ਯਾਦਵਿੰਦਰ ਸਿੰਘ ਕੰਗ ਜ਼ਿਲ੍ਹਾ ਪ੍ਰੀਸ਼ਦ (ਖਿਜਰਾਬਾਦ) ਦੇ ਮੈਂਬਰ ਹਨ।



# 300 ਕਰੋੜ ਦੇ ਬਿਟਕੁਆਇਨ ਲਈ ਕਾਰੋਬਾਰੀ ਅਗਵਾ ਕਰ ਲਿਆ

## * ਕਾਂਸਟੇਬਲ ਸਮੇਤ ਅੱਠ ਜਣੇ ਗ੍ਰਿਫਤਾਰ




ਪੁਣੇ, 3 ਫਰਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਵਿੱਚ ਇੱਕ ਵਪਾਰੀ ਅਗਵਾ ਕਰ ਕੇ ਤਿੰਨ ਸੌ ਕਰੋੜ ਰੁਪਏ ਦੀ ਬਿਟਕੁਆਇਨ ਫਿਰੌਤੀ ਵਿੱਚ ਵਸੂਲਣ ਦੇ ਦੋਸ਼ ਵਿੱਚ ਅੱਠ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪਿੰਪਰੀ-ਚਿੰਚਵਾੜ ਪੁਲਸ ਨੇ ਜਿਨ੍ਹਾਂ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ, ਉਨ੍ਹਾਂ ਵਿੱਚ ਇੱਕ ਮਹਾਰਾਸ਼ਟਰ ਪੁਲਸ ਦਾ ਕਾਂਸਟੇਬਲ ਹੈ, ਜਿਸ ਨੇ ਸਾਇਬਰ ਟਰੇ-ਨਿੰਗ ਵੀ ਲਈ ਸੀ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਕਿ ਦਲੀਪ ਖੰਡਾਰੇ ਅਸਲ ਵਿੱਚ ਪੁਣੇ ਸਾਇਬਰ ਕਰਾਈਮ ਸੈਲ ਵਿੱਚ ਕੰਮ ਕਰ ਰਿਹਾ ਸੀ। ਇਸੇ ਦੌਰਾਨ ਉਸ ਨੂੰ ਪਤਾ ਲੱਗਾ ਕਿ ਸ਼ੇਅਰ ਵਪਾਰੀ ਵਿਨੈ ਨਾਇਕ ਦੇ ਕੋਲ ਤਿੰਨ ਸੌ ਕਰੋੜ ਰੁਪਏ ਦੀ ਬਿਟਕੁਆਇਨ ਹੈ। ਇਸ ਪਿੱਛੋਂ ਉਸ ਨੇ ਇੱਕ ਹਿਸਟਰੀਸ਼ੀਟਰ ਨਾਲ ਮਿਲ ਕੇ ਵਪਾਰੀ ਨੂੰ ਅਗਵਾ ਕਰਨ ਦੀ ਸਾਜ਼ਿਸ਼ ਰਚੀ ਅਤੇ ਦੋਸ਼ੀਆਂ ਨੇ ਤਥਾਵੜੇ ਦੇ ਰਹਿਣ ਵਾਲੇ ਵਪਾਰੀ ਨੂੰ 14 ਜਨਵਰੀ ਨੂੰ ਇੱਕ ਹੋਟਲ ਤੋਂ ਅਗਵਾ ਕਰ ਲਿਆ। ਬਾਅਦ ਵਿੱਚ ਵਪਾਰੀ ਦੇ ਇੱਕ ਦੋਸਤ ਨੇ ਉਸ ਦੀ ਗੁੰਮਸ਼ੁਦਗੀ ਦਾ ਕੇਸ ਦਰਜ ਕਰਾਇਆ।ਪੁਲਸ ਅਨੁਸਾਰ ਗ੍ਰਿਫਤਾਰੀ ਦੇ ਡਰੋਂ ਦੋਸ਼ੀਆਂ ਨੇ ਪੀੜਤ ਨੂੰ ਇੱਕ ਸੁੰਨਸਾਨ ਇਲਾਕੇ ਵਿੱਚ ਛੱਡ ਦਿੱਤਾ। ਵਪਾਰੀ ਨੇ ਪੁਲਸ ਨੂੰ ਦੱਸਿਆ ਕਿ ਉਸ ਨੂੰ ਬਿਟਕੁਆਇਨ ਦੇ ਲਈ ਅਗਵਾ ਕੀਤਾ ਗਿਆ ਸੀ। ਜਾਂਚ ਸ਼ੁਰੂ ਹੋਈ ਤਾਂ ਪਤਾ ਲੱਗਾ ਕਿ ਇਸ ਵਾਰਦਾਤ ਵਿੱਚ ਪੁਲਸ ਵਾਲੇ ਸਮੇਤ ਅੱਠ ਜਣੇ ਸ਼ਾਮਲ ਸਨ। ਪੁਲਸ ਨੇ ਇਨ੍ਹਾਂ ਸਾਰਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਹਰ ਵਿਆਹ ਨੂੰ ਹਿੰਸਕ ਤੇ ਹਰ ਪੁਰਸ਼ ਨੂੰ ਬਲਾਤਕਾਰੀ ਨਹੀਂ ਕਿਹਾ ਜਾ ਸਕਦਾ: ਸਮ੍ਰਿਤੀ ਇਰਾਨੀ



ਨਵੀਂ ਦਿੱਲੀ, 3 ਫ਼ਰਵਰੀ (ਪੋਸਟ ਬਿਊਰੋ)- ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਕੱਲ੍ਹ ਰਾਜ ਸਭਾ ਵਿੱਚ ਕਿਹਾ ਕਿ ਦੇਸ਼ ਵਿੱਚ ਔਰਤਾਂ ਤੇ ਬੱਚਿਆਂ ਦੀ ਸੁਰੱਖਿਆ ਸਾਰਿਆਂ ਲਈ ਪਹਿਲ ਹੈ, ਪਰ ਹਰ ਵਿਆਹ ਨੂੰ ਹਿੰਸਕ ਅਤੇ ਹਰ ਆਦਮੀ ਨੂੰ ਬਲਾਤਕਾਰੀ ਕਰਾਰ ਦੇਣਾ ਉਚਿਤ ਨਹੀਂ।

ਪ੍ਰਸ਼ਨਕਾਲ ਦੌਰਾਨਇਰਾਨੀ ਨੇ ਕਿਹਾ ਕਿ ਵਿਆਹੁਤਾ ਜ਼ਿੰਦਗੀ ਵਿੱਚ ਜਿਨਸੀ ਹਿੰਸਾ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ ਅਤੇ ਕੋਈ ਵੀ ਇਸ ਦਾ ਸਮਰਥਨ ਨਹੀਂ ਕਰਦਾ, ਪਰ ਇਸ ਦੇਪਰਦੇ ਵਿੱਚ ਸਾਰੇ ਪੁਰਸ਼ਾਂ ਨੂੰ ਬਲਾਤਕਾਰੀ ਕਹਿਣਾ ਠੀਕ ਨਹੀਂ। ਉਹ ਸੀ ਪੀ ਆਈ ਪਾਰਲੀਮੈਂਟ ਮੈਂਬਰ ਬਿਨੌਏ ਵਿਸ਼ਵਮ ਵੱਲੋਂ ਵਿਆਹੁਤਾ ਜੀਵਨ ਵਿੱਚ ਜਿਨਸੀ ਹਿੰਸਾ ਨਾਲ ਬਾਰੇ ਇੱਕ ਸਵਾਲ ਪੁੱਛਣ ਉੱਤੇ ਉਸ ਦਾ ਜਵਾਬ ਦੇ ਰਹੀ ਸੀ। ਇਸ ਮੌਕੇ ਉਨ੍ਹਾਂ ਕਿਹਾ ਕਿ ਮੈਰੀਟਲ ਰੇਪ ਦਾ ਕੇਸ ਅਦਾਲਤ ਵਿੱਚ ਵਿਚਾਰ ਅਧੀਨ ਹੈ। ਇਸ ਸਮੇਂ ਪੂਰੇ ਭਾਰਤ ਵਿੱਚ 30 ਤੋਂ ਵੱਧ ਹੈਲਪਲਾਈਨ ਵਰਕਰ ਹਨ, ਜਿਨ੍ਹਾਂ ਨੇ 66 ਲੱਖ ਤੋਂ ਵੱਧ ਔਰਤਾਂ ਦੀ ਮੱਦਦ ਕੀਤੀ ਹੈ। ਇਸ ਤੋਂ ਬਿਨਾ ਦੇਸ਼ ਵਿੱਚ 703 'ਵਨ ਸਟਾਪ ਸੈਂਟਰ' ਕੰਮ ਕਰ ਰਹੇ ਹਨ ਅਤੇ ਇਨ੍ਹਾਂ ਤੋਂ ਪੰਜ ਲੱਖ ਔਰਤਾਂ ਨੂੰ ਮੱਦਦ ਮਿਲੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਸਭ ਸੂਬਾ ਸਰਕਾਰਾਂ ਦੇ ਸਹਿਯੋਗ ਨਾਲ ਦੇਸ਼ ਵਿੱਚ ਔਰਤਾਂ ਦੀ ਸੁਰੱਖਿਆ ਕਰਨਾ ਹੈ।

ਪਾਰਲੀਮੈਂਟ ਮੈਂਬਰ ਵਿਸ਼ਵਮ ਨੇ ਕਿਹਾ ਕਿ ਉਨ੍ਹਾਂ ਦਾ ਮਤਲਬ ਇਹ ਨਹੀਂ ਕਿ ਹਰ ਆਦਮੀ ਬਲਾਤਕਾਰੀ ਹੈ, ਇਹੀ ਸਵਾਲ ਪੁੱਛਿਆ ਸੀ ਕਿ ਕੀ ਸਰਕਾਰ ਇਸ ਮੁੱਦੇ ਉੱਤੇ ਵੇਰਵੇ ਇਕੱਠੇ ਕਰ ਕੇ ਇਸ ਨੂੰ ਜਲਦੀਪਾਰਲੀਮੈਂਟ ਵਿੱਚ ਪੇਸ਼ ਕਰ ਸਕਦੀ ਹੈ। ਇਸ ਉੱਤੇ ਮੰਤਰੀ ਨੇ ਕਿਹਾ ਕਿ ਮੈਂਬਰ ਸੁਝਾਅ ਦੇ ਰਹੇ ਹਨ ਕਿ ਕੇਂਦਰ ਸੂਬਾ ਸਰਕਾਰਾਂ ਨਾਲ ਗੱਲਬਾਤ ਕਰੇ ਅਤੇ ਉਨ੍ਹਾਂ ਤੋਂ ਰਿਕਾਰਡ ਮੰਗੇ, ਪਰ ਇਸ ਸਦਨ ਵਿੱਚ ਸੂਬਾ ਸਰਕਾਰਾਂ ਵੱਲੋਂ ਕੋਈ ਸਿਫ਼ਾਰਸ਼ ਨਹੀਂ ਕਰ ਸਕਦਾ, ਪਰ ਕੇਂਦਰ ਸਰਕਾਰ ਆਪਣਾ ਕੰਮ ਕਰ ਰਹੀ ਹੈ।

# ਬੁਲੰਦਸ਼ਹਿਰ ਵਿੱਚ ਹਾਥਰਸ ਵਾਂਗ ਗੈਂਗਰੇਪ ਮਗਰੋਂ ਲੜਕੀ ਦੀ ਹੱਤਿਆ

## * ਪੁਲਸ ਨੇ ਅੱਧੀ ਰਾਤ ਨੂੰ ਅੰਤਮ ਸੰਸਕਾਰ ਕਰਵਾਇਆ



ਬੁਲੰਦਸ਼ਹਿਰ, 3 ਫਰਵਰੀ (ਪੋਸਟ ਬਿਊਰੋ)- ਹਾਥਰਸ ਜ਼ਿਲੇ ਵਿਚਲੀ ਦਿਲ ਦਹਿਲਾ ਦੇਣ ਵਾਲੀ ਘਟਨਾ ਦੇ ਦੋ ਸਾਲ ਬਾਅਦ ਬੁਲੰਦਸ਼ਹਿਰ ਵਿੱਚ ਵੀ ਗੈਂਗਰੇਪ ਦੀ ਘਟਨਾ ਸਾਹਮਣੇ ਆਈ ਹੈ।ਇਥੇ ਖੇਤਾਂ ਵਿੱਚ ਕੰਮ ਕਰਨ ਗਈ ਲੜਕੀ ਦੀ ਗੈਂਗਰੇਪ ਤੋਂ ਬਾਅਦ ਹੱਤਿਆ ਕਰ ਦਿੱਤੀ ਗਈ ਹੈ। ਹਾਥਰਸ ਵਾਂਗ ਇਥੇ ਪੁਲਸ ਨੇ ਖੁਦ ਤਾਂ ਲਾਸ਼ ਨਹੀਂ ਸਾੜੀ ਸਗੋਂ ਪਰਵਾਰ ਨੂੰ ਧਮਕਾ ਕੇ ਅੱਧੀ ਰਾਤ ਨੂੰ ਪੀੜਤਾ ਦਾ ਅੰਤਮ ਸੰਸਕਾਰ ਕਰਨ ਲਈ ਮਜ਼ਬੂਰ ਕੀਤਾ ਹੈ।

ਬੁਲੰਦਸ਼ਹਿਰ ਅਤੇ ਅਲੀਗੜ੍ਹ ਦੀ ਸਰਹੱਦ ਉੱਤੇ ਵੱਸੇ ਪਿੰਡ ਡਿਬਾਈ-ਗਾਲਿਬਪੁਰ ਵਿੱਚ 21 ਜਨਵਰੀ ਦੇ ਇਸ ਮਾਮਲੇ ਨੂੰ ਪੁਲਸ-ਪ੍ਰਸ਼ਾਸਨ ਨੇ ਡਰਾ-ਧਮਕਾ ਕੇ ਦਬਾ ਦਿੱਤਾ ਸੀ। ਕਹਾਣੀ ਪਤਾ ਲੱਗੀ ਕਿ ਪ੍ਰੇਮ ਪ੍ਰਸੰਗ ਕਾਰਨ ਲੜਕੀ ਦੀ ਹੱਤਿਆ ਹੋਈ ਹੈ। ਲੜਕੇ ਨੇ ਖੁਦ ਨੂੰ ਵੀ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਲੜਕੀ ਦੇ ਪਰਵਾਰ ਮੁਤਾਬਕ ਡਿਬਾਈ ਗਾਲਿਬਪੁਰ ਵਿੱਚ ਉਨ੍ਹਾਂ ਦੀ 16 ਸਾਲਾ ਭਾਣਜੀ ਆਪਣੇ ਘਰੋਂ ਉਹ 21 ਜਨਵਰੀ ਨੂੰ ਘਰੋਂ ਚਾਰਾ ਲੈਣ ਗਈ ਸੀ ਅਤੇ ਦੁਪਹਿਰ ਨੂੰ ਧੋਰਊ ਪਿੰਡ ਦਾ ਸੌਰਭ ਸ਼ਰਮਾ ਅਤੇ ਉਸ ਦੇ ਤਿੰਨ ਸਾਥੀ ਉਸ ਨੂੰ ਜਬਰੀ ਉਠਾ ਕੇ ਉਸੇ ਪਿੰਡ ਟਿਊਬਵੈਲ ਉੱਤੇਲੈ ਗਏ। ਓਥੇ ਉਸ ਨਾਲ ਸਾਰਿਆਂ ਨੇ ਰੇਪ ਕੀਤਾ। ਉਸ ਤੋਂ ਬਾਅਦ ਸੌਰਭ ਨੇ ਲੜਕੀ ਦੇ ਸਿਰ ਵਿੱਚ ਗੋਲੀ ਮਾਰ ਕੇ ਉਸਦੀ ਹੱਤਿਆ ਕਰ ਦਿੱਤੀ। ਪੁਲਸ ਦੇ ਫ਼ੋਨ ਤੋਂ ਪਰਵਾਰਨੂੰ ਘਟਨਾ ਦਾ ਪਤਾ ਲੱਗਾ।ਲੜਕੀ ਦੇ ਪਰਵਾਰ ਦਾ ਦੋਸ਼ ਹੈ ਕਿ ਅਸੀਂ ਸ਼ਿਕਾਇਤ ਵਿੱਚ ਗੈਂਗਰੇਪ ਦੀ ਧਾਰਾ ਜੋੜਨ ਤੇ ਸਾਰੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਪਰ ਪੁਲਸ ਨੇ ਧਮਕਾ ਕੇ ਚੁੱਪ ਕਰਵਾ ਦਿੱਤਾ। ਸਾਨੂੰ ਰਾਤ ਨੂੰ ਲੱਗਭਗ ਅੱਠ ਵਜੇ ਲਾਸ਼ ਦੇ ਕੇ ਸੰਸਕਾਰ ਕਰਵਾ ਦਿੱਤਾ ਗਿਆ।

# ਚਾਰ ਕਰੋੜ ਰੁਪਏ ਦੀ ਨਕਲੀ ਕੋਵਿਸ਼ੀਲਡ ਤੇ ਜਾਈਕੋਵ ਡੀ ਵੈਕਸੀਨ ਬਰਾਮਦ

ਵਾਰਾਣਸੀ, 3 ਫ਼ਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਨਾਲ ਲੜਨ ਲਈ ਦੋ ਵੈਕਸੀਨ ਲਾਈਆਂ ਜਾ ਰਹੀਆਂ ਹਨ, ਇੱਕ ਕੋਵਿਸ਼ੀਲਡ ਅਤੇ ਦੂਜੀ ਕੋਵੈਕਸੀਨ, ਪਰ ਇਸ ਦੌਰਾਨ ਇਨ੍ਹਾਂ ਦਵਾਈਆਂ ਦੀਆਂ ਨਕਲੀ ਖੇਪ ਮਿਲੀ ਹੈ। ਐਸ ਟੀ ਐਫ਼ ਦੀ ਟੀਮ ਨੇ ਵਾਰਾਣਸੀ ਦੇ ਲੰਕਾ ਖੇਤਰ ਦੇ ਰੋਹਿਤ ਨਗਰ ਵਿੱਚ ਛਾਪਾ ਮਾ-ਰਿਆ ਤਾਂ ਕੋਵਿਸ਼ੀਲਡ ਅਤੇ ਜਾਈਕੋਵ ਡੀ ਦੀ ਨਕਲੀ ਵੈਕਸੀਨ ਬਰਾਮਦ ਹੋਈ ਅਤੇ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਉਤਰ ਪ੍ਰਦੇਸ਼ ਦੀ ਸਪੈਸ਼ਲ ਟਾਸਕ ਫੋਰਸ ਨੇ ਰੋਹਿਤ ਨਗਰ ਤੋਂ ਲੱਗਭਗ ਚਾਰ ਕਰੋੜ ਰੁਪਏ ਦੀ ਨਕਲੀ ਕੋਰੋਨਾ ਵੈਕਸੀਨ ਅਤੇ ਟੈਸਟਿੰਗ ਕਿਟ ਫੜੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕੋਰੋਨਾ ਮਹਾਂਮਾਰੀ ਵਿਰੁੱਧ ਇਸਤੇਮਾਲ ਹੋਣ ਵਾਲੀ ਇਸ ਨਕਲੀ ਵੈਕਸੀਨ ਨੂੰ ਉਤਰ ਪ੍ਰਦੇਸ਼ ਸਮੇਤ ਕਈ ਹੋਰ ਸੂਬਿਆਂ ਵਿੱਚ ਵੀ ਸਪਲਾਈ ਕੀਤਾ ਜਾਣਾ ਸੀ।ਐਸ ਟੀ ਐਫ਼ ਦੀ ਟੀਮ ਨੇ ਮੌਕੇ ਤੋਂ ਕੋਰੋਨਾ ਦੀ ਨਕਲੀ ਟੈਸਟਿੰਗ ਕਿਟ, ਕੋਵਿਸ਼ੀਲਡ ਅਤੇ ਜਾਈਕੋਵ ਡੀ ਦੀ ਨਕਲੀ ਵੈਕਸੀਨ ਦੇ ਨਾਲ-ਨਾਲ ਖ਼ਾਲੀ ਵਾਇਲ ਅਤੇ ਸਵਾਬ ਸਟਿਕ ਬਰਾਮਦ ਕੀਤੀ ਹੈ।

# ਕੋਲੇ ਦੀ ਨਾਜਾਇਜ਼ ਮਾਈਨਿੰਗ ਦੇ ਦੌਰਾਨ ਹਾਦਸੇ ਵਿੱਚ 12 ਦੀ ਮੌਤ



ਧਨਬਾਦ, 3 ਫਰਵਰੀ (ਪੋਸਟ ਬਿਊਰੋ)- ਝਾਰਖੰਡ ਦੇ ਧਨਬਾਦ ਦੇ ਨਿਰਸਾ ਇਲਾਕੇ ਵਿੱਚ ਕੱਲ੍ਹ ਸਵੇਰੇ ਤਿੰਨ ਥਾਵਾਂ ਉੱਤੇ ਕੋਲੇ ਦੀ ਨਾਜਾਇਜ਼ ਮਾਈਨਿੰਗ ਦੌਰਾਨ ਪੈੜ ਡਿੱਗ ਗਈ, ਜਿਸ ਨਾਲ 12 ਮਜ਼ਦੂਰਾਂ ਦੀ ਮੌਤ ਹੋ ਗਈ।

ਈ ਸੀ ਐਲ ਦੀ ਬੰਦ ਪਈ ਗੋਪੀਨਾਥਪੁਰ ਕੋਲਿਯਰੀ ਵਿੱਚ ਸਵੇਰੇ ਛੇ ਵਜੇ ਪੈੜ ਧੱਸਣ ਕਾਰਨ ਛੇ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਅੱਧੀ ਦਰਜਨ ਮਜ਼ਦੂਰ ਜ਼ਖਮੀ ਹੋ ਗਏ। ਪੰਜ ਲਾਸ਼ਾਂ ਪ੍ਰਸ਼ਾਸਨ ਨੇ ਕੱਢ ਲਈਆਂ ਹਨ। ਇੱਕ ਲਾਸ਼ ਕੋਲਾ ਤਸਕਰ ਲੈ ਕੇ ਭੱਜ ਗਏ। ਈ ਐਸ ਐਲ ਦੇ ਹੀ ਕਾਪਾਸਾਰਾ ਆਊਟਸੋਰਸਿੰਗ ਪ੍ਰੋਜੈਕਟ ਵਿੱਚ ਸਵੇਰੇ ਪੰਜ ਵਜੇ ਪੈੜ ਧੱਸ ਗਈ। ਕੋਲੇ ਦਾ ਢੇਰ ਡਿੱਗਣ ਨਾਲ ਉਸ ਵਿੱਚ ਤਿੰਨ ਮਜ਼ਦੂਰਾਂ ਦੀ ਦਬ ਕੇ ਮੌਤ ਹੋ ਗਈ। ਉਨ੍ਹਾਂ ਦੀਆਂ ਲਾਸ਼ਾਂ ਲੈ ਕੇ ਸਾਥੀ ਭੱਜ ਗਏ। ਮ੍ਰਿਤਕ ਤਿੰਨ ਮਜ਼ਦੂਰ ਸਥਾਨਕ ਨਹੀਂ, ਕਿਤੋਂ ਬਾਹਰ ਦੇ ਰਹਿਣ ਵਾਲੇ ਹਨ।

ਇਸੇ ਤਰ੍ਹਾਂ ਬੀ ਸੀ ਸੀ ਐਲ ਦੇ ਦਹੀਬਾੜੀ ਸੀ ਪੈਚ ਪ੍ਰੋਜੈਕਟ ਵਿੱਚ ਵੀ ਸਵੇਰੇ ਸੱਤ ਵਜੇ ਨਾਜਾਇਜ਼ ਮਾਈਨਿੰਗ ਦੌਰਾਨ ਪੈੜ ਡਿੱਗ ਗਈ। ਇਸ ਵਿੱਚ ਵੀ ਤਿੰਨ ਔਰਤਾਂ ਦੀ ਮੌਤ ਹੋ ਗਈ। ਇਨ੍ਹਾਂ ਦੀਆਂ ਲਾਸ਼ਾਂ ਵੀ ਉਨ੍ਹਾਂ ਦੇ ਸਾਥੀ ਨਾਲ ਲੈ ਗਏ। ਤਿੰਨੇ ਔਰਤਾਂ ਪਤਲਾਬਾੜੀ ਇਲਾਕੇ ਦੀਆਂ ਰਹਿਣ ਵਾਲੀਆਂ ਦੱਸੀਆਂ ਜਾਂਦੀਆਂ ਹਨ।

ਇਸ ਇਲਾਕੇ ਵਿੱਚ ਲਗਾਤਾਰ ਨਾਜਾਇਜ਼ ਮਾਈਨਿੰਗ ਹੋ ਰਹੀ ਹੈ। ਕੋਲਾ ਕੰਪਨੀ ਅਤੇ ਸੀ ਆਈ ਐਸ ਐਫ ਦੇ ਜਵਾਨ ਗਸ਼ਤ ਕਰਦੇ ਹਨ, ਪਰ ਬੰਦ ਖਾਣਾਂ ਵਿੱਚ ਗਸ਼ਤ ਘੱਟ ਹੁੰਦੀ ਹੈ। ਇਸ ਤੋਂ ਬਿਨਾ ਖਾਣਾਂ ਦੇ ਚਾਰੇ ਪਾਸੇ ਤਾਰਬੰਦੀ ਵੀ ਨਹੀਂ ਹੈ। ਕੋਲਾ ਚੋਰੀ ਕਰਨ ਵਾਲੇ ਆਰਾਮ ਨਾਲ ਆਪਣਾ ਕੰਮ ਕਰਦੇ ਹਨ। ਤਸਕਰੀ ਦੇ ਸਿੰਡੀਕੇਟ ਵਿੱਚ ਸ਼ਾਮਲ ਤਸਕਰ ਸਥਾਨਕ ਹਨ। ਇੱਕ ਮਜ਼ਦੂਰ ਨੂੰ ਇੱਕ ਬੋਰੀ ਕੋਲਾ ਕੱਢਣ ਉੱਤੇ 130 ਰੁਪਏ ਮਿਲਦੇ ਹਨ। ਇਸ ਵਿੱਚ ਲਗਭਗ ਪੰਜਾਹ ਕਿਲੋ ਕੋਲਾ ਹੁੰਦਾ ਹੈ। ਇੱਕ ਦਿਨ ਵਿੱਚ ਇੱਕ ਮਜ਼ਦੂਰ 15-20 ਬੋਰੀਆਂ ਕੋਲਾ ਕੱਢ ਲੈਂਦਾ ਹੈ।

# ਦਿੱਲੀ ਵਿੱਚ ਲਾਲ ਕਿਲ੍ਹੇ ਨੇੜੇ ਫਾਇਰਿੰਗ, ਤਿੰਨ ਜ਼ਖਮੀ



ਨਵੀਂ ਦਿੱਲੀ, 3 ਫਰਵਰੀ (ਪੋਸਟ ਬਿਊਰੋ)- ਉੱਤਰੀ ਦਿੱਲੀ ਵਿੱਚ ਲਾਲ ਕਿਲ੍ਹਾ ਇਲਾਕੇ ਨੇੜੇ ਰੋਡ ਰੇਜ਼ ਦੀ ਇੱਕ ਘਟਨਾ ਵਿੱਚ ਇੱਕ ਗਰੁੱਪ ਵੱਲੋਂ ਕੀਤੀ ਗੋਲੀਬਾਰੀ ਵਿੱਚ ਤਿੰਨ ਜਣੇ ਜ਼ਖਮੀ ਹੋ ਗਏ।

ਪੁਲਸ ਨੇ ਦੱਸਿਆ ਕਿ ਜ਼ਖਮੀਆਂ ਦੀ ਪਛਾਣ ਆਬਿਦ, ਅਮਨ ਅਤੇ ਦਿਫਰਾਜ ਵਜੋਂ ਹੋਈ ਹੈ। ਤਿੰਨਾਂ ਦੇ ਪੈਰ, ਪੱਟ ਤੇ ਪਿੱਠ ਵਿੱਚ ਗੋਲੀ ਲੱਗੀ ਹੈ ਅਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਭਰਤੀ ਕਰਾਇਆ ਗਿਆ ਹੈ। ਡਾਕਟਰਾਂ ਅਨੁਸਾਰ ਉਨ੍ਹਾਂ ਦੀ ਹਾਲਤ ਠੀਕ ਹੈ।ਪੁਲਸ ਅਧਿਕਾਰੀ ਮੁਤਾਬਕ ਘਟਨਾ ਸੋਮਵਾਰ ਰਾਤ ਹੋਈ, ਜਦ ਮੋਟਰ ਪਾਰਟਸ ਦੀ ਸਪਲਾਈ ਕਰਨ ਵਾਲੇ ਮੁਹੰਮਦ ਸ਼ਾਹਿਦ ਆਪਣੀ ਪਤਨੀ ਨਾਲ ਰਾਤ ਦਾ ਖਾਣਾ ਖਾ ਕੇ ਘਰ ਜਾ ਰਹੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਸ਼ਾਹਿਦ ਜਦ ਅੰਗੂਰੀ ਬਾਗ ਇਲਾਕੇ ਵਿੱਚ ਆਪਣੇ ਘਰ ਦੇ ਨੇੜੇ ਪਹੁੰਚੇ ਤਾਂ ਉਲਟ ਦਿਸ਼ਾ ਤੋਂ ਮੋਟਰ ਸਾਈਕਲ ਉਤੇ ਸਵਾਰ ਦੋ ਵਿਅਕਤੀ ਦਾ ਵਾਹਨ ਹਾਦਸੇ ਕਾਰਨ ਉਨ੍ਹਾਂ ਦੋਪਹੀਆ ਵਾਹਨ ਨਾਲ ਟਕਰਾ ਗਿਆ ਅਤੇ ਸ਼ਾਹਿਦ ਦੇ ਵਾਹਨ ਨੂੰ ਥੋੜ੍ਹਾ ਨੁਕਸਾਨ ਪਹੁੰਚਿਆ ਅਤੇ ਦੋਵਾਂ ਧਿਰਾਂ ਦੀ ਬਹਿਸ ਹੋ ਗਈ। ਸ਼ਾਹਿਦ ਨੇ ਦੋਵਾਂ ਮੋਟਰ ਸਾਈਕਲ ਸਵਾਰਾਂ ਤੋਂ ਆਪਣੇ ਵਾਹਨ ਦੀ ਮੁਰੰਮਤ ਕਰਾਉਣ ਨੂੰ ਕਿਹਾ। ਇਸ ਦੌਰਾਨ ਅੰਗੂਰੀ ਬਾਗ ਇਲਾਕੇ ਦੇ ਕਈ ਲੋਕ ਘਟਨਾ ਵਾਲੀ ਥਾਂ ਇਕੱਠੇ ਹੋ ਗਏ। ਸਥਾਨਕ ਲੋਕਾਂ ਨੇ ਸ਼ਾਹਿਦ ਦੇ ਵਾਹਨ ਵਿੱਚ ਟੱਕਰ ਮਾਰਨ ਵਾਲੇ ਨੌਜਵਾਨਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਘੇਰ ਲਿਆ। ਉਨ੍ਹਾਂ ਦੱਸਿਆ ਕਿ ਘਟਨਾ ਵਾਲੀ ਜਗ੍ਹਾ ਤੋਂ ਭੱਜਣ ਲਈ ਨੌਜਵਾਨਾਂ ਨੇ ਗੋਲੀ ਚਲਾ ਦਿੱਤੀ।

# ਭਾਰਤ ਦੇ ਨਵੇਂ ਬੱਜਟ ਨਾਲ ਇਨਕਮ ਟੈਕਸ ਰਿਟਰਨ ਦੀ ਗਲਤੀ ਦੋ ਸਾਲ ਤਕ ਵੀ ਸੁਧਾਰੀ ਜਾ ਸਕੇਗੀ




ਨਵੀਂ ਦਿੱਲੀ, 3 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਬਜਟ ਵਿੱਚ ਟੈਕਸ ਢਾਂਚੇਤੇ ਸਿਸਟਮ ਦੇ ਸਰਲੀਕਰਨ ਅਤੇ ਉਸ ਨੂੰ ਭਰੋਸੇਮੰਦ ਬਣਾਉਣ ਦੀ ਦਿਸ਼ਾ ਵਿੱਚ ਕਦਮ ਚੁੱਕਿਆ ਹੈ। ਵਿੱਤ ਮੰਤਰੀ ਨੇ ਕਿਹਾ ਕਿ ਮੱਧਮ ਵਰਗ ਹਰ ਜਗ੍ਹਾ ਉੱਤੇ ਹੈ ਅਤੇ ਬਜਟ ਵਿੱਚ ਇਸ ਵਾਰੀ ਕਿਸਾਨ ਤੋਂ ਲੈ ਕੇ ਛੋਟੇ ਉਦਯੋਗਪਤੀ (ਐਮ ਐਸ ਐਮ ਈ) ਤਕ ਸਭ ਦਾ ਧਿਆਨ ਰੱਖਿਆ ਗਿਆਹੈ। ਉਨ੍ਹਾਂ ਕਿਹਾ ਕਿ ਬਜਟ ਵਿੱਚ ਇਨਕਮ ਟੈਕਸ ਸਲੈਬ ਦਾ ਬਦਲਾਅ ਨਹੀਂ ਕੀਤਾ ਗਿਆ, ਪ੍ਰੰਤੂ ਸਾਰੇ ਟੈਕਸਦਾਤਿਆਂ ਨੂੰ ਦੇਸ਼ ਉਸਾਰੀ ਵਿੱਚ ਉਨ੍ਹਾਂ ਦੇ ਯੋਗਦਾਨ ਦੇ ਲਈ ਧੰਨਵਾਦ ਦਿੱਤਾ ਹੈ।

ਬਜਟ ਵਿੱਚ ਇਨਕਮ ਟੈਕਸ ਰਿਟਰਨ ਭਰਨ ਵਿੱਚ ਗਲਤੀ ਨੂੰ ਸੁਧਾਰਨ ਲਈ ਨਿਯਮ ਬਦਲੇ ਗਏ ਹਨ। ਟੈਕਸ ਦੀ ਜਾਣਕਾਰੀ ਨਹੀਂ ਦਿੱਤੀ ਗਈ ਤਾਂ ਬਾਅਦ ਵਿੱਚ ਵੀ ਇਨਕਮ ਟੈਕਸ ਦਾਤਾ ਆਪਣੀ ਇਨਕਮ ਬਾਰੇ ਸੂਚਨਾ ਅਪਡੇਟ ਕਰ ਸਕੇਗਾ। ਨਵੇਂ ਨਿਯਮ ਮੁਤਾਬਕ ਇਨਕਮ ਟੈਕਸਦਾਤਾ ਨੂੰ ਜੇ ਲੱਗਦਾ ਹੈ ਕਿ ਉਸ ਨੇ ਰਿਟਰਨ ਭਰਨ ਵਿੱਚ ਗਲਤੀ ਕੀਤੀ ਹੈ ਅਤੇ ਦਿੱਤਾ ਇਨਕਮ ਟੈਕਸ ਘੱਟ ਹੈ ਤਾਂ ਉਹ ਰਿਟਰਨ ਨੂੰ ਦੋ ਸਾਲ ਤਕ ਅਪਡੇਟ ਕਰ ਸਕਦਾ ਹੈ ਤੇ ਜ਼ਰੂਰਤ ਦੇ ਹਿਸਾਬ ਨਾਲ ਉਹ ਵਾਧੂ ਟੈਕਸ ਦੇ ਦੇਵੇਗਾ। ਅੱਜਕੱਲ੍ਹ ਜੇ ਕੋਈ ਇਨਕਮ ਟੈਕਸ ਦਾਤਾ ਰਿਟਰਨ ਦਾਖਲ ਕਰਦਾ ਹੈ ਅਤੇ ਉਸ ਵਿੱਚ ਉਹ ਆਪਣੀ ਕਿਸੇ ਆਮਦਨ ਦੀ ਜਾਣਕਾਰੀ ਨਹੀਂ ਦੇ ਸਕਿਆ ਅਤੇ ਇਨਕਮ ਟੈਕਸ ਵਿਭਾਗ ਉਸ ਨੂੰ ਫੜ ਲੈਂਦਾ ਹੈ ਤਾਂ ਉਸ ਨੂੰ ਠੀਕ ਕਰਨ ਵਿੱਚ ਲੰਬੀ ਪ੍ਰਕਿਰਿਆ ਦਾ ਸਾਹਮਣਾ ਕਰਨਾ ਪੈਂਦਾ ਹੈ।ਨਵੇਂ ਨਿਯਮ ਮੁਤਾਬਕ ਟੈਕਸ ਦਾਤਾ ਆਪਣੀ ਇੱਛਾ ਦੱਸ ਕੇ ਐਲਾਨ ਕਰ ਕੇ ਝੰਜਟ ਤੋਂ ਮੁਕਤ ਹੋ ਸਕਦਾ ਹੈ। ਸਿਰਫ ਉਸ ਨੂੰ ਇਹ ਦੱਸਣਾ ਹੋਵੇਗਾ ਕਿ ਗਲਤੀ ਨਾਲ ਉਹ ਆਪਣੀ ਆਮਦਨ ਦੀ ਜਾਣਕਾਰੀ ਨਹੀਂ ਦੇ ਸਕਿਆ, ਜਿਸ ਦਾ ਐਲਾਨ ਉਹ ਅੱਜ ਕਰ ਰਿਹਾ ਹੈ। ਵਿੱਤ ਮੰਤਰਾਲੇ ਅਨੁਸਾਰ ਅਜਿਹੇ ਮਾਮਲਿਆਂ ਵਿੱਚ ਬਹੁਤੇ ਉਹ ਲੋਕ ਆਉਂਦੇ ਹਨ, ਜੋ ਜ਼ਿਆਦਾ ਟੈਕਸ ਦਿੰਦੇ ਹਨ।

# ਦਿੱਲੀ ਸਰਕਾਰ ਸਮੂਹਿਕ ਬਲਾਤਕਾਰ ਦੀ ਪੀੜਤਾ ਨੂੰ 10 ਲੱਖ ਦੇਵੇਗੀ



ਨਵੀਂ ਦਿੱਲੀ, 3 ਫਰਵਰੀ (ਪੋਸਟ ਬਿਊਰੋ)- ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਸਤੂਰਬਾ ਨਗਰ ਵਿੱਚ ਸਮੂਹਿਕ ਬਲਾਤਕਾਰ ਦੀ ਸ਼ਿਕਾਰ ਲੜਕੀ ਨੂੰ 10 ਲੱਖ ਰੁਪਏ ਦੀ ਆਰਥਿਕ ਮਦਦ ਦੇਣ ਦਾ ਐਲਾਨ ਕੀਤਾ ਹੈ।

ਇਸ ਸੰਬੰਧ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਰਕਾਰ ਇਸ ਕੇਸ ਵਿੱਚ ਸਮਰੱਥ ਵਕੀਲ ਨਿਯੁਕਤ ਕਰੇਗੀ। ਇਹ ਕੇਸ ਫਾਸਟ ਟਰੈਕ ਕੋਰਟ ਵਿੱਚ ਚਲਾਇਆ ਜਾਏਗਾ, ਤਾਂ ਕਿ ਪੀੜਤਾ ਨੂੰ ਛੇਤੀ ਇਨਸਾਫ ਮਿਲੇ। ਪਿਛਲੇ ਹਫਤੇ ਪੂਰਬੀ ਦਿੱਲੀ ਦੇ ਕਸਤੂਰਬਾ ਨਗਰ ਵਿੱਚ ਹਮਲਾਵਰਾਂ ਨੇ ਵਿਆਹੁਤਾ ਵੀਹ ਸਾਲਾ ਲੜਕੀ ਨੂੰ ਅਗਵਾ ਕਰ ਕੇ ਉਸ ਨਾਲ ਸਮੂਹਿਕ ਬਲਾਤਕਾਰ ਕਰਨ ਦੇ ਬਾਅਦ ਉਸ ਨੂੰ ਨੰਗੇ ਕਰ ਕੇ ਕਾਲੋਨੀ ਵਿੱਚ ਘੁਮਾਇਆ ਗਿਆ ਸੀ। ਇਸ ਬਾਰੇ ਕੇਜਰੀਵਾਲ ਨੇ ਟਵੀਟ ਕੀਤਾ ਕਿ ਮੈਂ ਇਸ ਬੇਟੀ ਦੀ ਮਦਦ ਲਈ 10 ਲੱਖ ਰੁਪਏ ਦੀ ਆਰਥਿਕ ਮਦਦ ਦਾ ਹੁਕਮ ਦਿੱਤਾ ਹੈ। ਪੁਲਸ ਨੇ ਅਜੇ ਤਕ 8 ਔਰਤਾਂ ਅਤੇ ਇੱਕ ਪੁਰਸ਼ ਦੇ ਇਲਾਵਾ ਤਿੰਨ ਲੜਕਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

# ਦਿੱਲੀ ਦੰਗੇ ਮਾਮਲੇ ਵਿਚ ਬਜ਼ੁਰਗ ਔਰਤ ਦੇ ਕਤਲ ਕੇਸ ਵਿੱਚ ਦੋ ਦੋਸ਼ੀਆਂ ਨੂੰ ਜ਼ਮਾਨਤ



ਨਵੀਂ ਦਿੱਲੀ, 3 ਫਰਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਸਾਲ 2020 ਵਿੱਚ ਉਤਰ ਪੂਰਬੀ ਦਿੱਲੀ ਵਿੱਚ ਹੋਏ ਦੰਗਿਆਂ ਦੌਰਾਨ ਬਜ਼ੁਰਗ ਔਰਤ ਦੀ ਹੱਤਿਆ ਦੇ ਕੇਸ ਵਿੱਚ ਕੱਲ੍ਹ ਦੋ ਦੋਸ਼ੀਆਂ ਨੂੰ ਜ਼ਮਾਨਤ ਦੇ ਦਿੱਤੀ।

ਜਸਟਿਸ ਸੁਬਰਾਮਨੀਅਮ ਪ੍ਰਸਾਦ ਨੇ ਦੋਸ਼ੀ ਅਰੁਣ ਕੁਮਾਰ ਅਤੇ ਰਵੀ ਕੁਮਾਰ ਨੂੰ ਰਾਹਤ ਦੇ ਦਿੱਤੀ, ਪਰ ਕੇਸ ਦੇ ਤੀਸਰੇ ਦੋਸ਼ੀ ਵਿਸ਼ਾਲ ਸਿੰਘ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਉਤਰ ਪੂਰਬੀ ਦਿੱਲੀ ਦੇ ਭਜਨਪੁਰਾ ਥਾਣੇ ਵਿੱਚ ਦਰਜ 85 ਸਾਲਾ ਅਕਬਰੀ ਬੇਗ਼ਮ ਦੀ ਹੱਤਿਆ ਦੇ ਕੇਸ ਵਿੱਚ ਇਹ ਦੋਸ਼ੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ। ਇਸ ਬਾਰੇ ਸਰਕਾਰੀ ਪੱਖ ਅਨੁਸਾਰ ਭਜਨਪੁਰਾ ਦੀ ਵਸਨੀਕ ਔਰਤ ਆਪਣੇ ਘਰ ਵਿੱਚ ਸੀ। ਭੀੜ ਨੇ ਉਨ੍ਹਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਸਰਕਾਰੀ ਪੱਖ ਨੇ ਦੋਸ਼ ਲਾਇਆ ਕਿ ਪਰਵਾਰ ਦੇ ਬਾਕੀ ਮੈਂਬਰ ਖੁਦ ਨੂੰ ਬਚਾਉਣ ਲਈ ਛੱਤ ਉੱਤੇ ਚੜ੍ਹ ਗਏ, ਜਦ ਕਿ ਬੇਗ਼ਮ ਆਪਣੀ ਵਡੇਰੀ ਉਮਰ ਕਾਰਨ ਪੌੜੀ ਉਪਰ ਨਹੀਂ ਚੜ੍ਹ ਸਕੀ ਤੇ ਦੂਸਰੀ ਮੰਜ਼ਿਲ ਦੇ ਕਮਰੇ ਵਿੱਚ ਹੀ ਰਹਿ ਗਈ ਅਤੇ ਸਾਹ ਘੁੱਟਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਇਸ ਸਬੰਧ ਵਿੱਚ ਕਤਲ, ਕਤਲ ਦੀ ਕੋਸ਼ਿਸ਼, ਡਕੈਤੀ ਅਤੇ ਦੰਗਾ ਸਮੇਤ ਭਾਰਤੀ ਦੰਡਾਵਾਲੀ (ਆਈ ਪੀ ਸੀ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐਫ ਆਈ ਆਰ ਦਰਜ ਕੀਤੀ ਗਈ ਸੀ।



# ਗਰੀਸ-ਤੁਰਕੀ ਸਰਹੱਦ ਉੱਤੇ 12 ਪ੍ਰਵਾਸੀਆਂ ਦੀਆਂ ਲਾਸ਼ਾਂ ਬਰਾਮਦ




ਅੰਕਾਰਾ, 3 ਫਰਵਰੀ (ਪੋਸਟ ਬਿਊਰੋ)- ਤੁਰਕੀ ਦੇ ਗ੍ਰਹਿ ਮੰਤਰੀ ਨੇ ਦੱਸਿਆ ਕਿ ਅਧਿਕਾਰੀਆਂ ਨੇ ਪ੍ਰਵਾਸੀਆਂ ਦੀਆਂ 12 ਲਾਸ਼ਾਂ ਬਰਾਮਦ ਕੀਤੀਆਂ ਹਨ, ਜਿਨ੍ਹਾਂ ਬਾਰੇ ਮੰਨਿਆ ਜਾ ਰਿਹਾ ਹੈ ਕਿ ਇਹ ਲੋਕ ਗਰੀਸ ਨਾਲ ਲੱਗਦੀ ਤੁਰਕੀ ਦੀ ਸਰਹੱਦ ਦੇ ਨੇੜੇ ਤੁਰਕੀ ਵਿੱਚ ਵਾਪਸ ਧੱਕੇ ਜਾਣ ਤੋਂ ਬਾਅਦ ਬਰਫ਼ ਵਿੱਚ ਜੰਮ ਕੇ ਮਰ ਗਏ ਹਨ।

ਗ੍ਰਹਿ ਮੰਤਰੀ ਨੇ ਟਵੀਟ ਕਰਕੇ ਦੱਸਿਆ ਕਿ ਇਹ 12 ਲੋਕ ਉਨ੍ਹਾਂ 22 ਪ੍ਰਵਾਸੀਆਂ ਵਿੱਚੋਂ ਹਨ, ਜਿਨ੍ਹਾਂ ਨੂੰ ਗਰੀਸ ਦੇ ਸਰਹੱਦੀ ਗਾਰਡਾਂ ਨੇ ਤੁਰਕੀ ਵਾਪਸ ਧੱਕ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪ੍ਰਵਾਸੀਆਂ ਦੀਆਂ ਲਾਸ਼ਾਂ ਤੁਰਕੀ ਅਤੇ ਗਰੀਸ ਦੀ ਸਰਹੱਦ ਉੱਤੇ ਇਪਸਲਾ ਬਾਰਡਰ ਕ੍ਰਾਸਿੰਗ ਨੇੜੇ ਬਿਨਾਂ ਜੁੱਤੀਆਂ ਤੇ ਕੱਪੜਿਆਂ ਤੋਂ ਮਿਲੀਆਂ ਹਨ। ਮੰਤਰੀ ਨੇ ਹੋਰ ਵੇਰਵੇ ਨਹੀਂ ਦਿੱਤੇ, ਪਰ ਯੂਨਾਨੀ ਸਰਹੱਦੀ ਇਕਾਈਆਂ ਉੱਤੇ ਬੇਰਹਿਮੀ ਨਾਲ ਕੰਮ ਕਰਨ ਅਤੇ ਯੂਰਪੀਅਨ ਯੂਨੀਅਨ ਉੱਤੇ ਗਰੀਸ ਪ੍ਰਤੀ ਨਰਮ ਰਹਿਣ ਦਾ ਦੋਸ਼ ਲਗਾਇਆ ਹੈ। ਤੁਰਕੀ ਅਕਸਰ ਗੁਆਂਢੀ ਦੇਸ਼ ਗਰੀਸ ਉੱਤੇ ਗੈਰ-ਕਾਨੂੰਨੀ ਤੌਰ ਉੱਤੇ ਯੂਰਪ ਜਾਣ ਵਾਲੇ ਚਾਹਵਾਨ ਪ੍ਰਵਾਸੀਆਂ ਨੂੰ ਪਿੱਛੇ ਧੱਕਣ ਦਾ ਦੋਸ਼ ਲਗਾਉਂਦਾ ਹੈ, ਜਦੋਂ ਕਿ ਗਰੀਸ ਦੋਸ਼ਾਂ ਤੋਂ ਇਨਕਾਰ ਕਰਦਾ ਹੈ। ਵਰਨਣ ਯੋਗ ਹੈ ਕਿ ਯੂਰਪੀਨ ਯੂਨੀਅਨ ਦੇ ਦੇਸ਼ਾਂ ਵਿੱਚ ਬਿਹਤਰ ਜੀਵਨ ਦੀ ਤਲਾਸ਼ ਵਿੱਚ ਮੱਧ ਪੂਰਬ, ਏਸ਼ੀਆ ਅਤੇ ਅਫਰੀਕਾ ਦੇ ਪ੍ਰਵਾਸੀਆਂ ਲਈ ਤੁਰਕੀ ਇੱਕ ਪ੍ਰਮੁੱਖ ਕਰਾਸਿੰਗ ਪੁਆਇੰਟ ਹੈ। ਜ਼ਿਆਦਾਤਰ ਲੋਕ ਜਾਂ ਤਾਂ ਉਤਰ-ਪੂਰਬੀ ਜ਼ਮੀਨੀ ਸਰਹੱਦ ਨੂੰ ਪਾਰ ਕਰਕੇ ਜਾਂ ਪੂਰਬੀ ਏਜੀਅਨ ਸਾਗਰ ਟਾਪੂਆਂ ਵੱਲ ਜਾਣ ਵਾਲੀਆਂ ਤਸਕਰੀ ਵਾਲੀਆਂ ਕਿਸ਼ਤੀਆਂ ਵਿੱਚ ਚੜ੍ਹ ਕੇ ਗਰੀਸ ਵਿੱਚ ਜਾਣ ਦੀ ਕੋਸ਼ਿਸ਼ ਕਰਦੇ ਹਨ।

# ਰੂਸ ਨਾਲ ਸੰਭਾਵੀ ਜੰਗ ਵਿੱਚ ਯੂਕਰੇਨੀ ਲੋਕ ਛਾਪੇਮਾਰ ਰਣਨੀਤੀ ਦੀ ਤਿਆਰੀ ਵਿੱਚ



ਖਾਰਕੀਵ, 3 ਫ਼ਰਵਰੀ (ਪੋਸਟ ਬਿਊਰੋ)- ਯੂਕਰੇਨ ਉੱਤੇ ਰੂਸ ਦਾ ਹਮਲਾ ਹੋਣ ਦੀ ਸੂਰਤ ਵਿੱਚ ਲੋਕ ਹਰ ਹਾਲ ਦੇਸ਼ ਦੀ ਰੱਖਿਆ ਕਰਨ ਅਤੇ ਛਾਪਮਾਰ ਯੁੱਧ ਦੀ ਸਕੀਮ ਬਣਾ ਰਹੇ ਹਨ।

ਵਰਨਣ ਯੋਗ ਹੈ ਕਿ ਯੂਕਰੇਨ ਦੀ ਸਰਹੱਦ ਉੱਤੇ ਜਿੱਥੇ ਰੂਸ ਦੇ ਹਜ਼ਾਰਾਂ ਫ਼ੌਜੀ ਇਕੱਠੇ ਹੋਏ ਹਨ, ਉਥੋਂ ਦੇਸ਼ ਦਾ ਪ੍ਰਮੁੱਖ ਸ਼ੀਹਰ ਖਾਰਕੀਵ ਸਿਰਫ਼ 40 ਕਿਲੋਮੀਟਰ ਦੂਰ ਹੈ। ਇਹ ਯੂਕਰੇਨ ਦਾ ਦੂਜਾ ਸਭ ਤੋਂ ਵੱਡਾ ਅਤੇ ਉਦਯੋਗਿਕ ਕੇਂਦਰ ਹੈ ਅਤੇ ਹਾਲਾਤ ਤਣਾਅ ਪੂਰਨ ਹਨ।ਖਾਰਕੀਵ ਦੇ ਲੋਕਾਂ ਦੀ ਰਾਏ ਵੰਡੀ ਹੋਈ ਹੈ, ਕੁਝ ਯੂਕਰੇਨ ਦੇ ਪੱਖ ਵਿੱਚ ਹਨ ਤਾਂ ਕੁਝ ਰੂਸ ਦੇ ਪੱਖ ਵਿੱਚ। ਇਨ੍ਹਾਂ ਵਿੱਚੋਂ ਕੁਝ ਰੂਸ ਨਾਲ ਡਟ ਕੇ ਮੁਕਾਬਲਾ ਕਰਨ ਅਤੇ ਕੁਝ ਆਪਣਾ ਜੀਵਨ ਸ਼ਾਂਤੀ ਨਾਲ ਜਿਉਣ ਦੀ ਗੱਲ ਕਹਿੰਦੇ ਹਨ। 10 ਲੱਖ ਤੋਂ ਵੱਧ ਆਬਾਦੀ ਵਾਲੇ ਇਸ ਸ਼ਹਿਰ ਦੇ ਕੁੱਝ ਲੋਕਾਂ ਦਾ ਕਹਿਣਾ ਹੈ ਕਿ ਜੇ ਰੂਸ ਹਮਲਾ ਕਰਦਾ ਹੈ ਤਾਂ ਉਹ ਆਮ ਨਾਗਰਿਕ ਜੀਵਨ ਤਿਆਗ ਕੇ ਰੂਸੀ ਫ਼ੌਜੀਆਂ ਵਿਰੁੱਧ ਛਾਪਮਾਰ ਯੁੱਧ ਕਰਨਗੇ। ਉਨ੍ਹਾਂ ਦਾ ਮੰਨਣਾ ਹੈ ਕਿ ਦੇਸ਼ ਦੇ ਬਹੁਤ ਸਾਰੇ ਨਾਗਰਿਕ ਇਹੀ ਕਰਨਗੇ।ਟੇਬਲ ਟੈਨਿਸ ਕੋਚ ਵਿਟੋਰੀਆ ਬਾਲੇਸਿਨਾ ਕਹਿੰਦੀ ਹੈ,''ਇਸ ਸ਼ਹਿਰ ਦੀ ਰਾਖੀ ਹੋਣੀ ਚਾਹੀਦੀ ਹੈ। ਸਾਨੂੰ ਕੁਝ ਕਰਨ ਦੀ ਲੋੜ ਹੈ, ਨਾ ਕਿ ਡਰਨ ਦੀ ਜਾਂ ਗੋਡੇ ਟੇਕਣ ਦੀ।'' ਜਾਣਕਾਰਾਂ ਅਤੇ ਅਮਰੀਕੀ ਖ਼ੁਫ਼ੀਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੰਦਾਂ ਦੇ ਡਾਕਟਰਾਂ, ਕੋਚਾਂ, ਸੁਆਣੀਆਂ ਦਾ ਅਜਿਹੇ ਸ਼ਹਿਰ ਵਿੱਚ ਛਾਪਮਾਰ ਯੁੱਧ ਕਰਨਾ, ਜਿੱਥੇ ਜ਼ਮੀਨ ਦੇ ਹੇਠਾਂ ਲੁਕਣ ਲਈ ਹਜ਼ਾਰਾਂ ਠਿਕਾਣੇ ਹਨ, ਰੂਸੀ ਫ਼ੌਜੀ ਯੋਜਨਾਕਾਰਾਂ ਲਈ ਬੁਰਾ ਤਜ਼ਰਬਾ ਸਾਬਤ ਹੋ ਸਕਦਾ ਹੈ।

### ਪਾਕਿਸਤਾਨੀ ਮਾਹਰਾਂ ਦਾ ਇਮਰਾਨ ਉੱਤੇ ਵਿਅੰਗ

# ਭੀਖ ਦਾ ਕਟੋਰਾ ਲੈ ਕੇ ਦੁਨੀਆ ਭਰ ਤੋਂ ਕਰਜ਼ਾ ਮੰਗ ਰਿਹੈ

ਇਸਲਾਮਾਬਾਦ, 3 ਫ਼ਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਦੁਨੀਆ ਵਿੱਚ ਘੁੰਮ-ਘੁੰਮ ਕੇ ਭੀਖ ਦਾ ਕਟੋਰਾ ਲੈ ਕੇ ਆਰਥਿਕ ਮਦਦ ਮੰਗਣ ਲਈ ਮਾਹਰ ਉਨ੍ਹਾਂ ਦੀ ਸਖ਼ਤ ਆਲੋਚਨਾ ਕਰਦੇ ਹਨ। ਉਨ੍ਹਾਂ ਦੀ ਬੇਹਿਸਾਬ ਕਰਜ਼ਾ ਲੈਣ ਦੀ ਆਦਤ ਨੇ ਲੋਕਾਂ ਨੂੰ ਮਹਿੰਗਾਈ ਦੇ ਬੋਝ ਹੇਠ ਦੱਬ ਦਿੱਤਾ ਹੈ। ਸਿਆਸੀ ਮਾਹਰ ਸ਼ੱਬੀਰ ਚੌਧਰੀ ਨੇ ਆਪਣੇ ਬਲਾਗ ਵਿੱਚ ਲਿਖਿਆ ਹੈ ਕਿ ਹੱਥ ਵਿੱਚ ਭੀਖ ਦਾ ਕਟੋਰਾ ਫੜ ਕੇਪਾਕਿਸਤਾਨ ਇੱਕ ਵਾਰ ਫਿਰ ਵੱਡੇ ਦੌਰ ਵਿੱਚੋਂ ਲੰਘ ਰਿਹਾ ਹੈ। ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਨ ਪਿੱਛੋਂ ਇਮਰਾਨ ਖ਼ਾਨ ਨੇ ਧਨ ਇਕੱਠਾ ਕਰਨ ਦੀ ਆਪਣੀ ਕਲਾ ਦਾ ਬਹੁਤ ਚੰਗੀ ਤਰ੍ਹਾਂ ਇਸਤੇਮਾਲ ਕੀਤਾ ਹੈ ਤੇ ਇਸ ਲਈ ਉਹ ਕਦੀ ਵੀ ਆਪਣਾ ਭੀਖ ਦਾ ਕਟੋਰਾ ਵਾਪਸ ਖ਼ਾਲੀ ਲੈ ਕੇ ਨਹੀਂ ਪਰਤੇ। ਚੌਧਰੀ ਨੇ ਇਮਰਾਨ ਖ਼ਾਨ ਦੀ ਜੁਗਤ ਦਾ ਮਜ਼ਾਕ ਬਣਾ ਕੇ ਕਿਹਾ ਕਿ ਇਸ ਕੋਲ ਧਨ ਉਗਰਾਹੀ ਦਾ ਚੰਗਾ ਤਜਰਬਾ ਹੈ। ਇਹ ਸਮਾਰਟ, ਗੱਲ ਮਨਵਾਉਣ ਵਿੱਚ ਉਸਤਾਦ ਅਤੇ ਸ਼ਾਤਿਰ ਹੈ। ਬੀਤੇ ਸੱਤ ਦਹਾਕਿਆਂ ਤੋਂ ਗ਼ਰੀਬਾਂ ਲਈ ਧਨ 'ਕੱਠਾ ਰਹੇ ਵਿਸ਼ਵ ਪ੍ਰਸਿੱਧ ਸੰਗਠਨ ਈਦੀ ਫ਼ਾਊਂਡੇਸ਼ਨ ਦੀ ਮਿਸਾਲ ਦੇ ਕੇ ਉਨ੍ਹਾ ਕਿਹਾ ਕਿ ਇਮਰਾਨ ਖ਼ਾਨ ਈਦੀ ਫ਼ਾਊਂਡੇਸ਼ਨ ਦੇ ਮੁਖੀ ਫ਼ੈਸਲ ਈਦੀ ਨੂੰ ਮਿਲਣ ਗਏ ਤੇ ਉਨ੍ਹਾਂ ਨੂੰ ਗ਼ਰੀਬਾਂ ਲਈ ਧਨ ਦੇਣ ਦੀ ਬਜਾਏ ਉਨ੍ਹਾਂ ਤੋਂ ਇੱਕ ਕਰੋੜ ਰੁਪਏ ਝਟਕ ਲਏ। ਇਮਰਾਨ ਖ਼ਾਨ ਦਾ ਮਜ਼ਾਕ ਉਡਾਉਂਦੇ ਹੋਏ ਚੌਧਰੀ ਨੇ ਕਿਹਾ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਉਹ ਕਿੰਨੇ ਵੱਡੇ ਫ਼ੰਡ ਰੇਜ਼ਰ ਹਨ।

## ਅਸਮਾਨੀ ਬਿਜਲੀ 769 ਕਿਲੋਮੀਟਰ ਦੂਰ ਤਕ ਚਮਕਣ ਦਾ ਰਿਕਾਰਡ ਬਣ ਗਿਆ

ਨਿਊਯਾਰਕ, 3 ਫਰਵਰੀ (ਪੋਸਟ ਬਿਊਰੋ)-ਅਮਰੀਕਾ ਦੇ ਤਿੰਨ ਰਾਜਾਂ ਵਿੱਚ2020 ਵਿੱਚ ਵਿਸ਼ਵ ਮੌਸਮ ਵਿਗਿਆਨ ਸੰਗਠਨ (ਡਬਲਯੂ ਐਮ ਓ) ਨੇ ਲੱਗਭਗ 769 ਕਿਲੋਮੀਟਰ ਦੂਰ ਤਕ ਜਾਂ ਲੰਡਨ ਤੋਂ ਜਰਮਨੀ ਦੇ ਸ਼ਹਿਰ ਹੈਂਬਰਗ ਵਿਚਾਲੇ ਦੂਰੀ ਦੇ ਬਰਾਬਰ ਬਿਜਲੀ ਚਮਕਣ ਦੀ ਘਟਨਾ ਨੂੰ ਰਿਕਾਰਡ ਦੇ ਰੂਪ ਵਿੱਚ ਐਲਾਨ ਕੀਤਾ ਹੈ।

ਯੂ ਐੱਨ ਓ ਦੀ ਇੰਟਰ ਸਰਕਾਰੀ ਏਜੰਸੀ ਦੇ ਮਾਹਰਾਂ ਨੇ ਦੱਸਿਆ ਕਿ 29 ਅਪ੍ਰੈਲ 2020 ਨੂੰ ਬਿਜਲੀ ਦੀ ਚਮਕ ਦੱਖਣੀ ਅਮਰੀਕਾ ਵਿੱਚ ਮਿਸੀਸਿਪੀ, ਲੁਈਸਿਆਨਾ ਤੇ ਟੈਕਸਾਸ ਵਿੱਚ ਪੂਰੇ 769 ਕਿਲੋਮੀਟਰ ਜਾਂ 47.2 ਮੀਲ ਤਕ ਫੈਲੀ ਦੇਖੀ ਗਈ। ਡਬਲਯੂ ਐਮ ਓ ਨੇ ਕਿਹਾ ਕਿ ਇਹ ਅਮਰੀਕਾ ਵਿੱਚ ਨਿਊਯਾਰਕ ਸ਼ਹਿਰ ਤੇ ਕੋਲੰਬਸ ਓਹੀਓ ਵਿਚਾਲੇ ਜਾਂ ਲੰਡਨ ਅਤੇ ਜਰਮਨੀ ਸ਼ਹਿਰ ਹੈਂਬਰਗ ਵਿਚਕਾਰ ਦੀ ਦੂਰੀ ਦੇ ਬਰਾਬਰ ਹੈ। ਇਸ ਨੋਟ ਵਿੱਚ ਕਿਹਾ ਗਿਆ ਹੈ ਕਿ 18 ਜੂਨ, 2020 ਨੂੰ ਉਰੁਗਵੇ ਅਤੇ ਉਤਰੀ ਅਰਜਨਟੀਨਾ ਵਿੱਚ ਗਰਜ ਦੇ ਨਾਲ ਅਸਮਾਨ ਵਿੱਚ ਬਿਜਲੀ 17.1 ਸੈਕਿੰਡ ਤਕ ਚਮਕਦੀ ਰਹੀ ਤੇ ਇਹ ਰਿਕਾਰਡ ਉਤਰੀ ਅਰਜਨਟੀਨਾ ਵਿੱਚ 4 ਮਾਰਚ 2019 ਦੇ ਪਿਛਲੇ ਰਿਕਾਰਡ ਦੇ ਮੁਕਾਬਲੇ ਵਿੱਚ 0.37 ਸੈਕੰਡ ਵੱਧ ਸੀ। ਇਸ ਵਿੱਚ ਕਿਹਾ ਗਿਆ ਕਿ ਇਸ ਵਾਰ ਦੀ ਅਸਮਾਨੀ ਬਿਜਲੀ ਦੀ ਲੰਬਾਈ 31 ਅਕਤੂਬਰ 2018 ਨੂੰ ਦੱਖਣੀ ਬ੍ਰਾਜ਼ੀਲ ਦੇ ਪਿਛਲੇ ਰਿਕਾਰਡ ਨਾਲੋਂ ਲੱਗਭਗ 60 ਕਿਲੋਮੀਟਰ ਜ਼ਿਆਦਾ ਸੀ।

## ਫ਼ਾਈਜ਼ਰ ਨੇ 5 ਸਾਲ ਤਕ ਦੇ ਬੱਚਿਆਂ ਦੇ ਟੀਕਾਕਰਨ ਲਈ ਮਨਜ਼ੂਰੀ ਮੰਗੀ




ਵਾਸ਼ਿੰਗਟਨ, 3 ਫ਼ਰਵਰੀ (ਪੋਸਟ ਬਿਊਰੋ)- ਫ਼ਾਈਜ਼ਰ ਨੇ ਅਮਰੀਕਾ ਤੋਂ ਪੰਜ ਸਾਲ ਦੀ ਉਮਰ ਤਕ ਦੇ ਬੱਚਿਆਂ ਲਈ ਆਪਣੀ ਕੋਰੋਨਾ ਵੈਕਸੀਨ ਦੀ ਮਨਜ਼ੂਰੀ ਮੰਗੀ ਹੈ, ਜਿਸ ਨਾਲ ਬੇਹਦ ਘੱਟ ਉਮਰ ਦੇ ਅਮਰੀਕੀ ਬੱਚਿਆਂ ਨੂੰ ਵੀ ਮਾਰਚ ਤਕ ਟੀਕੇ ਲੱਗਣੇ ਸ਼ੁਰੂ ਹੋ ਸਕਦੇ ਹਨ।

ਖ਼ੁਰਾਕ ਅਤੇ ਦਵਾਈਆਂ ਬਾਰੇ ਰੈਗੂਲੇਟਰ ਨੇ ਬੇਮਿਸਾਲ ਕਦਮ ਚੁਕਦੇ ਹੋਏ ਫ਼ਾਈਜ਼ਰ ਅਤੇ ਉਸ ਦੇ ਸਹਿਯੋਗੀ ਬਾਇਓਐਨਟੇਕ ਤੋਂ ਪਹਿਲਾਂ ਮਿੱਥੇ ਪ੍ਰੋਗਰਾਮ ਤੋਂ ਪਹਿਲਾਂ ਇਹ ਅਰਜ਼ੀ ਦੇਣ ਨੂੰ ਕਿਹਾ ਸੀ। ਅਮਰੀਕਾ ਵਿੱਚ ਪੰਜ ਸਾਲ ਤਕ ਦੇ ਉਮਰ ਵਰਗ ਦੇ 1.9 ਕਰੋੜ ਬੱਚੇ ਕੋਰੋਨਾ ਵਾਇਰਸ ਵਿਰੁੱਧ ਟੀਕਾਕਰਨ ਦੇ ਯੋਗ ਨਹੀਂ। ਕਈ ਮਾਪੇ ਬੱਚਿਆਂ ਨੂੰ ਵੀ ਟੀਕੇ ਲਾਉਣ ਉੱਤੇ ਜ਼ੋਰ ਦੇ ਰਹੇ ਹਨ, ਖ਼ਾਸਤੌਰ ਉੱਤੇਓਦੋਂ, ਜਦੋਂ ਓਮੀਕਰੋਨ ਕਾਰਨ ਰਿਕਾਰਡ ਗਿਣਤੀ ਵਿੱਚ ਬੱਚਿਆਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਾਇਆ ਜਾ ਰਿਹਾ ਹੈ। ਐਫ਼ ਡੀ ਏ ਇਸ ਦੀ ਮਨਜ਼ੂਰੀ ਦੇ ਦੇਵੇ ਤਾਂ ਫ਼ਾਈਜ਼ਰ ਦੇ ਟੀਕੇ ਛੇ ਮਹੀਨਿਆਂ ਤਕ ਬੱਚਿਆਂ ਨੂੰ ਵੀ ਲਾਏ ਜਾ ਸਕਦੇ ਹਨ।ਇਨ੍ਹਾਂ ਦੋਹਾਂ ਟੀਕਿਆਂ ਦੀ ਖ਼ੁਰਾਕ ਬਾਲਗਾਂ ਨੂੰ ਦਿੱਤੀ ਜਾਣ ਵਾਲੀ ਖ਼ੁਰਾਕ ਦਾ ਦਸਵਾਂ ਹਿੱਸਾ ਹੈ। ਫ਼ਾਈਜ਼ਰ ਨੇ ਕੱਲ੍ਹ ਕਿਹਾ ਕਿ ਉਸ ਨੇ ਐਫ਼ ਡੀ ਓ ਨੂੰ ਅੰਕੜੇ ਦੇਣੇ ਸ਼ੁਰੂ ਕਰ ਦਿੱਤੇ ਹਨ ਤੇ ਕੁਝ ਦਿਨਾਂ ਵਿੱਚ ਇਹ ਪ੍ਰਕਿਰਿਆ ਪੂਰੀ ਹੋਣ ਦੀ ਉਮੀਦ ਹੈ।

ਇੱਕ ਪ੍ਰਮੁੱਖ ਸਵਾਲ ਇਹ ਹੈ ਕਿ ਬੱਚਿਆਂ ਨੂੰ ਕਿੰਨੀ ਖ਼ੁਰਾਕ ਦੀ ਲੋੜ ਹੋਵੇਗੀ। ਸ਼ੁਰੂਆਤੀ ਜਾਂਚ ਵਿੱਚ ਬੱਚਿਆਂ ਲਈ ਦੋ ਖ਼ੁਰਾਕਾਂ ਕਾਫੀ ਮੰਨੀਆਂ ਗਈਆਂ ਸਨ, ਪਰ ਸਕੂਲਾਂ ਵਿੱਚ ਦਾਖ਼ਲਾ ਲੈਣ ਵਾਲੇ ਬੱਚਿਆਂ ਲਈ ਇਹ ਕਾਫ਼ੀ ਨਹੀਂ ਮੰਨੀ ਗਈ। ਫ਼ਾਈਜ਼ਰ ਤਿੰਨ ਖ਼ੁਰਾਕਾਂ ਦੀ ਜਾਂਚ ਕਰ ਰਹੀ ਹੈ ਅਤੇ ਅੰਤਮ ਅੰਕੜੇ ਮਾਰਚ ਅੰਤ ਤਕ ਆਉਣ ਦੀ ਉਮੀਦ ਹੈ।ਐਫ਼ ਡੀ ਏ ਨੇ ਓਮੀਕਰੋਨ ਤੋਂ ਵੱਧ ਗਿਣਤੀ ਵਿੱਚ ਬੱਚੇ ਪ੍ਰਭਾਵਤ ਹੋਣ ਮਗਰੋਂ ਫ਼ਾਈਜ਼ਰ ਨੂੰ ਅਰਜ਼ੀ ਦੇਣ ਲਈ ਕਿਹਾ ਸੀ। ਏਜੰਸੀ ਦੀ ਇੱਕ ਬੁਲਾਰਾ ਨੇ ਦੱਸਿਆ ਕਿ ਪੰਜ ਸਾਲ ਤਕ ਦੀ ਉਮਰ ਦੇ ਬੱਚਿਆਂ ਵਿੱਚ ਓਮੀਕਰੋਨ ਰੂਪ ਦੇ ਰਿਕਾਰਡ ਮਾਮਲੇ ਸਾਹਮਣੇ ਆਏ ਹਨ। ਐਫ਼ ਡੀ ਏ ਦਾ ਅੰਤਮ ਫ਼ੈਸਲਾ ਕੁਝ ਮਹੀਨਿਆਂ ਦੇ ਅੰਦਰ ਆ ਸਕਦਾ ਹੈ ਪਰ ਸਿਰਫ਼ ਇਹੀ ਰੁਕਾਵਟ ਨਹੀਂ ਹੈ। ਰੋਗ ਕੰਟਰੋਲਰ ਅਤੇ ਰੋਕਥਾਮ ਕੇਂਦਰ ਤੋਂ ਵੀ ਮਨਜ਼ੂਰੀ ਲੈਣੀ ਹੋਵੇਗੀ। ਰਾਸ਼ਟਰਪਤੀ ਜੋਅ ਬਾਈਡਨ ਦਾ ਪ੍ਰਸ਼ਾਸਨ ਬੱਚਿਆਂ ਲਈ ਕੋਵਿਡ-19 ਰੋਕੂ ਟੀਕੇ ਨੂੰ ਮਨਜ਼ੂਰੀ ਦੇਣ ਦੀ ਪ੍ਰਕਿਰਿਆ ਤੇਜ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸਦੀ ਦਲੀਲ ਹੈ ਕਿ ਸਕੂਲਾਂ ਨੂੰ ਫਿਰ ਤੋਂ ਖੋਲ੍ਹਣ ਤੇ ਉਨ੍ਹਾਂ ਨੂੰ ਖੁਲ੍ਹਾ ਰੱਖਣ ਲਈ ਇਸ ਉਮਰ ਵਰਗ ਦਾ ਟੀਕਾਕਰਨ ਮਹੱਤਵਪੂਰਨ ਹੈ।

# ਬੋਇੰਗ ਨੂੰ ਕਤਰ ਏਅਰਵੇਜ਼ ਤੋਂ ਜਹਾਜ਼ਾਂ ਦਾ ਵੱਡਾ ਆਰਡਰ ਮਿਲਿਆ



ਸ਼ਿਕਾਗੋ, 3 ਫਰਵਰੀ (ਪੋਸਟ ਬਿਊਰੋ)- ਬੋਇੰਗ ਕੰਪਨੀ ਨੇ ਕੱਲ੍ਹ ਦੱਸਿਆ ਕਿ ਕਤਰ ਏਅਰਵੇਜ਼ ਨੇ ਉਸ ਨੂੰ ਪੰਜਾਹ ਵੱਡੇ ਕਾਰਗੋ ਜਹਾਜ਼ਾਂ ਦਾ ਆਰਡਰ ਦਿੱਤਾ ਹੈ ਅਤੇ ਪੰਜਾਹ ਬੋਇੰਗ 737 ਮੈਕਸ ਜੈਟ ਖਰੀਦਣ ਦੀ ਇੱਛਾ ਦਿਖਾਈ ਹੈ, ਜੋ ਇਸ ਜਹਾਜ਼ ਬਣਾਉਣ ਵਾਲੀ ਅਮਰੀਕੀ ਕੰਪਨੀ ਦੀ ਆਪਣੀ ਯੂਰਪ ਵਿਰੋਧੀ ਕੰਪਨੀ ਏਅਰਬੱਸ ਉਪਰ ਵੱਡੀ ਜਿੱਤ ਹੈ।ਕੰਪਨੀ ਨੇ ਵਿੱਤੀ ਸ਼ਰਤਾਂ ਬਾਰੇ ਜਾਣਕਾਰੀ ਨਹੀਂ ਦਿੱਤੀ। ਜਹਾਜ਼ਾਂ ਦਾ ਕੁੱਲ ਵਿਕਰੀ ਮੁੱਲ ਕਰੀਬ 27 ਅਰਬ ਅਮਰੀਕੀ ਡਾਲਰ ਬਣਦਾ ਹੈ, ਪਰ ਏਅਰਲਾਈਨਜ਼ ਨੂੰ ਆਮ ਤੌਰ ਉੱਤੇ ਕਾਫੀ ਛੋਟ ਵੀ ਮਿਲਦੀ ਹੈ।

ਜਹਾਜ਼ ਬਣਾਉਣ ਵਾਲੀ ਯੂਰਪੀ ਕੰਪਨੀ ਏਅਰਬੱਸ ਦੇ ਜੈਟਾਂ ਦੇ ਵੱਖ-ਵੱਖ ਮਾਡਲਾਂ ਵਿੱਚ ਪੇਂਟ ਦੇ ਕੰਮ ਸਬੰਧੀ ਕਤਰ ਵੱਲੋਂ ਕੀਤੀ ਗਈ ਸ਼ਿਕਾਇਤ ਮਗਰੋਂ ਕਤਰ ਤੇ ਏਅਰਬੱਸ ਵਿਚਾਲੇ ਹੋਏ ਝਗੜੇ ਤੋਂ ਬਾਅਦ ਏਅਰਬੱਸ ਨੇ ਕਤਰ ਏਅਰਵੇਜ਼ ਦਾ ਆਰਡਰ ਰੱਦ ਕਰ ਦਿੱਤਾ ਸੀ। ਫਿਰ ਬੋਇੰਗ ਨੇ ਮੌਕੇ ਦਾ ਲਾਭ ਉਠਾਉਂਦੇ ਹੋਏ ਇਸ ਆਰਡਰ ਨੂੰ ਝਪਟ ਲਿਆ। ਵ੍ਹਾਈਟ ਹਾਊਸ ਵਿੱਚ ਕਤਰ ਏਅਰਵੇਜ਼ ਤੇ ਬੋਇੰਗ ਵਿਚਾਲੇ ਸਮਝੌਤੇ ਬਾਰੇ ਸਮਾਰੋਹ ਦੌਰਾਨ ਕਾਰਗੋ ਜਹਾਜ਼ਾਂ ਦੇ ਆਰਡਰ ਦਾ ਐਲਾਨ ਕੀਤਾ ਗਿਆ। ਇਸ ਸਮਾਰੋਹ ਵਿੱਚ ਏਅਰਲਾਈਨਜ਼, ਬੋਇੰਗ ਅਤੇ ਦੋਵਾਂ ਸਰਕਾਰਾਂ ਦੇ ਅਧਿਕਾਰੀ ਹਾਜ਼ਰ ਸਨ।ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਕਤਰ ਦੇ ਸ਼ਾਸਕ ਨਾਲ ਕੀਤੀ ਇੱਕ ਮੀਟਿੰਗ ਦੌਰਾਨ ਇਸ ਆਰਡਰ ਦੀ ਸ਼ਲਾਘਾ ਕੀਤੀ ਗਈ ਸੀ। ਬਾਇਡੇਨ ਨੇ ਇਸ ਨੂੰ ਬੋਇੰਗ ਨੂੰ ਮਿਲਣ ਵਾਲਾ ਅੱਜ ਤਕ ਦਾ ਸਭ ਤੋਂ ਵੱਡਾ ਆਰਡਰ ਦੱਸਿਆ ਅਤੇ ਕਿਹਾ ਕਿ ਇਸ ਨਾਲ ਹਜ਼ਾਰਾਂ ਅਮਰੀਕੀਆਂ ਨੂੰ ਰੁਜ਼ਗਾਰ ਮਿਲੇਗਾ।

# ਈਰਾਨ ਵਿੱਚ ਦੋ ਸਮਲਿੰਗੀ ਨੌਜਵਾਨਾਂ ਨੂੰ ਫਾਂਸੀ



ਦੁਬਈ, 3 ਫਰਵਰੀ (ਪੋਸਟ ਬਿਊਰੋ)- ਈਰਾਨ ਵਿੱਚ ਉਨ੍ਹਾਂ ਦੋ ਸਮਲਿੰਗੀ ਨੌਜਵਾਨਾਂ ਨੂੰ ਫਾਂਸੀ ਦੇ ਦਿੱਤੀ ਗਈ ਹੈ, ਜੋ ਸੈਕਸ ਸ਼ੋਸ਼ਣ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਬੀਤੇ ਛੇ ਸਾਲਾਂ ਤੋਂ ਜੇਲ੍ਹ ਵਿੱਚ ਸਨ।

ਵਰਨਣ ਯੋਗ ਹੈ ਕਿ ਸਮਲਿੰਗੀ, ਲਿੰਗੀ ਅਤੇ ਟਰਾਂਸਜੈਂਡਰ ਲੋਕਾਂ ਲਈ ਦੁਨੀਆ ਦੇ ਸਭ ਤੋਂ ਵੱਧ ਜ਼ਾਮਲ ਦੇਸ਼ਾਂ ਵਿੱਚੋਂ ਇੱਕ ਮੰਨੇ ਜਾਣ ਵਾਲੇ ਈਰਾਨ ਵਿੱਚ ਸਮਲਿੰਗਤਾ ਅਪਰਾਧ ਹੈ। ਇੱਕ ਮਨੁੱਖੀ ਅਧਿਕਾਰ ਗਰੁੱਪ ਦੀ ਰਿਪੋਰਟ ਦੇ ਮੁਤਾਬਕ ਫਾਂਸੀ ਦਿੱਤੇ ਗਏ ਦੋ ਨੌਜਵਾਨਾਂ ਦੀ ਪਛਾਣ ਮੇਹਰਦਾਦ ਕਰੀਮਪੁਰ ਅਤੇ ਫ਼ਰੀਦ ਮੁਹੰਮਦੀ ਵਜੋਂ ਹੋਈ ਹੈ। ਦੋਵਾਂ ਨੂੰ 'ਦੋ ਆਦਮੀਆਂ ਨੂੰ ਸੈਕਸ ਸੰਬੰਧ ਬਣਾਉਣ ਲਈ ਮਜ਼ਬੂਰ ਕਰਨ' ਦੇ ਜੁਰਮ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ ਤੇ ਰਾਜਧਾਨੀ ਤਹਿਰਾਨ ਤੋਂ ਲੱਗਭਗ 500 ਕਿਲੋਮੀਟਰ ਉੱਤੇ ਮਾਰਗੋ ਸ਼ਹਿਰ ਦੀ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ।

## ਰੂਸ ਵੱਲੋਂ ਯੂਕਰੇਨ ਸੰਕਟ ਘੱਟ ਕਰਨ ਦੀ ਅਮਰੀਕੀ ਤਜਵੀਜ਼ ਉਤੇ ਪ੍ਰਤੀਕਿਰਿਆ



ਜਨੇਵਾ, 3 ਫਰਵਰੀ (ਪੋਸਟ ਬਿਊਰੋ)- ਰੂਸ ਦੀ ਸਰਕਾਰ ਨੇ ਯੂਕਰੇਨ ਸੰਕਟ ਨੂੰ ਘੱਟ ਕਰਨ ਦੇ ਉਦੇਸ਼ ਨਾਲ ਅਮਰੀਕਾ ਦੇ ਪ੍ਰਸਤਾਵ ਉੱਤੇਆਪਣੀ ਲਿਖਤੀ ਪ੍ਰਤੀਕਿਰਿਆ ਭੇਜੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਪ੍ਰਸ਼ਾਸਨ ਦੇ ਤਿੰਨ ਅਧਿਕਾਰੀਆਂ ਨੇ ਨਾਮ ਗੁਪਤ ਰੱਖਣ ਦੀ ਸ਼ਰਤ ਉੱਤੇ ਇਹ ਜਾਣਕਾਰੀ ਦਿੱਤੀ।

ਵਰਨਣ ਯੋਗ ਹੈ ਕਿ ਰੂਸ ਦੀ ਇਹ ਪ੍ਰਤੀਕਿਰਿਆ ਓਦੋਂ ਆਈ ਹੈ, ਜਦੋਂ ਬਾਈਡੇਨ ਪ੍ਰਸ਼ਾਸਨ ਰੂਸਉੱਤੇ ਯੂਕਰੇਨ ਸਰਹੱਦ ਉੱਤੇ ਤਣਾਅ ਘੱਟ ਕਰਨ ਦਾ ਦਬਾਅ ਬਣਾ ਰਿਹਾ ਹੈ। ਰੂਸ ਨੇ ਯੂਕਰੇਨ ਸਰਹੱਦ ਉੱਤੇ ਲੱਗਭਗ ਇੱਕ ਲੱਖ ਫੌਜੀ ਤਾਇਨਾਤ ਕੀਤੇ ਹਨ। ਵਿਦੇਸ਼ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਰੂਸ ਦੀ ਪ੍ਰਤੀਕਿਰਿਆ ਦੀ ਪੂਰੀ ਜਾਣਕਾਰੀ ਦੇਣ ਤੋਂ ਨਾਂਹ ਕਰਦੇ ਹੋਏ ਕਿਹਾ ਕਿ ਗੱਲਬਾਤ ਨੂੰ ਜਨਤਕ ਤੌਰ ਉੱਤੇਦੱਸਣਾ ਉਚਿਤ ਨਹੀਂ ਹੋਵੇਗਾ ਤੇ ਉਹ ਇਸਦਾ ਫੈਸਲਾ ਰੂਸ ਉੱਤੇ ਛੱਡਦੇ ਹਨ ਕਿ ਉਹ ਆਪਣੀ ਪ੍ਰਤੀਕਿਰਿਆ ਨੂੰ ਲੋਕਾਂ ਨਾਲ ਸਾਂਝੀ ਕਰਨਗੇ ਜਾਂ ਨਹੀਂ।

ਇਸ ਦੌਰਾਨ ਰੂਸ ਨੇ ਪੱਛਮੀ ਦੇਸ਼ਾਂ ਉੱਤੇ ਯੂਕਰੇਨ ਸਬੰਧੀ ਤਣਾਅ ਵਧਾਉਣ ਦਾ ਕੱਲ੍ਹ ਦੋਸ਼ ਲਾਇਆ ਤੇ ਕਿਹਾ ਕਿ ਅਮਰੀਕਾ ਕੀਵ ਵਿੱਚ ਨਾਜ਼ੀਆਂ ਨੂੰ ਸੱਤਾ ਵਿੱਚ ਲੈ ਕੇ ਆਇਆ। ਯੂ ਐੱਨ ਸਕਿਓਰਟੀ ਕੌਂਸਲ ਦੀ ਬੈਠਕ ਵਿੱਚ ਮਾਸਕੋ ਨੇ ਇਹ ਟਿੱਪਣੀ ਕੀਤੀ, ਜਿਥੇ ਰੂਸ ਅਤੇ ਅਮਰੀਕਾ ਦੇ ਪ੍ਰਤੀਨਿਧੀਆਂ ਵਿਚਾਲੇ ਤਿੱਖੀ ਬਹਿਸ ਹੋਈ।

# ਸੈਕਰਾਮੈਂਟੋ ਵਿੱਚ ਹੋਏ ਧਮਾਕਿਆਂ ਦੇ ਦੋਸ਼ ਵਿੱਚ ਇੱਕ ਗ੍ਰਿਫ਼ਤਾਰ




ਸੈਕਰਾਮੈਂਟੋ, 3 ਫਰਵਰੀ (ਪੋਸਟ ਬਿਊਰੋ)- ਪਿਛਲੇ ਹਫ਼ਤੇ ਸੈਕਰਾਮੈਂਟੋ ਵਿੱਚ ਹੋਏ ਦੋ ਧਮਾਕਿਆਂ ਦੇ ਕੇਸ ਵਿੱਚ ਪੁਲਸ ਨੇ ਇੱਕ 23 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਸੈਕਰਾਮੈਂਟੋ ਪੁਲਸ ਵਿਭਾਗ ਅਨੁਸਾਰ ਇੱਕ ਧਮਾਕੇ ਕਾਰਨ ਇੱਕ ਵਾਹਣ ਨੂੰ ਨੁਕਸਾਨ ਪੁੱਜਾ ਸੀ। ਪੁਲਸ ਨੂੰ ਮੌਕੇ ਉਪਰ ਕੀਤੀ ਗਈ ਜਾਂਚ ਦੌਰਾਨ ਦੋ ਜਿੰਦਾ ਪਾਈਪ ਬੰਬ ਮਿਲੇ ਸਨ ਤੇ ਗ੍ਰਿਫ਼ਤਾਰ ਸ਼ੱਕੀ ਵੱਲੋਂ ਪਾਈਪ ਬੰਬ ਨਾਲ ਧਮਾਕਾ ਕਰਨ ਦੇ ਸਬੂਤ ਵੀ ਪੁਲਸ ਨੇ ਕਬਜ਼ੇ ਵਿੱਚ ਲਏ ਸਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਸ਼ਨਾਖਤ ਕੌਡੀ ਵਿਗਜ ਵਜੋਂ ਹੋਈ ਹੈ।

ਪੁਲਸ ਨੇ ਇਹ ਨਹੀਂ ਦੱਸਿਆ ਕਿ ਕਿਹੜੇ ਸਬੂਤਾਂ ਨਾਲ ਵਿਗਜ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਪਰ ਪੁਲਸ ਨੇ ਸਬੂਤ ਮਿਲਣ ਦੀ ਗੱਲ ਕਹੀ ਹੈ। ਵਿਗਜ ਵਿਰੁੱਧ ਜਨਤਕ ਜਗ੍ਹਾ ਉੱਤੇ ਧਮਾਕਾਖੇਜ਼ ਸਮੱਗਰੀ ਤੇ ਆਪਣੇ ਕੋਲ ਚਾਕੂ ਰੱਖਣ ਦੇ ਦੋਸ਼ ਲਾਏ ਗਏ ਹਨ। ਪੁਲਸ ਵਿਭਾਗ ਨੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਜੇ ਕਿਸੇ ਕੋਲ ਵੀ ਇਨ੍ਹਾਂ ਧਮਾਕਿਆਂ ਸਬੰਧੀ ਜਾਂ ਹੋਰ ਅਜਿਹੀਆਂ ਘਟਨਾਵਾਂ ਬਾਰੇ ਜਾਣਕਾਰੀ ਹੋਵੇ ਤਾਂ ਉਹ ਪੁਲਸ ਨਾਲ ਸੰਪਰਕ ਕਰੇ।

# ਸੂ ਕੀ ਵਿਰੁੱਧ ਚੋਣ ਧੋਖਾਧੜੀ ਕੇਸ ਦੀ ਸੁਣਵਾਈ 14 ਨੂੰ



ਬੈਂਕਾਕ, 3 ਫਰਵਰੀ (ਪੋਸਟ ਬਿਊਰੋ)- ਮਿਆਂਮਾਰ ਵਿੱਚ ਗੱਦੀਉਂ ਲਾਹੀ ਗਈ ਆਗੂ ਆਂਗ ਸਾਨ ਸੂ ਕੀ ਵਿਰੁੱਧ ਚੋਣ ਧੋਖਾਧੜੀ ਕੇਸ ਦੀ ਸੁਣਵਾਈ 14 ਫਰਵਰੀ ਨੂੰ ਸ਼ੁਰੂ ਹੋਵੇਗੀ।

ਵਰਨਣ ਯੋਗ ਹੈ ਕਿ ਮਿਆਂਮਾਰ ਵਿੱਚ ਫ਼ਰਵਰੀ 2021 ਨੂੰ ਫ਼ੌਜ ਨੇ ਤਖ਼ਤਾਪਲਟ ਤੋਂ ਬਾਅਦ ਦੇਸ਼ ਦੀਆਂ ਚੋਣਾਂ ਵਿੱਚ ਵੱਡੀ ਗੜਬੜੀ ਦੇ ਦੋਸ਼ਾਂ ਵਿੱਚ ਸੂ ਕੀ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਆਜ਼ਾਦ ਚੋਣ ਦੇ ਸੁਪਰਵਾਈਜ਼ਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਦੋਸ਼ਾਂ ਸਬੰਧੀ ਉਨ੍ਹਾਂ ਨੂੰ ਕੋਈ ਪੁਖ਼ਤਾ ਸਬੂਤ ਨਹੀਂ ਮਿਲੇ। ਹੋਰ ਕੇਸ ਵਿੱਚ ਸੂ ਕੀ ਨੂੰ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।ਇਸ ਕੇਸ ਦੀ ਜਾਣਕਾਰੀ ਰੱਖਦੇ ਕਾਨੂੰਨੀ ਅਧਿਕਾਰੀ ਨੇ ਦੱਸਿਆ ਕਿ ਸਾਬਕਾ ਨੇਤਾ ਉੱਤੇ ਨਵੰਬਰ 2020 ਵਿੱਚ ਹੋਈਆਂ ਚੋਣਾਂ ਵਿੱਚ ਕੇਂਦਰੀ ਚੋਣ ਕਮਿਸ਼ਨ ਨੂੰ ਪ੍ਰਭਾਵਤ ਕਰਨ ਦਾ ਦੋਸ਼ ਹੈ। ਇਨ੍ਹਾਂ ਚੋਣਾਂ ਵਿੱਚ ਸੂ ਕੀ ਦੀ ਪਾਰਟੀ 'ਨੈਸ਼ਨਲ ਲੀਗ ਫ਼ਾਰ ਡੇਮੋਕਰੇਸੀ' ਤੋਂ ਜਿੱਤ ਦਰਜ ਕੀਤੀ ਸੀ। ਰਾਜ ਚੋਣ ਕਮਿਸ਼ਨ ਨੇ ਬੀਤੇ ਸਾਲ ਨਵੰਬਰ ਵਿੱਚ ਸੂ ਕੀ ਵਿਰੁੱਧ ਚੋਣ ਧੋਖਾਧੜੀ ਦਾ ਕੇਸ ਦਰਜ ਕਰਾਇਆ ਸੀ। ਕਮਿਸ਼ਨ ਦੇ ਮੈਂਬਰਾਂ ਨੂੰ ਮਿਲਟਰੀ ਸਰਕਾਰ ਨੇ ਨਿਯੁਕਤ ਕੀਤਾ ਸੀ। ਕੇਸ ਦੀ ਸੁਣਵਾਈ ਰਾਜਧਾਨੀ ਵਿੱਚ ਹੋਵੇਗੀ ਅਤੇ ਜੁਰਮ ਸਾਬਤ ਹੋਣ ਉੱਤੇ ਤਿੰਨ ਸਾਲ ਕੈਦ ਹੋ ਸਕਦੀ ਹੈ।

# ਸੁਨੀਲ ਜਾਖੜ ਦਾ ਵੱਡਾ ਖੁਲਾਸਾ: ਮੁੱਖ ਮੰਤਰੀ ਅਹੁਦੇ ਲਈ ਮੈਨੂੰ 42 ਵਿਧਾਇਕਾਂ ਵੋਟਾਂ ਪਾਈ ਸੀ, ਸਿੱਧੂ ਨੂੰ 6 ਅਤੇ ਚੰਨੀ ਨੂੰ 2 ਜਣਿਆਂ ਨੇ

*** 79 ਵਿਧਾਇਕਾਂ ਵਿੱਚੋਂ ਬਹੁ-ਗਿਣਤੀ ਮੇਰੇ ਨਾਲ ਖੜੀ ਸੀ**

ਚੰਡੀਗੜ੍ਹ, 3 ਫਰਵਰੀ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਨੇ ਮੁੱਖ ਮੰਤਰੀ ਅਹੁਦੇ ਬਾਰੇ ਅੱਜਵੱਡਾ ਖੁਲਾਸਾ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਅਹੁਦੇ ਤੋਂ ਹਟਾਉਣ ਤੋਂ ਬਾਅਦ ਕਾਂਗਰਸ ਹਾਈ ਕਮਾਨ ਨੇ ਵੋਟਿੰਗ ਕਰਾਈ ਤਾਂ ਇਸ ਵਿੱਚ 79 ਵਿਧਾਇਕਾਂ ਵਿੱਚੋਂ 42 ਉਨ੍ਹਾਂ ਦੇ ਹੱਕ ਵਿਚ ਆਏ ਸਨ, ਜਦ ਕਿ ਚਰਨਜੀਤ ਸਿੰਘ ਚੰਨੀ ਦਾ ਸਿਰਫ ਦੋ ਵਿਧਾਇਕਾਂ ਨੇ ਸਮੱਰਥਨ ਕੀਤਾ ਸੀ। ਇਸ ਦੇ ਬਾਵਜੂਦ ਉਹ ਮੁੱਖ ਮੰਤਰੀ ਬਣ ਗਏ। ਇਹ ਗੱਲ ਸੁਨੀਲ ਜਾਖੜ ਨੇ ਅੱਜ ਇੱਕ ਜਗ੍ਹਾ ਚੋਣ ਪ੍ਰਚਾਰ ਦੌਰਾਨ ਆਖੀ ਹੈ।



ਸੁਨੀਲ ਜਾਖੜ ਨੇ ਅੱਗੇ ਦੱਸਿਆ ਕਿ ਉਨ੍ਹਾਂ ਤੋਂ ਬਾਅਦ ਸੁਖਜਿੰਦਰ ਸਿੰਘ ਰੰਧਾਵਾ ਦੇ ਹੱਕ ਵਿੱਚਸਭ ਤੋਂ ਵੱਧ 16 ਵਿਧਾਇਕਾਂ ਨੇ ਤੇ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਦੇ ਹੱਕ ਵਿਚ 12 ਵਿਧਾਇਕਾਂ ਨੇ ਹਾਮੀ ਭਰੀ ਸੀ। ਨਵਜੋਤ ਸਿੰਘਸਿੱਧੂ ਦੇ ਹੱਕ ਵਿੱਚ ਉਸ ਦਿਨ ਸਿਰਫ 6 ਵਿਧਾਇਕਾਂ ਨੇ ਵੋਟ ਪਾਈ।ਵਰਨਣ ਯੋਗ ਹੈ ਕਿ ਸੁਨੀਲ ਜਾਖੜ ਤੋਂ ਪਹਿਲਾਂ ਡਿਪਟੀਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਮੁੱਖ ਮੰਤਰੀ ਅਹੁਦੇ ਵਾਸਤੇ ਪੂਰੀ ਤਰ੍ਹਾਂ ਉਨ੍ਹਾਂ ਦੇ ਨਾਂਅ ਉੱਤੇ ਸਹਿਮਤੀ ਬਣਨ ਦੀ ਗੱਲ ਆਖੀ ਸੀ।ਇਸ ਵੇਲੇਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਵਿੱਚ ਕਾਂਗਰਸ ਵੱਲੋਂਮੁੱਖ ਮੰਤਰੀ ਚਿਹਰਾ ਐਲਾਨ ਕਰਨ ਤੋਂ ਪਹਿਲਾਂ ਸੁਨੀਲ ਜਾਖੜ ਦੇ ਇਸ ਬਿਆਨ ਨੇ ਹਲਚਲ ਪੈਦਾ ਕਰ ਦਿੱਤੀ ਹੈ।

ਇਸ ਦੌਰਾਨ ਸੁਨੀਲ ਜਾਖੜ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਨਾ ਬਣਨ ਤੋਂ ਬਾਅਦ ਹਾਈਕਮਾਨ ਨੇ ਉਨ੍ਹਾਂ ਨੂੰ ਡਿਪਟੀ ਮੁੱਖ ਮੰਤਰੀ ਅਹੁਦੇ ਦੀ ਪੇਸ਼ਕਸ਼ ਵੀ ਕੀਤੀ ਸੀ। ਉਨ੍ਹਾ ਨੇ ਹਾਈਕਮਾਨ ਦਾ ਧੰਨਵਾਦ ਕੀਤਾ ਔ ਕਿਹਾ ਕਿ ਉਨ੍ਹਾਂ ਦਾ ਇਹ ਨਾਮ ਉਦੋਂ ਆਇਆ ਸੀ, ਜਦੋਂ ਉਹ ਵਿਧਾਇਕ ਵੀ ਨਹੀਂ ਸਨ।

# ਸਾਬਕਾ ਵਿਧਾਇਕ ਭਾਈ ਕੁੱਕੂ ਅਤੇ ਮਨਪ੍ਰੀਤ ਬਾਦਲ ਦੇ ਮਾਮੇ ਦਾ ਪੁੱਤ ਕਾਂਗਰਸ ਛੱਡ ਕੇ ਅਕਾਲੀ ਬਣੇ



ਮੁਕਤਸਰ ਸਾਹਿਬ, 3 ਫਰਵਰੀ, (ਪੋਸਟ ਬਿਊਰੋ)- ਹਲਕਾ ਸ੍ਰੀ ਮੁਕਤਸਰ ਸਾਹਿਬ ਦੀ ਸਿਆਸਤ ਵਿੱਚ ਅੱਜਵੱਡਾ ਫੇਰ ਬਦਲ ਹੋਇਆ, ਜਦੋਂ ਏਥੇ ਪੁੱਜੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੇ ਦੋ ਨੇਤਾ ਸਾਬਕਾ ਵਿਧਾਇਕ ਭਾਈ ਹਰਨਿਰਪਾਲ ਸਿੰਘ ਕੁੱਕੂ ਅਤੇ ਮਨਪ੍ਰੀਤ ਸਿੰਘ ਬਾਦਲ ਦੇ ਮਾਮੇ ਦਾ ਪੁੱਤਰ ਪੰਜਾਬ ਕਾਂਗਰਸ ਦਾ ਸਾਬਕਾ ਜਨਰਲ ਸੈਕਟਰੀ ਜਗਜੀਤ ਸਿੰਘ ਹਨੀ ਫੱਤਣਵਾਲਾ ਆਪਣੇ ਸਾਥੀਆਂ ਸਮੇਤ ਕਾਂਗਰਸ ਨੂੰ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਨੇਤਾਵਾਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਭਾਈ ਪਰਿਵਾਰ ਦੇਆਗੂਆਂ ਨੂੰ ਪਾਰਟੀ ਵਿੱਚ ਬਣਦਾ ਸਨਮਾਨ ਦਿੱਤਾ ਜਾਵੇਗਾ।

ਇਸ ਦੌਰਾਨ ਕਾਂਗਰਸ ਉੱਤੇ ਤਿੱਖੇ ਵਾਰ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਕਾਂਗਰਸ ਪਾਰਟੀ ਦੇ 'ਠੋਕੋ ਤਾਲੀ' ਵਾਲੇ ਪ੍ਰਧਾਨ ਦੀ ਇਸ ਵਾਰ ਤਾਲੀ ਠੋਕੀ ਜਾਣੀ ਹੈ ਅਤੇ ਆਮ ਆਦਮੀ ਪਾਰਟੀ ਦਾ ਵੀ ਤੀਲਾ ਤੀਲਾ ਖਿੱਲਰ ਜਾਵੇਗਾ ਤੇ ਪੰਜਾਬ ਵਿੱਚ ਸਿਰਫ 10 ਸੀਟਾਂ ਉੱਤੇ ਵਿੱਚ ਸਿਮਟ ਜਾਵੇਗੀ।

ਕਾਂਗਰਸ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਏ ਨੌਜਵਾਨ ਆਗੂ ਭਾਈ ਰਾਹੁਲ ਸਿੰਘਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ 5 ਸਾਲ ਲਗਾਤਾਰ ਕਾਂਗਰਸ ਦੀ ਸੇਵਾ ਕੀਤੀ, ਪਰ ਕਾਂਗਰਸ ਹਾਈ ਕਮਾਂਡ ਨੇ ਉਨ੍ਹਾਂ ਦੇ ਕੰਮ ਦਾ ਮੁੱਲ ਨਹੀਂ ਸੀ ਪਾਇਆ।ਉਨ੍ਹਾਂ ਇਹ ਵੀ ਕਿਹਾ ਕਿ ਜੋ ਪਾਰਟੀ ਆਪਣੇ ਵਰਕਰਾਂ ਦੀ ਨਹੀਂ ਹੋ ਸਕੀ, ਉਹ ਲੋਕਾਂ ਦੀ ਵੀ ਕੀ ਹੋਵੇਗੀ?

## ਫ਼ਿਲਮੀ ਸਟਾਈਲ ਨਾਲ ਸੁਨਿਆਰੇ ਦੀ ਦੁਕਾਨ ਤੋਂ ਪੰਜ ਲੱਖ ਰੁਪਏ ਦੇ ਗਹਿਣੇ ਚੋਰੀ

ਜਲੰਧਰ, 2 ਫਰਵਰੀ (ਪੋਸਟ ਬਿਊਰੋ)- ਜੱਲੋਵਾਲ ਬਸਤੀ ਵਿੱਚ ਚੱਲਦੀ ਸੁਨਿਆਰੇ ਦੀ ਦੁਕਾਨ ਤੋਂ ਰਾਤ ਵੇਲੇ ਫਿਲਮੀ ਸਟਾਈਲ ਵਿੱਚ ਵਾਰਦਾਤ ਕਰ ਕੇ ਕਿਸੇ ਨੇ ਪੰਜ ਲੱਖ ਰੁਪਏ ਦੀ ਕੀਮਤ ਦੇ ਗਹਿਣੇ ਚੋਰੀ ਕਰ ਲਏ।

ਜੌੜਾ ਜਿਊਲਰਜ਼ ਨਾਂਅ ਦੀ ਦੁਕਾਨ ਦੇ ਮਾਲਕ ਪਵਿੰਦਰ ਸਿੰਘ ਜੌੜਾ ਵਾਸੀ ਬਸਤੀ ਸ਼ੇਖ ਨੇ ਦੱਸਿਆ ਕਿ ਉਸ ਦੀ ਦੁਕਾਨ ਦੇ ਨਾਲ ਦੀ ਦੁਕਾਨ ਖਾਲੀ ਸੀ। 2-3 ਦਿਨ ਪਹਿਲਾਂ ਨੇਪਾਲੀ ਮੂਲ ਦੇ ਇੱਕ ਵਿਅਕਤੀ ਨੇ ਬਰਗਰ-ਨੂਡਲਜ਼ ਦਾ ਕੰਮ ਸ਼ੁਰੂ ਕਰਨ ਲਈ ਉਹ ਦੁਕਾਨ ਕਿਰਾਏ ਉੱਤੇ ਲੈ ਲਈ ਸੀ। ਬੀਤੇ ਦੋ ਦਿਨ ਤੋਂ ਉਹ ਆਪਣੇ ਸਾਥੀਆਂ ਤੇ ਇੱਕ ਔਰਤ ਨਾਲ ਦੁਕਾਨ ਉੱਤੇ ਆ ਕੇ ਅੰਦਰ ਪੇਂਟਤੇ ਸਫ਼ਾਈ ਕਰ ਰਿਹਾ ਸੀ। ਉਸ ਵਿਅਕਤੀ ਨੇ ਦੁਕਾਨ ਦੇ ਸਾਹਮਣੇ ਮੁਹੱਲੇ ਵਿੱਚ ਇੱਕ ਘਰ ਵੀ ਕਿਰਾਏ ਉੱਤੇ ਲਿਆ ਸੀ। ਜੌੜਾ ਨੇ ਦੱਸਿਆ ਕਿ ਕੱਲ੍ਹ ਸਵੇਰੇ ਜਦੋਂ ਉਹ ਦੁਕਾਨ ਉੱਤੇ ਆਏ ਤਾਂ ਦੇਖਿਆ ਕਿ ਅੰਦਰ ਸਾਮਾਨ ਖਿੱਲਰਿਆ ਹੋਇਆ ਹੈ। ਰਾਤ ਨੂੰ ਨਾਲ ਦੀ ਦੁਕਾਨ ਵਿੱਚੋਂ ਸੰਨ੍ਹ ਮਾਰ ਕੇ ਕੋਈ ਉਨ੍ਹਾਂ ਦੀ ਦੁਕਾਨ ਵਿੱਚਵੜਿਆ ਤੇ ਅੰਦਰੋਂ ਚਾਂਦੀ-ਸੋਨੇ ਦੇ ਭਾਂਡੇ ਤੇ ਗਹਿਣੇ ਚੋਰੀ ਕਰਕੇ ਲੈ ਗਿਆ। ਜਾਂਦੇ ਹੋਏ ਚੋਰ ਦੁਕਾਨ ਵਿੱਚਲੱਗੇ ਸੀ ਸੀ ਟੀ ਵੀ ਕੈਮਰਿਆਂ ਦਾ ਡੀ ਵੀ ਆਰ ਨਾਲ ਲੈ ਗਏ। ਜਦੋਂ ਉਨ੍ਹਾਂ ਗੁਆਂਢੀ ਦੁਕਾਨਦਾਰ ਦੇ ਕਮਰੇ ਵਿੱਚ ਜਾ ਕੇ ਦੇਖਿਆ ਤਾਂ ਉਹ ਕਮਰਾ ਛੱਡ ਕੇ ਪਰਵਾਰ ਸਣੇ ਫਰਾਰ ਹੋ ਗਿਆ ਸੀ। ਉਨ੍ਹਾਂ ਕਮਰੇ ਦੀ ਜਾਂਚ ਕੀਤੀ ਤਾਂ ਦੁਕਾਨ ਤੋਂ ਚੋਰੀ ਹੋਈ ਝਾਂਜਰ ਤੇ ਪੈਂਡੈਂਟ ਬਰਾਮਦ ਹੋਇਆ, ਪੁਲਸ ਪਾਰਟੀ ਸਮੇਤ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਰਾਜੇਵਾਲ ਵੱਲੋਂ ਐਲਾਨ: ਸੰਯੁਕਤ ਸਮਾਜ ਮੋਰਚਾ ਦੇ ਉਮੀਦਵਾਰ ਆਜ਼ਾਦ ਹੀ ਚੋਣ ਲੜਨਗੇ

ਚੰਡੀਗੜ੍ਹ, 3 ਫਰਵਰੀ, (ਪੋਸਟ ਬਿਊਰੋ)- ਸੰਯੁਕਤ ਸਮਾਜ ਮੋਰਚਾ ਵੱਲੋਂ ਚੋਣ ਮੈਦਾਨ ਵਿੱਚ ਸੀਨੀਅਰ ਕਿਸਾਨ ਲੀਡਰ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਸਿਆਸੀ ਪਾਰਟੀ ਸੰਯੁਕਤ ਸਮਾਜ ਮੋਰਚਾ ਦੀ ਰਜਿਸਟ੍ਰੇਸ਼ਨ ਭਾਵੇਂ ਹੋ ਚੁੱਕੀ ਹੈ, ਪਰ ਇਸ ਵਾਰ ਦੀ ਚੋਣ ਪਾਰਟੀ ਦੇ ਨਾਮ ਉੱਤੇ ਨਹੀਂ ਲੜੀ ਜਾ ਸਕੇਗੀ।



ਰਾਜੇਵਾਲ ਨੇ ਦੱਸਿਆ ਕਿ ਪਾਰਟੀ ਦੇ ਨਾਮ ਉੱਤੇ ਚੋਣ ਲੜਨ ਦਾ ਸਮਾਂ ਬੀਤ ਚੁੱਕਾ ਹੈ। ਇਸ ਲਈ ਆਜ਼ਾਦ ਤੌਰ ਉੱਤੇ ਚੋਣ ਲੜੀ ਜਾਏਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਉਮੀਦਵਾਰਮੁੱਖ ਤੌਰ ਉੱਤੇ ਤਿੰਨ ਚੋਣ ਨਿਸ਼ਾਨਾਂਮੰਜਾ, ਘੜਾ ਤੇ ਕੈਂਚੀਉੱਤੇ ਚੋਣ ਲੜਨਗੇ। ਉਨ੍ਹਾਂ ਦੇ ਸਾਰੇ ਉਮੀਦਵਾਰਾਂ ਨੇ ਇਨ੍ਹਾਂ ਚੋਣ ਨਿਸ਼ਾਨਾਂ ਲਈ ਅਪਲਾਈ ਕੀਤਾ ਹੈ, ਪਰ ਦੇਖਣਾ ਇਹ ਹੋਏਗਾ ਕਿ ਚੋਣ ਕਮਿਸ਼ਨ ਕਿਸ ਨੂੰ ਕੀ ਚੋਣ ਨਿਸ਼ਾਨ ਦਿੰਦਾ ਹੈ। ਇਸ ਮੌਕੇ ਰਾਜੇਵਾਲ ਨੇ ਦੋਸ਼ ਲਾਇਆ ਕਿ'ਆਮ ਆਦਮੀ ਪਾਰਟੀ ਤੇ ਹੋਰਨਾਂ ਪਾਰਟੀਆਂ ਨੇ ਪਹਿਲਾਂ ਸਾਡੀ ਪਾਰਟੀ ਨੂੰ ਰਜਿਸਟਰ ਨਹੀਂ ਹੋਣ ਦਿੱਤਾ, ਸਾਡੇ ਉੱਤੇ ਕੁਝ ਐਸੇ ਇਤਰਾਜ਼ ਲਾਏ, ਜੋ ਸਹੀ ਨਹੀਂ ਸਨ। ਅਸੀਂ ਸਾਰੇ ਇਤਰਾਜ਼ ਦੂਰ ਕੀਤੇ ਅਤੇ ਚੋਣ ਕਮਿਸ਼ਨ ਨੇ ਰਾਜਨੀਤਕ ਪਾਰਟੀ ਵਜੋਂਸਾਨੂੰ ਮਾਨਤਾ ਦੇ ਦਿੱਤੀ ਹੈ।'ਰਾਜੇਵਾਲ ਨੇ ਕਿਹਾ, 'ਮੈਂ 80 ਸਾਲ ਦੀ ਉਮਰ ਵਿੱਚ ਰਿਟਾਇਰਮੈਂਟ ਚਾਹੁੰਦਾ ਸੀ, ਪਰ ਲੋਕਾਂ ਨੇ ਮੈਨੂੰ ਜ਼ੋਰ ਪਾਇਆ ਕਿ ਮੈਂ ਚੋਣ ਲੜਾਂ, ਇਸ ਲਈ ਚੋਣ ਲੜ ਰਿਹਾ ਹਾਂ।'

# ਸਾਬਕਾ ਮੁੱਖ ਮੰਤਰੀ ਬਾਦਲ ਦੀ ਟਿੱਪਣੀ ਉੱਤੇ ਭਗਵੰਤ ਮਾਨ ਵੱਲੋਂ ਕਰਾਰਾ ਜਵਾਬ

ਚੰਡੀਗੜ੍ਹ, 3 ਫਰਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਤੇਮੁੱਖ ਮੰਤਰੀ ਅਹੁਦੇ ਲਈ ਉਮੀਦਵਾਰ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਵੱਲੋਂ ਕੀਤੀ ਇਸ ਟਿੱਪਣੀ ਕਿ 'ਲੋਕਾਂ ਨੂੰ ਗੰਭੀਰਤਾ ਚਾਹੀਦੀ ਹੈ, ਡਰਾਮੇਬਾਜੀ ਜਾਂ ਨੌਟੰਕੀ ਨਹੀਂ' ਦੀ ਪ੍ਰੋੜ੍ਹਤਾ ਕਰਦਿਆਂ ਜਵਾਬੀ ਹਮਲਾ ਕੀਤਾ ਅਤੇਕਿਹਾ, 'ਪੰਜਾਬ ਨੂੰ ਲੋਕ ਪੱਖੀ ਅਤੇ ਗੰਭੀਰ ਆਗੂਆਂ ਦੀ ਲੋੜ ਹੈ, ਉਨ੍ਹਾਂ ਭ੍ਰਿਸ਼ਟ, ਮੀਸਣੇ ਅਤੇ ਮਸੰਦ ਆਗੂਆਂ ਦੀ ਨਹੀਂ, ਜਿਨ੍ਹਾਂ ਦੇ ਰਾਜਵਿੱਚ ਪੰਜਾਬ ਨੇ ਖ਼ੂਨ ਦੇ ਹੰਝੂ ਵਹਾਏ ਅਤੇ ਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਡੁੱਬੀ ਸੀ।'

ਅੱਜ ਬੁੱਧਵਾਰ ਨੂੰ ਪਾਰਟੀ ਦੇਮੁੱਖ ਦਫ਼ਤਰ ਤੋਂ ਜਾਰੀ ਬਿਆਨ ਰਾਹੀਂ ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਬਾਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਅਲੋਚਨਾ ਕਰਦਿਆਂ ਕਿਹਾ, 'ਅਕਾਲੀ ਦਲ ਅਤੇ ਪੰਜਾਬ ਦੀ ਸਿਆਸਤ ਉੱਤੇ ਪ੍ਰਕਾਸ਼ ਸਿੰਘ ਬਾਦਲ ਅਤੇ ਉਨਾਂ ਦੇ ਸਾਕ-ਸੰਬੰਧੀ ਕਾਬਜ ਰਹੇ ਹਨ। ਇਕੱਲੇ ਪ੍ਰਕਾਸ਼ ਸਿੰਘ ਬਾਦਲ ਹੀ ਕਰੀਬ 19-20 ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ ਤੇ ਉਨਾਂ ਨੂੰ ਸਿਆਣਾ ਆਗੂ ਸਮਝ ਕੇ ਪੰਜਾਬੀਆਂ ਨੇ ਪੰਜ ਵਾਰ ਮੁੱਖ ਮੰਤਰੀ ਬਣਾਇਆ, ਪਰ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿਚਹੋ ਹਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਹੋ ਗਿਆ ਹੈ, ਉਹ ਕਿਸੇ ਤੋਂ ਲੁਕਿਆ ਨਹੀਂ।' ਉਨ੍ਹਾ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਦੌਰ ਵਿੱਚ ਪੰਜਾਬ ਨੇ ਏਦਾਂ ਦਾ ਸੰਤਾਪ ਭੋਗਿਆ, ਜਿਹੜਾਕਈ ਪੀੜ੍ਹੀਆਂ ਨਹੀਂ ਭੁੱਲਣਗੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ, ਨੌਜਵਾਨੀ ਦਾ ਘਾਣ, ਪੰਜਾਬ ਸਿਰ ਕਰਜੇ ਦੀ ਪੰਡ, ਮਾਫ਼ੀਆ ਰਾਜ ਤੇ ਨਸ਼ੇ ਦਾ ਸਾਮਰਾਜ ਸਭ ਪ੍ਰਕਾਸ਼ ਸਿੰਘ ਬਾਦਲ ਦੀ ਦੇਣ ਹੈ।'

ਮਾਨ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਪੁੱਛਿਆ, 'ਉਸ ਆਗੂ ਨੂੰ ਕੀ ਕਹੀਏ, ਜਿਹੜਾ ਪੰਜਾਬ ਨੂੰ ਬਲਦੀ ਭੱਠੀ ਵਿੱਚ ਝੋਕ ਕੇ ਆਪ ਦੂਸਰੇ ਰਾਜ ਵਿਚਲੇ ਫਾਰਮ ਹਾਊਸ ਉੱਤੇ ਜਾ ਬੈਠੇ ਅਤੇ ਆਪਣੇ ਪੁੱਤ ਨੂੰ ਵਿਦੇਸ਼ ਭੇਜ ਦੇਵੇ। ਆਮ ਲੋਕਾਂ ਦੇ ਪੁੱਤਾਂ ਨੂੰ ਪੰਥ ਬਚਾਉਣ ਲਈ ਅੱਗ ਵਿੱਚ ਝੋਕ ਦੇਵੇ, ਪਰ ਜਦੋਂ ਰਾਜ ਕਰਨ ਦਾ ਮੌਕਾ ਆਵੇ ਤਾਂ ਆਪਣੇ ਪੁੱਤਰ ਨੂੰ ਵਿਦੇਸ਼ ਤੋਂ ਸੱਦ ਕੇ ਸਰਕਾਰ ਦੀ ਵਾਗ ਉਸ ਨੂੰ ਫੜਾ ਦੇਵੇ।' ਉਨਾਂ ਕਿਹਾ ਕਿ ਸੱਤਾ ਵਿੱਚ ਬਾਦਲ ਪਰਿਵਾਰ, ਕੈਪਟਨ ਪਰਿਵਾਰ ਸਮੇਤ ਅਕਾਲੀ ਦਲ ਅਤੇ ਕਾਂਗਰਸ ਨੇ ਵਾਰੀ ਬੰਨ੍ਹ ਕੇ ਪੰਜਾਬ ਦਾ ਖ਼ਜ਼ਾਨਾ ਲੁੱਟਿਆ ਅਤੇ ਇਸ ਨੂੰ ਉਜਾੜਿਆ ਹੈ।

ਭਗਵੰਤ ਮਾਨ ਨੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਹੇ ਸ਼ਬਦਾਂ ਦੇ ਜਵਾਬ ਵਿੱਚ ਕਿਹਾ ਕਿ ਉਹ ਪੰਜਾਬ ਉੱਤੇ ਰਹਿਮ ਕਰਨ ਅਤੇ ਕੋਈ ਗੰਭੀਰ ਗੱਲ ਕਰਨ, ਪੰਜਾਬ, ਪੰਥ ਅਤੇ ਪੰਜਾਬੀਆਂ ਨੇ ਉਨ੍ਹਾਂ ਦੇ ਰਾਜ ਦੇ ਸੰਤਾਪ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਹੈ। ਪੰਜਾਬ ਦੇ ਲੋਕ ਇਸ ਵਾਰ ਵਿਧਾਨ ਸਭਾ ਚੋਣਾ ਨੂੰ ਜ਼ਰੂਰ ਗੰਭੀਰਤਾ ਨਾਲ ਲੈਣਗੇ। ਡਰਾਮੇਬਾਜੀ ਤੇ ਨੌਟੰਕੀ ਕਰਨ ਵਾਲੇ ਮੀਸਣੇ-ਮਸੰਦ ਆਗੂਆਂ ਨੂੰ ਮੂੰਹ ਨਹੀਂ ਲਾਉਣਗੇ। ਉਨਾਂ ਕਿਹਾ, 'ਲੋਕਾਂ ਨੇ ਅਕਾਲੀ ਦਲ ਤੇ ਬਾਦਲ ਪਰਿਵਾਰ ਦੇ ਰਾਜ ਨੂੰ ਪਰਖ ਲਿਆ ਅਤੇ ਦੋਗਲੇ ਚਿਹਰਿਆਂ ਵਾਲੇ ਆਗੂਆਂ ਦੀ ਪੰਜਾਬ ਦੇ ਲੋਕਾਂ ਨੂੰ ਪਛਾਣ ਹੋ ਚੁੱਕੀ ਹੈ।

## ਸ੍ਰੀ ਰਾਮ ਮੰਦਰ ਤੋਂ ਮੂਰਤੀ ਤੇ ਇੱਕ ਕਰੋੜ ਦੇ ਚੋਰੀ ਕੀਤੇ ਗਹਿਣੇ ਚੋਰਾਂ ਨੇ ਪਾਰਸਲ ਕਰ ਕੇ ਮੋੜੇ

ਨਾਂਦੇੜ, 3 ਫਰਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਨਾਲ ਲੱਗਦੀ ਤੇਲੰਗਾਨਾ ਦੀ ਸੀਮਾ ਉੱਤੇ ਕੁੰਦਕੁਰਤੀ ਪਿੰਡ ਵਿੱਚ ਐਤਵਾਰ ਨੂੰ ਅਨੋਖੀ ਘਟਨਾ ਵਾਪਰੀ। ਆਰ ਐਸ ਐਸ ਦੇ ਪਹਿਲੇ ਮੁਖੀ ਕੇਸ਼ਵ ਰਾਓ ਬਲਿਰਾਮ ਹੇਡਗੇਵਾਰ ਦੇ ਜੱਦੀ ਪਿੰਡ ਦੇ ਸ੍ਰੀ ਰਾਮ ਮੰਦਰ ਵਿੱਚ ਸੱਤ ਜਨਵਰੀ ਨੂੰ ਚੋਰੀ ਹੋਈ 300 ਸਾਲ ਪੁਰਾਣੀ ਅਸ਼ਟਧਾਤੂ ਦੀ ਰਾਮ ਦਰਬਾਰ ਦੀ ਮੂਰਤੀ ਅਤੇ ਕਰੀਬ ਇੱਕ ਕਰੋੜ ਰੁਪਏ ਦੇ ਸੋਨੇ-ਚਾਂਦੀ ਦੇ ਗਹਿਣੇ ਚੋਰਾਂ ਨੇ ਆਟੋ ਵਿੱਚ ਪਾਰਸਲ ਦੇ ਰੂਪ ਵਿੱਚ ਰੱਖ ਕੇ ਪੁਜਾਰੀ ਬਾਪੂ ਮਹਾਰਾਜ ਦੇ ਘਰ ਦੇ ਬਾਹਰ ਹੀ ਛੱਡ ਦਿੱਤੇ। ਚੋਰੀ ਦਾ ਪਤਾ ਲੱਗਣ ਪਿੱਛੋਂ ਪੁਲਸ ਪ੍ਰਸ਼ਾਸਨ ਵੀ ਪਿਛਲੇ ਕੁਝ ਦਿਨਾਂ ਤੋਂ ਚੋਰਾਂ ਦਾ ਪਿੱਛਾ ਕਰ ਰਿਹਾ ਸੀ, ਪਰੰਤੂ ਉਨ੍ਹਾਂ ਨੂੰ ਕੁਝ ਨਹੀਂ ਮਿਲਆ।

ਇਸ ਘਟਨਾ ਦੇ 23 ਦਿਨ ਬਾਅਦ ਵੀ ਜਦ ਚੋਰਾਂ ਦਾ ਪਤਾ ਨਹੀਂ ਲੱਗਾ ਤਾਂ ਪਿੰਡ ਦੇ ਲੋਕਾਂ ਅਤੇ ਸਥਾਨਕ ਬ੍ਰਾਹਮਣ ਸਮਾਜ ਨੇ ਰੋਸ ਪ੍ਰਗਟ ਕਰਦੇ ਹੋਏ ਤੇਲੰਗਾਨਾ ਦੇ ਮੁੱਖ ਮੰਤਰੀ ਤੋਂ ਇਸ ਦੀ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਸੀ। ਇਸਦਾ ਕੱਲ੍ਹ ਫੈਸਲਾ ਹੋਣਾ ਸੀ ਕਿ ਇਸ ਤੋਂ ਪਹਿਲਾਂ ਚੋਰਾਂ ਨੇ ਖੁਦ ਆਟੋ ਵਿੱਚ ਪਾਰਸਲ ਰੱਖ ਕੇ ਇਤਿਹਾਸਕ ਮੂਰਤੀ ਅਤੇ ਗਹਿਣੇ ਮੋੜ ਦਿੱਤੇ। ਚੋਰਾਂ ਨੇ ਪਾਰਸਲ ਜਿਸ ਆਟੋ ਰਾਹੀਂ ਭੇਜਿਆ ਸੀ, ਉਹ ਪੁਜਾਰੀ ਦੇ ਘਰ ਦੇ ਬਾਹਰ ਖੜ੍ਹਾ ਹੈ ਤੇ ਉਸ ਦਾ ਡਰਾਈਵਰ ਫਰਾਰ ਹੈ। ਨਿਜ਼ਾਮਾਬਾਦ ਪੁਲਸ ਸੀ ਸੀ ਟੀ ਵੀ ਫੁਟੇਜ ਦੇ ਜ਼ਰੀਏ ਇਹ ਪਤਾ ਲਾ ਰਹੀ ਹੈ ਕਿ ਆਟੋ ਦਾ ਡਰਾਈਵਰ ਕੌਣ ਹੈ ਅਤੇ ਕਿਸ ਨੇ ਇਸ ਪਾਰਸਲ ਨੂੰ ਆਟੋ ਵਿੱਚ ਰਖਵਾਇਆ। ਪਿੰਡ ਵਾਲੇ ਇਸ ਗੱਲ ਤੋਂ ਖੁਸ਼ ਹਨ ਕਿ ਉਨ੍ਹਾਂ ਨੂੰ ਰਾਮ ਜੀ ਦੀ ਮੂਰਤੀ ਅਤੇ ਗਹਿਣੇ ਸਹੀ-ਸਲਾਮਤ ਮਿਲ ਗਏ। ਲੋਕ ਇਸ ਬਾਰੇ ਚਰਚਾ ਕਰ ਰਹੇ ਹਨ ਜਾਂ ਚੋਰਾਂ ਨੂੰ ਸਦਬੁੱਧੀ ਆ ਗਈ ਹੋਵੇਗੀ ਜਾਂ ਉਨ੍ਹਾਂ ਨੂੰ ਸੀ ਬੀ ਆਈ ਜਾਂਚ ਦਾ ਖੌਫ ਸੀ, ਇਸ ਲਈ ਮੂਰਤੀਆਂ ਮੋੜੀਆਂ ਹੋਣਗੀਆਂ।




## ਸੇਂਟ ਸੋਲਜਰ ਗਰੁੱਪ ਦੇ ਪ੍ਰਿੰਸ ਚੋਪੜਾ ਦੀ ਗੱਡੀ ਉਤੇ ਪੈਟਰੋਲ ਛਿੜਕ ਦਿੱਤਾ

ਜਲੰਧਰ, 3 ਫਰਵਰੀ (ਪੋਸਟ ਬਿਊਰੋ)- ਕੱਲ੍ਹ ਦੁਪਹਿਰੇ ਗੁਰੂ ਨਾਨਕ ਮਿਸ਼ਨ ਚੌਕ ਨੇੜੇ ਇੱਕ ਨੌਜਵਾਨ ਨੇ ਸੇਂਟ ਸੋਲਜਰ ਗਰੁੱਪ ਦੇ ਮਾਲਕ ਅਨਿਲ ਚੋਪੜਾ ਦੇ ਬੇਟੇ ਪ੍ਰਿੰਸ ਚੋਪੜਾ ਦੀ ਕਾਰ ਉੱਤੇ ਪੈਟਰੋਲ ਦਾ ਹਮਲਾ ਕੀਤਾ। ਮੌਕੇ ਉੱਤੇ ਪੈਟਰੋਲ ਸੁੱਟਣ ਵਾਲੇ ਇੱਕ ਨੌਜਵਾਨ ਨੂੰ ਪ੍ਰਿੰਸ ਦੇ ਬਾਊਂਸਰ ਨੇ ਕਾਬੂ ਕਰ ਕੇ ਥਾਣਾ ਛੇ ਦੇ ਹਵਾਲੇ ਕਰ ਦਿੱਤਾ। ਫੜੇ ਗਏ ਨੌਜਵਾਨ ਨੇ ਕਿਹਾ ਕਿ ਮੇਰਾ ਨਾਂਅ ਰਿੰਕੂ ਹੈ, ਮੈਂ ਟਾਂਡਾ ਰੋਡ ਦਾ ਰਹਿਣ ਵਾਲਾ ਹਾਂ, ਮੈਨੂੰ ਵੱਡੇ ਭਰਾ ਬੱਲੂ ਨੇ ਭੇਜਿਆ ਹੈ। ਪੁਲਸ ਉਸ ਨੂੰ ਥਾਣੇ ਲੈ ਗਈ ਅਤੇ ਜਾਂਚ ਦੌਰਾਨ ਪਤਾ ਲੱਗਾ ਕਿ ਉਸ ਦੀ ਮਾਨਸਿਕ ਹਾਲਤ ਠੀਕ ਨਹੀਂ ਹੈ। ਪ੍ਰਿੰਸ ਨੇ ਦੱਸਿਆ ਕਿ ਉਹ ਗੁਰੂ ਨਾਨਕ ਮਿਸ਼ਨ ਚੌਕ ਤੋਂ ਕਿਸੇ ਕੰਮ ਲਈ ਲੰਘ ਰਹੇ ਸਨ ਕਿ ਰੈਡ ਲਾਈਟ ਉੱਤੇ ਰੁਕਣ ਦੇ ਬਾਅਦ ਇੱਕ ਨੌਜਵਾਨ ਐਕਟਿਵਾ ਉੱਤੇ ਆਇਆ ਅਤੇ ਕਾਰ ਉੱਤੇ ਪੈਟਰੋਲ ਸੁੱਟ ਕੇ ਭੱਜਣ ਲੱਗਾ। ਗੱਡੀ ਵਿੱਚ ਬੈਠੇ ਬਾਊਂਸਰ ਨੇ ਭੱਜਦੇ ਨੌਜਵਾਨ ਨੂੰ ਕਾਬੂ ਕਰ ਲਿਆ। ਥਾਣਾ ਛੇ ਦੇ ਇੰਚਾਰਜ ਨੇ ਦੱਸਿਆ ਕਿ ਕਾਬੂ ਕੀਤੇ ਨੌਜਵਾਨ ਦੀ ਮਾਨਸਿਕ ਹਾਲਤ ਠੀਕ ਨਹੀਂ, ਉਸ ਦੇ ਘਰਦਿਆਂ ਨੂੰ ਥਾਣੇ ਬੁਲਾਇਆ ਗਿਆ, ਜਿਸ ਦੇ ਬਾਅਦ ਉਕਤ ਲੋਕਾਂ ਨੇ ਉਸ ਦਾ ਮੈਡੀਕਲ ਸਰਟੀਫਿਕੇਟ ਅਤੇ ਉਸ ਦੀ ਦਵਾਈ ਦੀਆਂ ਪਰਚੀਆਂ ਵੀ ਥਾਣੇ ਵਿੱਚ ਪੇਸ਼ ਕੀਤੀਆਂ।




# ਫਤਹਿਜੰਗ ਸਿੰਘ ਬਾਜਵਾ ਦੇ ਰੋਡ ਸ਼ੋਅ ਦੌਰਾਨ ਭਾਜਪਾਈ ਆਪਸ ਵਿੱਚ ਲੜੇ

*** ਸੀਨੀਅਰ ਆਗੂ ਦੇ ਥੱਪੜ ਮਾਰਨ ਦਾ ਦੋਸ਼**

ਬਟਾਲਾ, 3 ਫਰਵਰੀ (ਪੋਸਟ ਬਿਊਰੋ)- ਹਲਕਾ ਬਟਾਲਾ ਤੋਂ ਭਾਜਪਾ ਉਮੀਦਵਾਰ ਫਤਹਿਜੰਗ ਸਿੰਘ ਬਾਜਵਾ ਦੇ ਰੋਡ ਸ਼ੋਅ ਦੌਰਾਨ ਕੱਲ੍ਹ ਪਾਰਟੀ ਦੇ ਦੋ ਧੜੇ ਆਪਸ ਵਿੱਚ ਖਹਿਬੜ ਪਏ। ਇਸ ਦੌਰਾਨ ਭਾਜਪਾ ਦੇ ਨਗਰ ਪਾਲਿਕਾ ਪ੍ਰਧਾਨ ਨਰੇਸ਼ ਮਹਾਜਨ ਤੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਭਾਟੀਆ ਦੇ ਸਮਰਥਕਾਂ ਨੇ ਇੱਕ ਦੂਸਰੇ ਖਿਲਾਫ ਭੱਦੀ ਸ਼ਬਦਾਵਲੀ ਵਰਤੀ ਅਤੇ ਸਥਾਨਕ ਭਾਜਪਾ ਆਗੂ ਦੇ ਲੜਕੇ ਨੇ ਪਾਰਟੀ ਦੇ ਇੱਕ ਸੀਨੀਅਰ ਆਗੂ ਦੇ ਥੱਪੜ ਮਾਰ ਦਿੱਤਾ। ਫਿਰ ਗੱਲ ਏਨੀ ਵਧ ਗਈ ਕਿ ਨਰੇਸ਼ ਮਹਾਜਨ ਤੇ ਰਾਕੇਸ਼ ਭਾਟੀਆ ਵੀ ਗੁੱਥਮ-ਗੁੱਥਾ ਹੋ ਗਏ।

ਜਾਣਕਾਰ ਸੂਤਰਾਂ ਅਨੁਸਾਰ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਦੋ ਦਿਨ ਪਹਿਲਾਂ ਦੋਵਾਂ ਧੜਿਆਂ ਦੀ ਸੁਲਾਹ ਕਰਾਉਣ ਆਏ ਸਨ, ਪਰ ਕੋਈ ਲਾਭ ਨਹੀਂ ਹੋਇਆ। ਇਸ ਖਹਿਬਾਜ਼ੀ ਦਾ ਨੁਕਸਾਨ ਬਾਜਵਾ ਨੂੰ ਚੋਣ ਨਤੀਜਿਆਂ ਵਿੱਚ ਭੁਗਤਣਾ ਪੈ ਸਕਦਾ ਹੈ। ਫਤਹਿਜੰਗ ਸਿੰਘ ਬਾਜਵਾ ਵੱਲੋਂ ਪੁਰਾਣੀ ਸਾਂਝ ਵਾਲੇ ਕਾਂਗਰਸੀ ਆਗੂ ਭਾਜਪਾ ਵਿੱਚ ਸ਼ਾਮਲ ਕੀਤੇ ਜਾਣ ਕਾਰਨ ਦੋਵੇਂ ਧੜੇ ਖਫਾ ਦੱਸੇ ਜਾਂਦੇ ਹਨ।ਭਾਜਪਾ ਦੇ ਇੱਕ ਸੂਬਾਈ ਆਗੂ ਅਨੁਸਾਰ ਹੋਰ ਰਾਜਸੀ ਧਿਰਾਂ ਵਾਂਗ ਬਟਾਲਾ ਵਿੱਚ ਭਾਜਪਾ ਦੇ ਵੀ ਦੋ ਧੜੇ ਆਪੋ-ਆਪਣੀ ਪੈਠ ਬਣਾਉਣਾ ਚਾਹੁੰਦੇ ਹਨ। ਕੱਲ੍ਹ ਰੋਡ ਸ਼ੋਅ ਮੌਕੇ ਦੋਵੇਂ ਧੜੇ ਇੱਕ-ਦੂਸਰੇ ਤੋਂ ਵੱਧ ਨੰਬਰ ਬਣਾਉਣ ਦੇ ਚੱਕਰ ਵਿੱਚ ਸਨ। ਭਾਜਪਾ ਆਗੂ ਨੇ ਆਪਣਾ ਨਾਂਅ ਨਾ ਛਾਪਣ ਦੀ ਸ਼ਰਤ ਉੱਤੇਕਿਹਾ ਕਿ ਫਤਹਿਜੰਗ ਸਿੰਘ ਬਾਜਵਾ ਆਪਣੇ ਪੁਰਾਣੇ ਕਾਂਗਰਸੀ ਸਾਥੀਆਂ ਨੂੰ ਭਾਜਪਾ ਵਿੱਚ ਸ਼ਾਮਲ ਕਰ ਰਿਹਾ ਹੈ, ਜੋ ਭਾਜਪਾ ਦੇ ਧੜਿਆਂ ਨੂੰ ਰਾਸ ਨਹੀਂ ਆ ਰਿਹਾ। ਵਰਨਣ ਯੋਗ ਹੈ ਕਿ ਬਾਜਵਾ ਨੂੰ ਟਿਕਟ ਮਿਲਣ ਕਰ ਕੇ ਪਹਿਲਾਂ ਹੀ ਦੋਵੇਂ ਧੜੇ ਨਾਰਾਜ਼ ਸਨ, ਜਿਸ ਕਰ ਕੇ ਬਾਜਵਾ ਨੇ ਵਾਰ-ਵਾਰ ਇਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਸੀ।

# ਨਵਜੋਤ ਸਿੰਘ ਸਿੱਧੂ ਨੂੰ ਦੋ ਹੋਰ ਝਟਕੇ: ਕਾਂਗਰਸ ਨੇ ਉਤਰਾਖੰਡ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚੋਂ ਸਿੱਧੂ ਨੂੰ ਕੱਢਿਆ, ਚੰਨੀ ਨੂੰ ਪਾਇਆ

ਚੰਡੀਗੜ੍ਹ, 3 ਫਰਵਰੀ, (ਪੋਸਟ ਬਿਊਰੋ)- ਪੰਜਾਬ ਵਿਚਮੁੱਖ ਮੰਤਰੀ ਦੇ ਚਿਹਰੇ ਬਾਰੇ ਖਿੱਚੋਤਾਣ ਦੇਵਿਚਾਲੇ ਕਾਂਗਰਸ ਪਾਰਟੀ ਨੇ ਪੰਜਾਬ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਕਰਾਰਾ ਝਟਕਾ ਦਿੱਤਾ ਅਤੇ ਉੱਤਰਾਖੰਡ ਵਿਧਾਨ ਸਭਾਲਈ ਚੋਣਾਂ ਵਿੱਚ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚੋਂ ਉਸ ਨੂੰ ਬਾਹਰ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਵਧੀਆ ਬੁਲਾਰਾ ਹੋਣ ਕਾਰਨ ਕਾਂਗਰਸ ਹਾਲੇ ਤਕ ਨਵਜੋਤ ਸਿੰਘ ਸਿੱਧੂ ਨੂੰ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਸ਼ਾਮਲ ਕਰਦੀ ਰਹੀ ਸੀ। ਮਹੱਤਵਪੂਰਨ ਗੱਲ ਇਹ ਹੈ ਕਿ ਕਾਂਗਰਸ ਨੇ ਇਸ ਸੂਚੀ ਵਿਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਸ਼ਾਮਲ ਕਰ ਲਿਆ ਹੈ, ਜਦੋਂ ਕਿ ਉਹ ਪੰਜਾਬ ਦੀਆਂ ਦੋ ਵਿਧਾਨ ਸਭਾ ਸੀਟਾਂ ਤੋਂ ਚੋਣ ਲੜ ਰਹੇ ਹਨ। ਉਤਰਾਖੰਡ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਪੰਜਾਬ ਦਾ ਸਿਰਫ਼ ਇੱਕਆਗੂ ਸ਼ਾਮਲ ਕੀਤਾ ਗਿਆ ਤੇ ਉਹ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਹਨ।ਉਨ੍ਹਾ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਸ਼ਾਮਲ ਹੋਣ ਨੂੰ ਇਸ ਵੇਲੇ ਵਿਧਾਨ ਸਭਾ ਚੋਣਾਂ ਵਿਚਮੁੱਖ ਮੰਤਰੀ ਦੇ ਚਿਹਰੇ ਨਾਲ ਜੋੜਿਆ ਜਾ ਰਿਹਾ ਹੈ।ਇੱਕ ਸੀਨੀਅਰ ਕਾਂਗਰਸ ਆਗੂਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਵਜੋਂ ਸਟਾਰ ਪ੍ਰਚਾਰਕਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਸੂਚੀ ਵਿੱਚ ਹਾਰਦਿਕ ਪਟੇਲ ਦਾ ਨਾਮ ਵੀ ਹੈ, ਜੋ ਗੁਜਰਾਤ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਹਨ।

ਕਾਂਗਰਸ ਨੇ ਹਮੇਸ਼ਾ 2017 ਵਿੱਚਆ-ਪਣੇਵਿੱਚਆਏ ਨਵਜੋਤ ਸਿੰਘ ਸਿੱਧੂ ਨੂੰ ਕਈ ਰਾਜਾਂ ਲਈ ਵਿਧਾਨ ਸਭਾ ਚੋਣਾਂ ਵਿਚ ਸਟਾਰ ਪ੍ਰਚਾਰਕ ਬਣਾਇਆ ਹੈ। ਉਹ ਇਸ ਵਕਤ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਖ਼ੁਦ ਨੂੰ ਪੰਜਾਬ ਦਾ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਲਈ ਪਾਰਟੀ ਉੱਤੇ ਲਗਾਤਾਰ ਦਬਾਅ ਬਣਾ ਰਹੇ ਹਨ ਅਤੇ ਜਨਤਕ ਮੰਚ ਤੋਂ ਪਾਰਟੀ ਕੋਲ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਦਾ ਜ਼ੋਰ ਦੇ ਰਹੇ ਹਨ।ਪਿੱਛੇ ਜਿਹੇ ਰਾਹੁਲ ਗਾਂਧੀ ਨੇ ਜਲੰਧਰ ਵਿੱਚ ਐਲਾਨ ਕੀਤਾ ਸੀ ਕਿ ਭਾਵੇਂ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਦੀ ਕਾਂਗਰਸਦੀ ਰਵਾਇਤ ਨਹੀਂ, ਪਰ ਉਹ ਛੇਤੀ ਹੀ ਮੁੱਖ ਮੰਤਰੀ ਦੇ ਚਿਹਰੇ ਦਾ ਐਲਾਨ ਕਰਨਗੇ।ਕਾਂਗਰਸ ਲਗਾਤਾਰ ਪੰਜਾਬ ਦੇ ਲੋਕਾਂ ਨੂੰ ਰਿਕਾਰਡਿਡ ਫ਼ੋਨ ਕਾਲਾਂ ਕਰਕੇ ਇਸ ਬਾਰੇ ਫੀਡਬੈਕ ਲੈ ਰਹੀ ਹੈ। ਇਸ ਦੇ ਨਾਲ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਦੋ ਸੀਟਾਂ ਚਮਕੌਰ ਸਾਹਿਬ ਅਤੇ ਭਦੌੜ ਤੋਂ ਉਮੀਦਵਾਰ ਬਣਾ ਕੇ ਪਾਰਟੀ ਨੇ ਉਨ੍ਹਾਂ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਦੇ ਸੰਕੇਤ ਦੇਦਿੱਤੇ ਹਨ। ਦੂਸਰੇ ਪਾਸੇ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦੇ ਜ਼ੋਰ ਫੜਨ ਮੌਕੇ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂਦੇ ਖਿਲਾਫ 34 ਸਾਲ ਪਹਿਲਾਂ ਰੋਡਰੇਜ (ਸੜਕ ਉੱਤੇ ਹਿੰਸਾ) ਦੌਰਾਨ ਗ਼ੈਰ-ਇਰਾਦਤਨ ਕਤਲ ਵਾਲਾ ਕੇਸ ਨਿਕਲ ਪਿਆ ਹੈ। ਇਸ ਕੇਸ ਵਿੱਚ ਸੁਪਰੀਮ ਕੋਰਟ ਨੇ 2018 ਵਿੱਚਸਿੱਧੂ ਨੂੰ ਸਿਰਫ ਇਕ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ। ਪੀੜਤ ਪੱਖ ਨੇ ਇਸਦੀ ਰੀਵਿਊ ਪਟੀਸ਼ਨ ਦਾਇਰ ਕੀਤੀ ਸੀ, ਜਿਸਦੀਸੁਣਵਾਈ ਸ਼ੁਰੂ ਹੋ ਗਈ ਹੈ ਅਤੇ ਇਸ ਨੂੰ ਵੇਖ ਕੇ ਅੱਜ ਬੁੱਧਵਾਰ ਨੂੰ ਨਵਜੋਤ ਸਿੰਘ ਸਿੱਧੂ ਅਚਾਨਕ ਪ੍ਰਚਾਰ ਵਿਚਾਲੇ ਛੱਡ ਕੇ ਕੱਟੜਾ ਵਿਚਲੇ ਮਾਤਾ ਵੈਸ਼ਨੋ ਦੇਵੀ ਦੇ ਦਰਬਾਰ ਪਹੁੰਚ ਗਏ ਤੇ ਮੱਥਾ ਟੇਕਿਆ। ਉਨ੍ਹਾਂ ਟਵੀਟ ਕਰ ਕੇ ਲਿਖਿਆ, 'ਮਾਂ ਨੂੰ ਪ੍ਰਾਰਥਨਾ ਕੀਤੀ ਹੈ ਕਿ ਉਹ ਦੁਸ਼ਟਾਂ ਦਾ ਨਾਸ਼ ਕਰੇ, ਪੰਜਾਬ ਦੀ ਭਲਾਈ ਕਰੇ ਅਤੇ ਧਰਮ ਦੀ ਸਥਾਪਨਾ ਕਰੇ।'

### * 34 ਸਾਲ ਪੁਰਾਣੇ ਰੋਡਰੇਜ ਕੇਸ ਵਿੱਚ ਸਜ਼ਾ ਉੱਤੇ ਸੁਣਵਾਈ ਸ਼ੁਰੂ



ਵਰਨਣ ਯੋਗ ਹੈ ਕਿ ਮਈ 2018 ਵਿੱਚ ਸੁਪਰੀਮ ਕੋਰਟ ਨੇ ਧਾਰਾ 323 (ਜਾਣਬੁੱਝ ਕੇ ਕਿਸੇ ਨੂੰ ਸੱਟ ਮਾਰਨਾ) ਦੇ ਕੇਸ ਵਿੱਚ ਨਵਜੋਤ ਸਿੰਘਸਿੱਧੂ ਨੂੰ ਦੋਸ਼ੀ ਮੰਨਿਆ, ਪਰ ਇਸ ਦੇ ਲਈ ਉਨ੍ਹਾਂ ਨੂੰ ਜੇਲ੍ਹ ਦੀ ਸਜ਼ਾ ਨਹੀਂ ਸੀ ਕੀਤੀ, ਇਕ ਹਜ਼ਾਰ ਰੁਪਏ ਜੁਰਮਾਨਾ ਲਾ ਕੇ ਬਰੀ ਕਰ ਦਿੱਤਾ ਸੀ। ਪੀੜਤ ਪਰਿਵਾਰ ਇਸ ਤੋਂ ਨਿਰਾਸ਼ ਸੀਤੇ ਉਨ੍ਹਾਂ ਨੇ ਸੁਪਰੀਮ ਕੋਰਟਨੂੰ ਸਜ਼ਾ ਵਧਾਉਣ ਲਈ ਰੀਵਿਊ ਪਟੀਸ਼ਨ ਦਾਇਰ ਕੀਤੀ ਸੀ। ਕਤਲ ਵਾਲੇ ਦਿਨ 27 ਦਸੰਬਰ 1988 ਨੂੰ ਨਵਜੋਤ ਸਿੰਘਸਿੱਧੂ ਪਟਿਆਲਾ ਵਿੱਚ ਕਾਰ ਵਿੱਚ ਜਾ ਰਹੇ ਸਨ ਤਾਂ ਗੁਰਨਾਮ ਸਿੰਘ ਨਾਂ ਦੇ ਬਜ਼ੁਰਗ ਨਾਲ ਟਕਰਾ ਗਏ ਸਨ। ਗੁੱਸੇ ਵਿੱਚ ਨਵਜੋਤ ਸਿੰਘਸਿੱਧੂ ਨੇ ਮੁੱਕਾ ਮਾਰ ਦਿੱਤਾ ਅਤੇ ਗੁਰਨਾਮ ਸਿੰਘ ਦੀ ਮੌਤ ਹੋ ਗਈ। ਪਟਿਆਲਾ ਪੁਲਿਸ ਨੇ ਨਵਜੋਤ ਸਿੰਘ ਸਿੱਧੂਅਤੇ ਉਨ੍ਹਾਂ ਦੇ ਦੋਸਤ ਰੁਪਿੰਦਰ ਸਿੰਘ ਉੱਤੇ ਗ਼ੈਰ-ਇਰਾਦਤਨ ਕਤਲ ਦਾ ਕੇਸ ਦਰਜ ਕੀਤਾ ਸੀ। ਹੇਠਲੀ ਅਦਾਲਤ ਨੇ ਨਵਜੋਤ ਸਿੰਘ ਸਿੱਧੂ ਨੂੰ ਸਬੂਤਾਂ ਦੀ ਘਾਟ ਵਿੱਚ 1999 ਵਿੱਚ ਬਰੀ ਕਰ ਦਿੱਤਾ ਤਾਂ ਪੀੜਤ ਪੱਖ ਪੰਜਾਬ ਤੇ ਹਰਿਆਣਾ ਹਾਈ ਕੋਰਟ ਪਹੁੰਚ ਗਿਆ ਸੀ। ਸਾਲ 2006 ਵਿੱਚ ਹਾਈ ਕੋਰਟ ਨੇ ਸਿੱਧੂ ਨੂੰ ਤਿੰਨ ਸਾਲਾਂ ਦੀ ਸਜ਼ਾ ਸੁਣਾਈ। ਇਸ ਨੂੰ ਸਿੱਧੂ ਨੇ ਸੁਪਰੀਮ ਕੋਰਟ ਵਿੱਚ ਚੁਣੌਤੀਦਿੱਤੀ ਸੀ। ਨਵਜੋਤ ਸਿੰਘ ਸਿੱਧੂ ਇਸ ਵਕਤ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਸੀਟ ਤੋਂ ਚੋਣ ਲੜ ਰਹੇ ਹਨ।ਸਾਲ 2006 ਵਿੱਚ ਜਦੋਂ ਹਾਈ ਕੋਰਟ ਨੇ ਨਵਜੋਤ ਸਿੰਘ ਸਿੱਧੂ ਨੂੰ ਤਿੰਨ ਸਾਲਾਂ ਦੀ ਸਜ਼ਾ ਸੁਣਾਈ ਸੀ, ਉਸ ਵਕਤ ਉਹ ਭਾਜਪਾਵੱਲੋਂ ਅੰਮ੍ਰਿਤਸਰ ਤੋਂ ਪਾਰਲੀਮੈਂਟ ਮੈਂਬਰ ਸਨ। ਉਨ੍ਹਾਂ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਉਨ੍ਹਾਂ ਨੂੰ ਦੁਬਾਰਾ ਚੋਣ ਲੜਨੀ ਪਈ ਤੇ ਉਹ ਮੁੜ ਕੇ ਜਿੱਤ ਗਏ ਸਨ।

# ਮਾਮੂਲੀ ਝਗੜੇ ਵਿੱਚ ਛੋਟੇ ਭਰਾ ਵੱਲੋਂ ਵੱਡੇ ਦਾ ਕਤਲ




ਜਗਰਾਓਂ, 3 ਫਰਵਰੀ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਹਲਵਾਰੇ ਵਿੱਚ ਦੋ ਭਰਾਵਾਂ ਵਿੱਚ ਬਹਿਸ ਦੇ ਬਾਅਦ ਝਗੜਾ ਇੰਨਾ ਵੱਧ ਗਿਆ ਕਿ ਛੋਟੇ ਭਰਾ ਨੇ ਇੱਟਾਂ ਮਾਰ ਕੇ ਵੱਡੇ ਭਰਾ ਦਾ ਕਤਲ ਕਰ ਦਿੱਤਾ। ਥਾਣਾ ਸੁਧਾਰ ਦੀ ਪੁਲਸ ਨੇ ਮ੍ਰਿਤਕ ਵੱਡੇ ਭਰਾ ਕਾਬਲ ਸਿੰਘ (27) ਦੀ ਲਾਸ਼ ਕਬਜ਼ੇ ਵਿੱਚ ਲੈ ਕੇ ਦੋਸ਼ੀ ਬਲਵਿੰਦਰ ਸਿੰਘ ਉੱਤੇ ਕਤਲ ਦਾ ਪਰਚਾ ਦਰਜ ਕਰ ਲਿਆ। ਪੁਲਸ ਨੇ ਉਸ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਰਣਜੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਚਾਚਾ ਲਖਬੀਰ ਸਿੰਘ ਦੇ ਦੋਵੇਂ ਬੇਟੇ ਲੇਬਰ ਦਾ ਕੰਮ ਕਰਦੇ ਹਨ। ਸੋਮਵਾਰ ਦੇਰ ਰਾਤ ਕੰਮ ਤੋਂ ਵਾਪਸ ਆਉਣ ਦੇ ਬਾਅਦ ਦੋਵੇਂ ਭਰਾ ਕਾਬਲ ਸਿੰਘ ਤੇ ਬਲਵਿੰਦਰ ਸਿੰਘ ਕਿਸੇ ਗੱਲ ਬਾਰੇ ਬਹਿਸ ਕਰ ਰਹੇ ਸਨ ਤਾਂ ਦੋਵਾਂ ਵਿੱਚ ਹੱਥੋਪਾਈ ਸ਼ੁਰੂ ਹੋ ਗਈ। ਕਾਬਲ ਸਿੰਘ ਘਰੋਂ ਬਾਹਰ ਗਲੀ ਦੇ ਮੋੜ ਉੱਤੇ ਜਾ ਕੇ ਖੜ੍ਹਾ ਹੋ ਗਿਆ। ਦੋਸ਼ੀ ਉਥੇ ਪਹੁੰਚ ਕੇ ਫਿਰ ਉਸ ਨਾਲ ਲੜਨ ਲੱਗਾ। ਬਲਵਿੰ-ਦਰ ਨੇ ਉਥੇ ਪਈ ਇੱਟ ਚੁੱਕ ਕੇ ਕਾਬਲ ਸਿੰਘ ਦੇ ਸਿਰ ਤੇ ਮੂੰਹ ਉੱਤੇ ਮਾਰਨੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਬੇਸੁਧ ਹੋ ਕੇ ਕਾਬਲ ਸਿੰਘ ਉਥੇ ਡਿੱਗ ਪਿਆ। ਚਾਚਾ ਲਖਬੀਰ ਮੌਕੇ ਉੱਤੇ ਪਹੁੰਚ ਕੇ ਕਾਬਲ ਸਿੰਘ ਨੂੰ ਚੁੱਕਣ ਲੱਗੇ, ਪਰ ਤਦ ਤਕ ਉਸ ਦੀ ਮੌਤ ਹੋ ਚੁੱਕੀ ਸੀ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਇੱਟ ਨੂੰ ਵੀ ਬਰਾਮਦ ਕਰ ਲਿਆ ਹੈ, ਜਿਸ ਨਾਲ ਦੋਸ਼ੀ ਨੇ ਕਤਲ ਕੀਤਾ ਸੀ।





## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769












## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)





## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013









## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜ਼ਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013









## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569567850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com








# ਫਿਲਮੀ ਦੁਨੀਆਂ

## ਅਕਸ਼ੈ ਵੱਲੋਂ 'ਰਾਮ ਸੇਤੂ' ਦੀ ਸ਼ੂਟਿੰਗ ਮੁਕੰਮਲ




ਅਭਿਨੇਤਾ ਅਕਸ਼ੈ ਕੁਮਾਰ ਨੇ ਦੱਸਿਆ ਕਿ ਉਸ ਦੀ ਅਗਲੀ ਐਕਸ਼ਨ ਫਿਲਮ 'ਰਾਮ ਸੇਤੂ' ਇਸ ਸਾਲ ਦੀਵਾਲੀ ਮੌਕੇ ਰਿਲੀਜ਼ ਕੀਤੀ ਜਾਵੇਗੀ। ਇਸ ਦਾ ਨਿਰਦੇਸ਼ਨ 'ਪਰਮਾਣੂ' ਅਤੇ 'ਤੇਰੇ ਬਿਨ ਲਾਦੇਨ' ਦੇ ਡਾਇਰੈਕਟਰ ਅਭਿਸ਼ੇਕ ਸ਼ਰਮਾ ਵੱਲੋਂ ਕੀਤਾ ਗਿਆ ਹੈ। ਫਿਲਮ ਵਿੱਚ ਅਕਸ਼ੈ ਕੁਮਾਰ ਨੇ ਇੱਕ ਪੁਰਾਤੱਤਵ ਵਿਗਿਆਨੀ ਦੀ ਭੂਮਿਕਾ ਨਿਭਾਈ ਹੈ।

ਅਕਸ਼ੈ ਕੁਮਾਰ ਨੇ ਆਪਣੇ ਟਵਿੱਟਰ ਅਕਾਊਂਟ ਉਤੇ ਫਿਲਮ ਦੀ ਸ਼ੂਟਿੰਗ ਖਤਮ ਹੋਣ ਮੌਕੇ ਦੀ ਇੱਕ ਵੀਡੀਓ ਸਾਂਝੀ ਕਰਦਿਆਂ ਇਹ ਜਾਣਕਾਰੀ ਦਿੱਤੀ ਹੈ। ਸਾਂਝੀ ਕੀਤੀ ਗਈ ਵੀਡੀਓ ਨਾਲ ਅਕਸ਼ੈ ਨੇ ਲਿਖਿਆ ਹੈ, ''ਇੱਕ ਹੋਰ ਕਮਾਲ ਦੇ ਪ੍ਰੋਜੈਕਟ 'ਰਾਮ ਸੇਤੂ' ਦੀ ਸ਼ੂਟਿੰਗ ਮੁਕੰਮਲ। ਮੈਂ ਇਸ ਫਿਲਮ ਦੇ ਨਿਰਮਾਣ ਦੌਰਾਨ ਬਹੁਤ ਕੁਝ ਸਿੱਖਿਆ ਹੈ। ਇਹ ਮੁੜ ਸਕੂਲ ਜਾਣ ਵਾਲਾ ਅਹਿਸਾਸ ਸੀ। ਅਸੀਂ ਬਹੁਤ ਮਿਹਨਤ ਕੀਤੀ ਹੈ ਤੇ ਸਾਨੂੰ ਸਭ ਨੂੰ ਤੁਹਾਡੇ ਪਿਆਰ ਦੀ ਲੋੜ ਹੈ।''

ਇਸ ਤੀਹ ਸਕਿੰਟ ਦੀ ਵੀਡੀਓ ਵਿੱਚ ਅਕਸ਼ੈ ਕੁਮਾਰ ਫਿਲਮ ਦੇ ਅਮਲੇ ਨਾਲ ਜਾਣ-ਪਛਾਣ ਕਰਾਉਂਦਾ ਅਤੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਦਿਖਾਈ ਦੇਂਦਾ ਹੈ, ਜਿਸ ਦੇ ਅਖੀਰ ਵਿੱਚ ਲਿਖਿਆ ਹੋਇਆ ਹੈ, 'ਮਿਲਦੇ ਹਾਂ ਸਿਨੇਮਾਘਰਾਂ ਵਿੱਚ, ਦੀਵਾਲੀ 2022 ਨੂੰ।' ਅਕਸ਼ੈ ਕੁਮਾਰ ਦੇ ਕੇਪ ਆਫ ਗੁੱਡ ਫਿਲਮਜ਼ਡ, ਅਬੰਦਾਂਤੀਆ ਇੰਟਰਟੇਨਮੈਂਟ, ਲਾਇਸਾ ਪ੍ਰੋਡਕਸ਼ਨਜ਼ ਅਤੇ ਐਮਾਜ਼ੋਨ ਪ੍ਰਾਈਮ ਵੀਡੀਓ ਵੱਲੋਂ ਬਣਾਈ ਗਈ ਇਸ ਫਿਲਮ ਦੀ ਸ਼ੂਟਿੰਗ ਮਾਰਚ 2019 ਵਿੱਚ ਅਦਾਕਾਰ ਤੇ ਫਿਲਮ ਦੇ ਅਮਲੇ ਦੇ ਕੋਰੋਨਾ ਪਾਜ਼ੇਟਿਵ ਆਉਣ ਕਾਰਨ ਰੁਕ ਗਈ ਸੀ।

## 'ਗਨਸ ਆਫ ਗੁਲਾਬਸ' ਵਿੱਚ ਹੋਣਗੇ ਰਾਜਕੁਮਾਰ ਰਾਓ



ਡਾਇਰੈਕਟਰ ਜੋੜੀ ਰਾਜ ਨਿਦੀਮੋਰੂ ਅਤੇ ਕ੍ਰਿਸ਼ਨਾ ਡੀ ਕੇ (ਰਾਜ ਐਂਡ ਡੀ ਕੇ) ਨੇ ਹਾਲ ਹੀ ਵਿੱਚ ਅਭਿਨੇਤਾ ਰਾਜ ਕੁਮਾਰ ਰਾਓ ਦੇ ਨਾਲ ਇੰਟਰਨੈਟ ਮੀਡੀਆ ਉਤੇ ਤਸਵੀਰ ਸਾਂਝੀ ਕਰ ਕੇ ਆਪਣੇ ਨਵੇਂ ਪ੍ਰੋਜੈਕਟ ਦਾ ਐਲਾਨ ਕੀਤਾ ਸੀ। ਤਦ ਤੋਂ ਵੈੱਬ ਸੀਰੀਜ਼ 'ਦ ਫੈਮਿਲੀ ਮੈਨ' ਅਤੇ ਫਿਲਮ 'ਗੋ ਗੋਆ ਗਾਨ' ਫੇਮ ਡਾਇਰੈਕਟਰ ਰਾਜ ਐਂਡ ਡੀ ਕੇ ਦੇ ਇਸ ਪ੍ਰੋਜੈਕਟ ਬਾਰੇ ਤਰ੍ਹਾਂ-ਤਰ੍ਹਾਂ ਦੇ ਕਿਆਸ ਲਾਏ ਜਾ ਰਹੇ ਸਨ। ਇਸ ਬਾਰੇ ਰਾਜ ਐਂਡ ਡੀ ਕੇ ਨੇ ਅਧਿਕਾਰਕ ਐਲਾਨ ਕਰ ਦਿੱਤਾ ਹੈ। ਇਹ ਪ੍ਰੋਜੈਕਟ ਵੈਬ ਸੀਰੀਜ਼ 'ਗਨਸ ਐਂਰ ਗੁਲਾਬਸ' ਹੈ। ਨੈਟਫਲਿਕਸ ਲਈ ਬਣ ਰਹੇ ਇਸ ਸ਼ੋਅ ਵਿੱਚ ਰਾਜ ਕੁਮਾਰ ਦੇ ਨਾਲ ਦੱਖਣ ਭਾਰਤੀ ਅਭਿਨੇਤਾ ਦੁਲਕਰ ਸਲਮਾਨ ਅਤੇ ਫਿਲਮ 'ਦ ਵ੍ਹਾਈਟ ਟਾਈਗਰ' ਫੇਮ ਅਭਿਨੇਤਾ ਆਦਰਸ਼ ਗੌਰਵ ਵੀ ਅਹਿਮ ਭੂਮਿਕਾਵਾਂ ਵਿੱਚ ਹੋਣਗੇ। ਇਹ ਸ਼ੋਅ ਅਪਰਾਧ ਦੀ ਦੁਨੀਆ ਵਿੱਚ ਪਿਆਰ ਅਤੇ ਮਾਸੂਮੀਅਤ ਦੀ ਕਹਾਣੀ ਹੈ। ਸ਼ੋਅ ਦੇ ਬਾਰੇ ਵਿੱਚ ਜਾਰੀ ਸਾਂਝੇ ਬਿਆਨ ਵਿੱਚ ਰਾਜ ਐਂਡ ਡੀ ਕੇ ਨੇ ਕਿਹਾ, ''ਨੈੱਟਫਲਿਕਸ ਦੇ ਲਈ ਆਪਣੇ ਪਹਿਲੇ ਸ਼ੋਅ 'ਗਨਸ ਆਫ ਗੁਲਾਬਸ' ਨੂੰ ਅਸੀਂ ਵੱਡੇ ਪੱਧਰ 'ਤੇ ਲੈ ਕੇ ਆ ਰਹੇ ਹਾਂ। ਦੇਸ਼ ਦੇ ਬਿਹਤਰੀਨ ਕਲਾਕਾਰ ਅਤੇ ਕਰੂਅ ਮੈਂਬਰਾਂ ਦੇ ਨਾਲ ਕੰਮ ਕਰਨ ਨੂੰ ਲੈ ਕੇ ਅਸੀਂ ਕਾਫੀ ਉਤਸ਼ਾਹਤ ਹਾਂ।''

## 'ਫੁਕਰੇ 3' ਦੀ ਸ਼ੂਟਿੰਗ ਫਰਵਰੀ ਵਿੱਚ ਸ਼ੁਰੂ ਹੋਵੇਗੀ : ਰਿਚਾ ਚੱਢਾ



ਅਭਿਨੇਤਰੀ ਰਿਚਾ ਚੱਢਾ ਨੇ ਦੱਸਿਆ ਕਿ ਕਾਮੇਡੀ ਫਿਲਮ 'ਫੁਕਰੇ' ਦੇ ਤੀਜੇ ਭਾਗ ਦੀ ਸ਼ੂਟਿੰਗ ਜਲਦੀ ਸ਼ੁਰੂ ਕਰ ਦਿੱਤੀ ਜਾਵੇਗੀ, ਜੋ ਕੋਰੋਨਾ ਮਹਾਮਾਰੀ ਕਾਰਨ ਪਿਛਲੇ ਸਾਲ ਰੋਕ ਦਿੱਤੀ ਗਈ ਸੀ। ਫਿਲਮ ਦੀ ਸ਼ੂਟਿੰਗ ਫਰਵਰੀ ਵਿੱਚ ਵੱਖ-ਵੱਖ ਸ਼ਹਿਰਾਂ ਵਿੱਚ ਕੀਤੀ ਜਾਵੇਗੀ। ਰਿਚਾ ਚੱਢਾ ਨੇ ਕਿਹਾ ਕਿ ਉਸ ਨੇ ਸ਼ੂਟਿੰਗ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਮ੍ਰਿਗਦੀਪ ਸਿੰਘ ਲਾਂਬਾ ਦੇ ਨਿਰਦੇਸ਼ਨ ਵਿੱਚ ਬਣ ਰਹੀ ਅਤੇ ਦਿੱਲੀ ਆਧਾਰਤ ਇਸ ਕਮੇਡੀ ਫਿਲਮ ਦੀ ਸ਼ੂਟਿੰਗ ਪਿਛਲੇ ਸਾਲ ਅਪ੍ਰੈਲ ਵਿੱਚ ਰੋਕੀ ਸੀ, ਕਿਉਂਕਿ ਇਸ ਵਿੱਚ ਲੋਕਾਂ ਦੀ ਭੀੜ ਦੇ ਦ੍ਰਿਸ ਵੀ ਫਿਲਮਾਏ ਜਾਣੇ ਸਨ।

ਰਿਚਾ ਨੇ ਕਿਹਾ, ''ਅਸੀਂ 'ਫੁਕਰੇ 3' ਫਿਲਮ ਦੀ ਸ਼ੂਟਿੰਗ ਅਗਲੇ ਮਹੀਨੇ ਸ਼ੁਰੂ ਕਰਾਂਗੇ, ਮੇਰੇ ਫਿਲਮ ਵਿੱਚ ਪਾਉਣ ਵਾਲੇ ਪਹਿਰਾਵੇ ਵੀ ਚੁਣ ਲਏ ਹਨ, ਮੈਂ ਘੋੜਸਵਾਰੀ ਵੀ ਸਿੱਖ ਰਹੀ ਹਾਂ ਅਤੇ ਮੈਂ ਇਸ ਫਿਲਮ ਲਈ ਬਹੁਤ ਉਤਸ਼ਾਹਤ ਤੇ ਉਤਸੁਕ ਹਾਂ।'' ਇਸ ਫਿਲਮ ਵਿੱਚ ਰਿਚਾ ਨੂੰ ਸਥਾਨਕ ਗੈਂਗਸਟਰ ਭੋਲੀ ਪੰਜਾਬਣ ਦੇ ਰੂਪ ਵਿੱਚ ਦਿਖਾਇਆ ਗਿਆ ਹੈ ਅਤੇ ਇਹ ਫਿਲਮ ਚਾਰ ਦੋਸਤਾਂ ਦੀ ਕਹਾਣੀ ਦੀ ਹੈ, ਜੋ ਕਿਰਦਾਰ ਉਸ ਦੇ ਅਸਲ ਜੀਵਨ ਸਾਥੀ ਅਲੀ ਫਜ਼ਲ ਤੋਂ ਇਲਾਵਾ ਪੁਲਕਿਤ ਸਮਰਾਟ, ਵਰੁਣ ਸ਼ਰਮਾ ਅਤੇ ਮਨਜੋਤ ਸਿੰਘ ਨੇ ਨਿਭਾਏ ਹਨ।

## ਟਰੋਲ ਕਰਨ ਵਾਲਿਆਂ ਉੱਤੇ ਗੁੱਸਾ ਕਰਨ ਦੀ ਬਜਾਏ ਖੁਦ ਨੂੰ ਬਿਹਤਰ ਬਣਾਉਂਦੀ ਹਾਂ : ਅਨੰਨਿਆ ਪਾਂਡੇ



ਪ੍ਰੇਮ ਰਿਲੇਸ਼ਨਸ਼ਿਪ ਉੱਤੇ ਕੇਂਦਰਿਤ ਫਿਲਮ 'ਗਹਿਰਾਈਆਂ' ਵਿੱਚ ਨਜ਼ਰ ਆਏਗੀ ਅਨੰਨਿਆ ਪਾਂਡੇ। ਫਿਲਮ ਅਮੇਜ਼ਨ ਪ੍ਰਾਈਮ ਵੀਡੀਓ ਉੱਤੇ ਰਿਲੀਜ਼ ਹੋਵੇਗੀ। ਪੇਸ਼ ਹਨ ਅੰਨਿਆ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਫਿਲਮ 'ਗਹਿਰਾਈਆਂ' ਵਿੱਚ ਤੁਹਾਡੀ ਕਾਸਟਿੰਗ ਕਿਵੇਂ ਹੋਈ?

- ਸ਼ਕੁਨ ਬੱਤਰਾ ਮੇਰੇ ਲਈ ਡਰੀਮ ਡਾਇਰੈਕਟਰ ਸਨ। ਮੈਂ ਹਮੇਸ਼ਾ ਤੋਂ ਉਨ੍ਹਾਂ ਦੇ ਨਾਲ ਕੰਮ ਕਰਨਾ ਚਾਹੁੰਦੀ ਸੀ। ਜਦ ਮੈਨੂੰ ਪਤਾ ਲੱਗਾ ਕਿ ਇਸ ਫਿਲਮ ਦੀ ਕਾਸਟਿੰਗ ਹੋ ਰਹੀ ਹੈ ਤਾਂ ਮੈਂ ਬਹੁਤ ਐਕਸਾਈਟਿਡ ਸੀ ਕਿ ਉਹ 'ਕਪੂਰ ਐਂਡ ਸੰਸ' ਦੇ ਬਾਅਦ ਕੀ ਬਣਾਉਣ ਵਾਲੇ ਹਨ। ਉਨ੍ਹਾਂ ਦੀ ਇਹ ਫਿਲਮ ਮੇਰੀਆਂ ਫੇਵਰੇਟ ਫਿਲਮਾਂ ਵਿੱਚੋਂ ਇੱਕ ਸੀ। ਚੰਗੀ ਗੱਲ ਇਹ ਸੀ ਕਿ ਸ਼ਕੁਨ ਦੀ ਕੋ-ਰਾਈਟਰ ਮੇਰੀ ਹੇਅਰ ਸਟਾਈਲਿਸਟ ਹੈ ਤਾਂ ਉਨ੍ਹਾਂ ਨੇ ਮੈਨੂੰ ਇਸ ਕਹਾਣੀ ਦੇ ਬਾਰੇ ਦੱਸਿਆ, ਪਰ ਨਾਲ ਉਨ੍ਹਾਂ ਇਹ ਵੀ ਕਿਹਾ ਕਿ ਇਸ ਕਹਾਣੀ ਲਈ ਤੁਸੀਂ ਅਜੇ ਥੋੜ੍ਹੇ ਯੰਗ ਹੋ। ਮੈਂ ਉਨ੍ਹਾਂ ਦੇ ਪਿੱਛੇ ਪੈ ਗਈ ਕਿ ਮੈਂ ਸ਼ਕੁਨ ਨਾਲ ਮਿਲਣਾ ਹੈ। ਇਸ ਦੇ ਬਾਅਦ ਮੇਰੀ ਅਤੇ ਉਨ੍ਹਾਂ ਦੀ ਮੁਲਾਕਾਤ ਹੋਈ। ਮੇਰੇ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਲੱਗਾ ਕਿ ਮੈਂ ਟੀਆ ਦੇ ਕਿਰਦਾਰ ਨਾਲ ਕਾਫੀ ਮਿਲਦੀ ਹਾਂ। ਇਸ ਲਈ ਮੈਨੂੰ ਕਾਸਟ ਕਰ ਲਿਆ ਗਿਆ।

* ਜਦ ਤੁਹਾਨੂੰ ਇਹ ਰੋਲ ਮਿਲਿਆ ਤਾਂ ਤੁਹਾਡਾ ਪਹਿਲਾ ਰਿਐਕਸ਼ਨ ਕੀ ਸੀ?

- ਮੇਰਾ ਪਹਿਲਾ ਰਿਐਕਸ਼ਨ ਇਹ ਸੀ ਕਿ ਮੈਂ ਜਾ ਕੇ ਬਾਥਰੂਮ ਵਿੱਚ ਛਿਪ ਗਈ। ਮੈਂ ਬਹੁਤ ਸ਼ਾਕਡ ਸੀ ਕਿ ਆਖਰਕਾਰ ਨਾਲ ਮੈਨੂੰ ਸ਼ਕੁਨ ਬੱਤਰਾ ਨਾਲ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ। ਦਰਅਸਲ ਮੈਨੂੰ ਇਸ ਫਿਲਮ ਦੀ ਸਕ੍ਰਿਪਟ ਵੀ ਬੇਹੱਦ ਪਸੰਦ ਆਈ ਅਤੇ ਇਸ ਦਾ ਖਾਸ ਗੱਲ ਇਹ ਸੀ ਕਿ ਇਸ ਦੇ ਸਾਰੇ ਕਿਰਦਾਰ ਇਕਦਮ ਰੀਅਲ ਹਨ। ਨਾ ਕੋਈ ਪੂਰੀ ਤਰ੍ਹਾਂ ਬੁਰਾ ਹੈ ਅਤੇ ਨਾ ਕੋਈ ਪੂਰੀ ਤਰ੍ਹਾਂ ਚੰਗਾ। ਇਹ ਵੀ ਮੈਨੂੰ ਬਹੁਤ ਖਾਸ ਲੱਗਾ ਤੇ ਇਸ ਲਈ ਮੇਰੇ ਲਈ ਇਹ ਫਿਲਮ ਕਰਨਾ ਬਹੁਤ ਜ਼ਰੂਰੀ ਸੀ।

* ਮਹਾਮਾਰੀ ਦੇ ਖਤਰੇ ਦੌਰਾਨ ਤੁਸੀਂ ਗੋਆ ਵਿੱਚ ਇਸ ਦੀ ਸ਼ੂਟਿੰਗ ਕਰ ਰਹੇ ਸੀ। ਓਦੋਂ ਕਿਹੋ ਜਿਹਾ ਮਾਹੌਲ ਸੀ?

- ਵਾਕਈ ਅਸੀਂ ਖੁਸ਼ਕਿਸਮਤ ਸੀ ਕਿ ਸਾਨੂੰ ਮਹਾਮਾਰੀ ਦੇ ਦਿਨਾਂ ਵਿੱਚ ਵੀ ਕੰਮ ਕਰਨ ਦਾ ਮੌਕਾ ਮਿਲਿਆ। ਸਾਡੇ ਲਈ ਸੁਰੱਖਿਆ ਸਭ ਤੋਂ ਜ਼ਰੂਰੀ ਸੀ। ਅਸੀਂ ਦੋ ਮਹੀਨਿਆਂ ਲਈ ਗੋਆ ਵਿੱਚ ਸੀ। ਕਿਸੇ ਨੂੰ ਉਥੋਂ ਜਾਣ-ਆਉਣ ਤੇ ਬਾਹਰਲੇ ਲੋਕਾਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਸੀ। ਸਾਡੇ ਵਿੱਚ ਬਹੁਤ ਸਾਰੀਆਂ ਗੱਲਾਂ ਹੋਈਆਂ, ਅਸੀਂ ਇਕੱਠੇ ਵਰਕਸ਼ਾਪ ਕੀਤੀ। ਸਾਰੇ ਕਲਾਕਾਰਾਂ ਵਿੱਚ ਇੱਕ ਬਾਂਡ ਬਣ ਗਿਆ ਸੀ।

* ਕਦੇ ਪਬਲਿਕ ਜਾਂ ਟ੍ਰੋਲਰਸ ਉੱਤੇ ਗੁੱਸਾ ਆਇਆ ਜਾਂ ਖੁਦ ਨੂੰ ਪਰੂਵ ਕਰਨ ਦਾ ਖਿਆਲ ਆਇਆ?

- ਕਈ ਤਰ੍ਹਾਂ ਦੇ ਇਮੋਸ਼ਨ ਆਏ, ਪਰ ਕਦੇ ਗੁੱਸਾ ਨਹੀਂ ਆਇਆ। ਹਮੇਸ਼ਾ ਤੋਂ ਮੈਨੂੰ ਜੋ ਵੀ ਫੀਡਬੈਕ ਮਿਲਦਾ ਆਇਆ ਹੈ, ਮੈਂ ਸਭ ਨੂੰ ਸੁਣਿਆ ਅਤੇ ਖੁਦ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਸੁਣਦੀ ਸਭ ਹਾਂ ਅਤੇ ਜੋ ਠੀਕ ਲੱਗਦਾ ਹੈ, ਉਸ ਨੂੰ ਅਪਲਾਈ ਕਰਦੀ ਹਾਂ।

* ਦੀਪਿਕਾ ਪਾਦੁਕੋਣ, ਨਸੀਰੂਦੀਨ ਸ਼ਾਹ ਦੋਵੇਂ ਸੀਨੀਅਰ ਐਕਟਰ ਹਨ। ਉਨ੍ਹਾਂ ਤੋਂ ਕੀ ਸਿੱਖਿਆ?

-ਦੀਪਿਕਾ ਬਹੁਤ ਨਿਮਰ ਹਨ। ਸੈੱਟ ਉੱਤੇ ਪਾਜ਼ੀਟਿਵ ਵਾਈਬਸ ਲੈ ਕੇ ਆਉਂਦੀ ਹੈ। ਉਨ੍ਹਾਂ ਦੀਆਂ ਗੱਲਾਂ ਤੋਂ ਪਿਆਰ ਝਲਕਦਾ ਹੈ। ਮੈਂ ਉਨ੍ਹਾਂ ਤੋਂ ਇਹ ਚੀਜ਼ਾਂ ਸਿੱਖੀਆਂ ਹਨ ਕਿ ਇੱਕ ਮੁਕਾਮ ਤੱਕ ਪਹੁੰਚਣ ਦੇ ਬਾਅਦ ਕਿਵੇਂ ਦੂਸਰਿਆਂ ਨੂੰ ਕੰਫਰਟੇਬਲ ਕਰਾਉਣਾ ਜ਼ਰੂਰੀ ਹੈ। ਨਸੀਰ ਸਰ ਦੇ ਨਾਲ ਇੱਕੋ ਦਿਨ ਸ਼ੂਟਿੰਗ ਕੀਤੀ ਹੈ। ਮੈਂ ਉਨ੍ਹਾਂ ਨੂੰ ਦੂਰੋਂ ਦੇਖ ਰਹੀ ਸੀ। ਕਾਫੀ ਨਰਵਸ ਸੀ। ਸ਼ਕੁਨ ਮੈਨੂੰ ਖਿੱਚ ਕੇ ਉਨ੍ਹਾਂ ਨੂੰ ਮਿਲਾਉਣ ਲਈ ਲੈ ਗਏ ਸਨ।

* ਆਪਣੀ ਅਗਲੀ ਤੇਲਗੂ ਅਤੇ ਹਿੰਦੀ ਫਿਲਮ 'ਲਾਈਗਰ' ਦੇ ਨਾਲ ਤੁਸੀਂ ਪੈਨ ਇੰਡੀਆ ਸਿਤਾਰਿਆਂ ਦੀ ਲਿਸਟ ਵਿੱਚ ਸ਼ਾਮਲ ਹੋ ਜਾਓਗੇ। ਕੀ ਇਸ ਨੂੰ ਲੈ ਕੇ ਨਰਵਸ ਹੋ?

- ਇੱਕ ਦਬਾਅ ਜਿਹਾ ਮਹਿਸੂਸ ਕਰ ਰਹੀ ਹਾਂ। ਇਸ ਦੇ ਜ਼ਰੀਏ ਮੈਂ ਚਾਰ ਅਲੱਗ-ਅਲੱਗ ਇੰਡਸਟਰੀਜ਼ ਵਿੱਚ ਕਦਮ ਰੱਖਾਂਗੀ, ਇਸ ਪੱਖੋਂ ਨਰਵਸ ਹਾਂ, ਪਰ ਇਹ ਮਜ਼ੇਦਾਰ ਫਿਲਮ ਹੋਵੇਗੀ। ਦੱਖਣ ਭਾਰਤੀ ਤੇ ਹਿੰਦੀ ਫਿਲਮਾਂ ਵਿੱਚ ਫਰਕ ਗਾਇਬ ਹੁੰਦਾ ਜਾਂਦਾ ਹੈ। ਇਹ ਭਾਰਤੀ ਫਿਲਮ ਇੰਡਸਟਰੀ ਬਣ ਗਈ ਹੈ। ਅਸੀਂ ਰੀਜ਼ਨਲ ਤੇ ਦੁਨਿਆ ਭਰ ਦਾ ਸਿਨੇਮਾ ਦੇਖ ਰਹੇ ਹਾਂ। ਹਿੰਦੀ ਫਿਲਮ ਇੰਡਸਟਰੀ ਜਦ ਵੀ ਓਰੀਜ਼ਨਲ, ਨਵੀਆਂ ਅਤੇ ਨਿਡਰ ਕਹਾਣੀਆਂ ਲੈ ਕੇ ਆਏਗੀ ਤਾਂ ਦੱਖਣ ਭਾਰਤੀ ਫਿਲਮਾਂ ਵਾਂਗ ਉਹ ਵੀ ਹਮੇਸ਼ਾ ਪਸੰਦ ਕੀਤੀਆਂ ਜਾਣਗੀਆਂ। ਆਸ ਕਰਦੀ ਹਾਂ ਕਿ ਇੱਥੋਂ ਦੀਆਂ ਫਿਲਮਾਂ ਨੂੰ ਵੀ ਦੱਖਣ ਭਾਰਤੀ ਦਰਸ਼ਕਾਂ ਦੇ ਲਈ ਡਬ ਕੀਤਾ ਜਾਏਗਾ।

* ਜਦ ਵੀ ਨੈਪੋਟਿਜ਼ਮ ਦੀ ਬਹਿਸ ਛਿੜਦੀ ਹੈ ਤਾਂ ਤੁਹਾਡੀ ਪ੍ਰਤੀਕਿਰਿਆ ਅਤੇ ਸੋਚ ਕੀ ਹੁੰਦੀ ਹੈ?

- ਮੈਨੂੰ ਲੱਗਦਾ ਹੈ ਕਿ ਨੈਪੋਟਿਜ਼ਮ ਇੱਕ ਬਹੁਤ ਵੱਡਾ ਬਹਿਸ ਦਾ ਮੁੱਦਾ ਹੈ ਅਤੇ ਮੇਰੇ ਕੁਝ ਬੋਲਣ ਨਾਲ ਇਸ ਉੱਤੇ ਬਹਿਸ ਹੋਣੀ ਬੰਦ ਨਹੀ ਹੋਵੇਗੀ। ਇਹ ਹਮੇਸ਼ਾ ਚੱਲਦਾ ਰਹੇਗਾ। ਬਤੌਰ ਇਨਸਾਨ ਮੈਂ ਸੋਚਦੀ ਹਾਂ ਅਤੇ ਉਨ੍ਹਾਂ ਦੇ ਬਾਰੇ ਸਵਾਲ ਵੀ ਕਰਦੀ ਹਾਂ, ਪਰ ਅਖੀਰ ਮੈਂ ਇਹੀ ਸੋਚਦੀ ਹਾਂ ਕਿ ਅਭਿਨੇਤਰੀ ਬਣਨਾ ਹਮੇਸ਼ਾ ਤੋਂ ਮੇਰਾ ਸੁਫਨਾ ਸੀ ਅਤੇ ਮੇਰਾ ਮਕਸਦ ਸਿਰਫ ਆਪਣੇ ਕੰਮ ਨਾਲ ਪਬਲਿਕ ਦਾ ਪਿਆਰ ਹਾਸਲ ਕਰਨਾ ਹੈ।

# ਕੀ ਤੁਸੀਂ ਕਰਜ਼ੇ ਵਿੱਚ ਹੋ?

## ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION

FREE ONLINE PROGRAM

JVS TORONTO

## Job Search Workshop for Newcomers



### Looking for information on how to enter your field in Canada?

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**
- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

New registrants must have an assessment prior to the start of the program.

Open to permanent residents, convention refugees or live-in caregivers – internationally trained professionals who are able to work and can communicate in English.

Your First Steps to Employment in Canada

**Now accepting applications.**
For more info and to register, contact JSW@jvstoronto.org
www.jvstoronto.org

Funded by: Immigration, Refugees and Citizenship Canada · Financé par : Immigration, Réfugiés et Citoyenneté Canada · United Way Greater Toronto · UJA Federation of Greater Toronto

## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866
31 Melanie Dr. Unit #4 Brampton, ON L6T 5H8



SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS-JAFINE

# HELP WANTED

## ਕਾਮਿਆਂ ਦੀ ਲੋੜ

### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

**Afternoon and Midnight Shifts Available.**

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



Other Realtors only Promise
But JAG AUJLA SOLD YOUR HOME WITH GUARANTEE

Advertisement GUARANTEED Till SOLD


# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON



BRAND NEW HOUSE FOR SALE ON ASSIGNMENT (IN CALEDON)
ਕੈਨੇਡੀ / ਦੂੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



Queen St / West Drive $514,905
12 laurelcrest St. 411
Queen St./West Drive
ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਓਰਿਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

BRAMPTON



Sold, $1,280,000
$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



24 Youngstar Tr
Hwy 50/Cottrelle
2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



Sold, $ 1,130,000
34 Winterfold Dr
CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।



Sold, $ 2.3 M
Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777




Learn more about the COVID-19 vaccine for children 5 to 11 years old at:
peelregion.ca/coronavirus/vaccine-children

Region of Peel
working with you




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017